# ਬਾਰਹਮਾਹਾ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

**(ਪੁਸਤਕ 'ਹੋਵੈ ਅਨੰਦ ਘਣਾ' ਵਿਚ ਬਾਰਹਮਾਹਾ ਅਤੇ 'ਚੇਤਿ' ਮਹੀਨੇ ਪ੍ਰਤੀ ਪ੍ਰਾਪਤ ਮਹਾਂਪੁਰਸ਼ਾਂ ਦੇ ਉਪਦੇਸ਼)**

ਅਸਾਡੇ ਦੇਸ਼ ਵਿਚ ਚੰਦ੍ਰਮਾ ਨਾਲ ਸਬੰਧ ਰਖਦਾ ਦੇਸੀ ਸਾਲ ਚੇਤ ਦੇ ਮਹੀਨੇ ਵਿਚ ਸ਼ੁਰੂ ਹੁੰਦਾ ਹੈ। ਭਾਰਤੀ ਸੰਸਕ੍ਰਿਤੀ ਅਨਸੁਾਰ ਅਸਾਡੇ ਬਜ਼ੁਰਗ, ਜਿਨ੍ਹਾਂ ਨੇ ਆਪਣੇ ਜੀਵਨ, ਅੰਦਰਲੀ ਖੋਜ ਵਿਚ ਲਾ ਦਿਤੇ ਜਿਨ੍ਹਾਂ ਨੂੰ ਰਿਸ਼ੀ-ਮੁਨੀ ਸਾਧੂ ਸੰਤ ਕਹਿ ਕੇ ਸਤਿਕਾਰਿਆ ਜਾਂਦਾ ਸੀ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਸਾਰੀਆਂ ਹੀ ਸ਼ਕਤੀਆਂ, ਪਉਣ-ਪਾਣੀ, ਬੈਸੰਤਰ, ਧਰਤੀ, ਚੰਦ, ਸੂਰਜ ਸਾਰੇ ਗ੍ਰਹਿ ਸਜੀਵ ਰੂਪ ਵਿਚ ਪ੍ਰਤੀਤ ਦਿੰਦੇ ਸਨ ਜਿਨ੍ਹਾਂ ਨੂੰ ਵੱਖਰੇ-ਵੱਖਰੇ ਤੱਤਾਂ ਦੇ ਅਧਿਸ਼ਠਾਨ ਦੇਵਤੇ ਦੇ ਨਾਮ ਨਾਲ ਪੁਕਾਰਿਆ ਜਾਂਦਾ ਸੀ। ਉਨ੍ਹਾਂ ਗ੍ਰੈਹਾਂ ਦੀ ਵੀ ਖੋਜ ਕੀਤੀ, ਉਨ੍ਹਾਂ ਦਾ ਸਬੰਧ ਜੀਵ ਦੇ ਨਿਤ ਲੰਘ ਰਹੇ ਜੀਵਨ ਦੇ ਨਾਲ ਜੋੜਿਆ, ਉਨ੍ਹਾਂ ਗ੍ਰੈਹਾਂ, ਨਛੱਤਰਾਂ ਦੇ ਅਸਰ ਮਨੁੱਖਾਂ ਉਤੇ ਪੈਂਦਿਆਂ ਨੂੰ ਪਰਖਿਆ, ਬੇਅੰਤ ਤਜਰਬੇ ਕੀਤੇ ਅਤੇ ਜੋਤਿਸ਼ ਵਿਦਿਆ, ਕਖੋਲ ਵਿਦਿਆ ਨੇ ਜਨਮ ਲਿਆ। ਭਾਰਤ ਵਰਸ਼ ਵਿਚ ਸਮੇਂ ਦੀ ਵੰਡ ਅਨੁਸਾਰ ਦੋ ਮਹੀਨਿਆਂ ਦੇ ਸਮੇਂ ਗਿਣ ਕੇ ਰੁਤਾਂ ਸਥਾਪਿਤ ਕੀਤੀਆਂ। ਇਨ੍ਹਾਂ ਨਾਲ ਸਬੰਧਿਤ ਦਿਨ ਬਣਾਏ, ਉਨ੍ਹਾਂ ਦਿਨਾਂ ਦਾ ਅਸਰ ਮਨੁੱਖ ਜੀਵਨ ਨਾਲ ਸਬੰਧਿਤ ਕੀਤਾ ਅਤੇ ਭਲੇ ਬੁਰੇ ਸ਼ਗਨਾਂ ਦਾ ਅਸਰ ਭਾਂਪ ਕੇ ਆਦਮੀ ਦੇ ਜੀਵਨ ਨਾਲ ਸਬੰਧਿਤ ਕੀਤਾ। ਇਸ ਤਰ੍ਹਾਂ ਇਕ ਸਧਾਰਨ ਆਦਮੀ ਵਾਤਾਵਰਣ ਦੇ ਕਿੰਨਾ ਅਧੀਨ ਹੈ, ਇਹ ਵੀ ਜਾਂਚ ਪਰਖ ਕੀਤੀ ਜਿਸ ਦੇ ਅਧਾਰ ਉਪਰ ਹਰ ਇਕ ਮਨੁੱਖ ਦੀ ਜਨਮ ਪਤਰੀ ਬਣਾਈ। ਇਹ ਇਕ ਵਿਦਿਆ ਸੀ ਜਿਸਨੂੰ 14 ਵਿਦਿਆਵਾਂ ਵਿਚ ਗਿਣਿਆਂ ਜਾਂਦਾ ਸੀ, ਗ੍ਰੈਹਾਂ ਤੋਂ ਬਚਣ ਲਈ ਧਾਤਾਂ ਤੇ ਪੱਥਰਾਂ, ਹੀਰੇ ਜਵਾਹਰਾਤ, ਪਦਮ, ਲਸਣ ਵਗੈਰਾ ਦੀ ਖੋਜ ਕਰਕੇ ਉਨ੍ਹਾਂ ਨੂੰ bad conductor ਕਰਕੇ ਥਾਪਿਆ। ਇਹ ਧਾਤਾਂ ਤੇ ਪੱਥਰ ਗ੍ਰੈਹਾਂ ਦੇ ਬੁਰੇ ਅਸਰ ਨੂੰ ਖਤਮ ਕਰਦੀਆਂ ਸਨ। ਇਸੇ ਤਰ੍ਹਾਂ ਨਾਲ ਜੀਵਨ ਦੀ ਚਾਲ ਹਰ ਬੰਦੇ ਨੂੰ ਡਰ ਪੈਦਾ ਕਰ ਰਹੀ ਸੀ। ਉਹ ਨਹੀਂ ਜਾਣਦਾ ਸੀ ਕਲ੍ਹ ਨੂੰ ਕੀ ਹੋ ਜਾਣਾ ਹੈ। ਕਿਹੜੇ ਗ੍ਰਹਿ ਦਾ ਅਸਰ ਮੇਰੇ ਉਤੇ ਚਲ ਰਿਹਾ ਹੈ। ਜਿਸ ਤਰ੍ਹਾਂ ਨਾਲ ਮੈਡੀਕਲ ਸਾਇੰਸ ਨੂੰ ਪਤਾ ਹੈ ਕਿ ਆਦਮੀ ਦੀ ਬਿਰਤੀ ਇਕ ਰਸ ਕਿਉਂ ਨਹੀਂ ਰਹਿੰਦੀ, ਕਦੇ ਇਸਦਾ ਨਾੜੀ ਪ੍ਰਬੰਧ ਪੂਰੀ ਤਰ੍ਹਾਂ ਕੰਮ ਕਰਦਾ ਹੈ, ਨਚਦਾ ਹੈ, ਟਪਦਾ ਹੈ, ਖੁਸ਼ੀਆਂ ਮਨਾਉਂਦਾ ਹੈ, ਬਹੁਤ ਉਤਸ਼ਾਹ ਨਾਲ ਜੀਵਨ ਬਤੀਤ ਕਰਦਾ ਹੈ ਤੇ ਜਦੋਂ ਲਗਾਤਾਰ ਚਿੰਤਾ ਨਾਲ ਨਾੜੀ ਪ੍ਰਬੰਧ ਕਮਜ਼ੋਰ ਹੋ ਜਾਵੇ ਤਾਂ ਆਦਮੀ ਦੀ ਸੋਚ ਵਿਚ ਫਰਕ ਆ ਜਾਂਦਾ ਹੈ ਅਤੇ ਆਦਮੀ ਦਾ ਸੁਭਾਅ ਚਿੜਚਿੜਾ ਹੋ ਜਾਂਦਾ ਹੈ। ਉਸਨੂੰ ਕੋਈ ਚੰਗਾ ਨਹੀਂ ਲਗਦਾ, ਕਿਤੇ ਜਾਣ ਨੂੰ ਉਸਦਾ ਜੀਅ ਨਹੀਂ ਕਰਦਾ, ਕਿਸੇ ਨਾਲ ਬੋਲਣ ਨੂੰ ਜੀਅ ਨਹੀਂ ਕਰਦਾ। ਅੰਦਰੋਂ ਆਪ-ਮੁਹਾਰੇ ਉਭੇ ਸਾਹ, ਲੰਬੇ ਹਉਕੇ ਆਉਂਦੇ ਹਨ। ਉਸਦੇ ਚਿਹਰੇ ਤੇ ਉਦਾਸੀ ਦੇ ਚਿੰਨ ਨਜ਼ਰ ਆਉਣ ਲਗ ਜਾਂਦੇ ਹਨ। ਸਿਆਣੇ ਡਾਕਟਰ ਦਵਾਈ ਦਿੰਦੇ ਹਨ, ਵਾਤਾਵਰਨ ਬਦਲਣ ਲਈ ਸਲਾਹ ਦਿੰਦੇ ਹਨ। ਤੀਰਥਾਂ, ਪਹਾੜਾਂ ਜਾਂ ਸਾਧੂਆਂ ਸੰਤਾਂ ਦੇ ਦਰਸ਼ਨ ਕਰਨ ਦੀ ਸਲਾਹ ਦਿੰਦੇ ਹਨ, ਉਨ੍ਹਾਂ ਰਿਸ਼ਤੇਦਾਰਾਂ ਨਾਲ ਜਿਨ੍ਹਾਂ ਦੇ ਮਿਲਣ ਤੇ ਖੁਸ਼ੀਆਂ ਮਿਲਣ, ਉਨ੍ਹਾਂ ਨਾਲ ਮਿਲਣ-ਜੁਲਣ ਦੀ ਸਲਾਹ ਦਿੰਦੇ ਹਨ। ਰੁਝੇਵੇਂ ਭਰਿਆ ਜੀਵਨ ਗੁਜ਼ਾਰਨ ਲਈ ਆਖਦੇ ਹਨ ਅਤੇ ਦਵਾਈ ਦੇ ਕੇ ਕੁਝ ਚਿਰ ਵਿਚ ਹੀ ਉਸਨੂੰ ਰਾਜ਼ੀ ਕਰ ਦਿੰਦੇ ਹਨ। ਇਸੇ ਤਰ੍ਹਾਂ ਨਾਲ ਅਸਾਡੇ ਪੁਰਾਣੇ ਬਜ਼ੁਰਗਾਂ ਨੇ, ਜਿਹੜੇ ਦਿਨ ਰਾਤ ਜੰਗਲਾਂ ਵਿਚ ਬੈਠ ਕੇ ਅੰਦਰਲੇ ਅਤੇ ਪ੍ਰਕ੍ਰਿਤੀ ਦੇ ਅਸਰਾਂ ਦੀ ਖੋਜ ਵਿਚ ਲੱਗੇ ਰਹਿੰਦੇ ਸਨ, ਉਨ੍ਹਾਂ ਦੇ ਮਤ ਅਨੁਸਾਰ ਇਹ ਵੀ ਜਾਣਿਆਂ ਜਾਂਦਾ ਸੀ ਕਿ ਜਦੋਂ ਮਹੀਨਾ ਚੜ੍ਹਦਾ ਹੈ, ਸੂਰਜ ਆਪਣੀ ਚਾਲ ਬਦਲਦਾ ਹੈ, ਚੰਦਰਮਾ ਆਪਣੀ ਨਵੀਂ ਚਾਲ ਦਾ ਮਾਰਗ ਅਪਣਾਉਂਦਾ ਹੈ ਤਾਂ ਉਸ ਦਿਨ ਜੋ ਮਹੀਨਾ ਸ਼ੁਰੂ ਹੁੰਦਾ ਹੈ ਉਹ ਕਿਸੇ ਮਹਾਂਪੁਰਸ਼ ਦੇ ਮੁਖ ਤੋਂ ਸੁਣਿਆ ਜਾਵੇ, ਉਸ ਮਹਾਂਪੁਰਸ਼ ਦੇ ਮੁਖ ਤੋਂ ਮਹੀਨੇ ਦਾ ਨਾਉਂ ਸੁਣ ਕੇ ਨਿਸ਼ਚੇਪੂਰਵਕ ਇਹ ਸਮਝ ਜਾਂਦਾ ਸੀ ਕਿ ਮੇਰੇ ਜੋ ਆਉਣ ਵਾਲੇ ਮਹੀਨੇ ਵਿਚ ਵਿਘਨ ਹਨ ਉਨ੍ਹਾਂ ਦੇ ਅਸਰ ਬਹੁਤ ਹੀ ਘਟ ਕੇ ਵਰਤਣੇ ਹਨ ਅਤੇ ਮਹੀਨਾ ਸੁਖ-ਸਾਂਦ ਨਾਲ ਲੰਘ ਜਾਵੇਗਾ। ਗੁਰਮਤਿ ਅਨੁਸਾਰ ਇਨ੍ਹਾਂ ਗ੍ਰੈਹਾਂ, ਦਿਨਾਂ, ਵਾਰਾਂ ਦੇ ਅਸਰਾਂ ਦੇ ਮੁਕਾਬਲੇ ਵਿਚ ਗੁਰੂ ਮਹਾਰਾਜ ਜੀ ਨੇ ਨਾਮ ਸ਼ਕਤੀ ਨਾਲ ਜੁੜਨ ਦਾ ਸਾਧਨ ਦਸਿਆ। ਨਾਮ ਨੂੰ ਹਿਰਦੇ ਵਿਚ ਵਸਾਉਣਾ ਅਤੇ ਗੁਰੂ ਦਾ ਸਰੂਪ ਹਿਰਦੇ ਵਿਚ ਧਾਰਨ ਕਰਨਾ, ਵਾਹਿਗੁਰੂ ਜੀ ਦੀ ਪ੍ਰੀਪੂਰਨਤਾ ਨਾਲ ਸਦਾ ਹੀ ਜੁੜੇ ਰਹਿਣਾ, ਉਹ ਇਕ ਕਵੱਚ ਦਸਿਆ ਜੋ ਕਿਲੇ ਦਾ ਕੰਮ ਕਰਦਾ ਹੈ, ਸੰਜੋਅ ਬਣਦਾ ਹੈ। ਨਾਮ ਜਪਣ ਵਾਲੇ ਉਪਰ ਕੋਈ ਵਿਘਨ ਹਾਵੀ ਨਹੀਂ ਹੁੰਦਾ ਜਿਵੇਂ ਕਿ ਫੁਰਮਾਨ ਹੈ -

***ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥   ਪੰਨਾ - 262***

ਅਤੇ ਇਸ ਦੇ ਮੁਕਾਬਲੇ ਵਿਚ ਜੋ ਨਾਮ ਸ਼ਕਤੀ ਨਾਲ ਜੁੜ ਨਹੀਂ ਸਕਦਾ, ਜਿਨ੍ਹਾਂ ਦੇ ਅੰਦਰ ਨਾਮ ਧੁਨ ਅਜੇ ਸੁਣਨ ਨਹੀਂ ਲੱਗੀ, ਜੋ ਵਾਹਿਗੁਰੂ ਜੀ ਦੀ ਹੋਂਦ ਤੋਂ ਅਚੇਤ ਹਨ, ਜਿਨ੍ਹਾਂ ਨੇ ਕੋਈ ਗੁਰੂ ਨਹੀਂ ਧਾਰਨ ਕਰਿਆ ਅਤੇ

ਗੁਰੂ ਤੋਂ ਮੰਤਰ ਲੈ ਕੇ ਉਸ ਦਾ ਜਾਪ ਨਹੀਂ ਕਰਦੇ ਅਤੇ ਨਾਮ ਦੀ ਪਰੀਪੂਰਨਤਾ ਉਤੇ ਵਿਸ਼ਵਾਸ਼ ਨਹੀਂ ਰਖਦੇ, ਉਨ੍ਹਾਂ ਨੂੰ ਦਿਨ, ਵਾਰ, ਮਹੀਨੇ, ਗ੍ਰਹਿ ਆਪਣਾ ਅਸਰ ਹਰ ਹਾਲਤ ਵਿਚ ਦਿਖਾਉਂਦੇ ਹਨ। ਉਹ ਜਤਨ ਕਰਦਾ ਹੈ ਪਰ ਵਿਘਨਾਂ ਦਾ ਉਭਾਰ ਉਸਦੀ ਪੇਸ਼ ਨਹੀਂ ਜਾਣ ਦਿੰਦਾ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ –

***ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥***
***ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ॥***
***ਪੰਨਾ – 524***

ਇਸ ਤਰ੍ਹਾਂ ਭੁੱਲਣ ਨਾਲ ਵਿਘਨ ਬਿਆਪ ਜਾਂਦੇ ਹਨ। ਜਦੋਂ ਵਾਹਿਗੁਰੂ ਜੀ ਦਾ ਨਾਮ ਹਿਰਦੇ ਵਿਚ ਵਸ ਜਾਵੇ ਤਾਂ ਗੁਰੂ ਮਹਾਰਾਜ ਫੁਰਮਾਉਂਦੇ ਹਨ –

***ਰਾਮੁ ਜਪਹੁ ਵਡਭਾਗੀਹੋ ਜਲਿ ਥਲਿ ਪੂਰਨੁ ਸੋਇ॥***
***ਨਾਨਕ ਨਾਮਿ ਧਿਆਇਐ ਬਿਘਨੁ ਨ ਲਾਗੈ ਕੋਇ॥***
***ਪੰਨਾ – 524***

ਸ਼ੋਕ ਦੇ ਪਰਛਾਵੇਂ ਦੂਰ ਹੋ ਜਾਂਦੇ ਹਨ। ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ, ਸੁਖ, ਸਹਿਜ ਤੇ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ, ਇਥੋਂ ਤਕ ਕਿ ਨਾਮ ਜਪਣ ਦੇ ਨਾਲ ਜੰਮਣਾ ਤੇ ਮਰਨਾ ਖਤਮ ਹੋ ਜਾਂਦਾ ਹੈ। ਵਾਹਿਗੁਰੂ ਜੀ ਵਿਚ, ਨਾਮ ਵਿਚ ਵਾਸਾ ਹੋ ਜਾਂਦਾ ਹੈ ਜਿਸ ਬਾਰੇ ਫੁਰਮਾਨ ਹੈ –

***ਸਿਮਰਿ ਸਿਮਰਿ ਦਾਤਾਰੁ ਮਨੋਰਥ ਪੂਰਿਆ॥***
***ਇਛ ਪੁੰਨੀ ਮਨਿ ਆਸ ਗਏ ਵਿਸੂਰਿਆ॥***
***ਪਾਇਆ ਨਾਮੁ ਨਿਧਾਨੁ ਜਿਸ ਨੋ ਭਾਲਦਾ॥***
***ਜੋਤਿ ਮਿਲੀ ਸੰਗਿ ਜੋਤਿ ਰਹਿਆ ਘਾਲਦਾ॥***
***ਸੂਖ ਸਹਜ ਆਨੰਦ ਵੁਠੇ ਤਿਤੁ ਘਰਿ॥***
***ਆਵਣ ਜਾਣ ਰਹੇ ਜਨਮੁ ਨ ਤਹਾ ਮਰਿ॥***
***ਸਾਹਿਬੁ ਸੇਵਕੁ ਇਕੁ ਇਕੁ ਦ੍ਰਿਸਟਾਇਆ॥***
***ਗੁਰ ਪ੍ਰਸਾਦਿ ਨਾਨਕ ਸਚਿ ਸਮਾਇਆ॥ ਪੰਨਾ – 524***

ਸੋ ਗੁਰਮਤਿ ਸਿਧਾਂਤ ਦੇ ਮੁਤਾਬਿਕ ਗ੍ਰਹਿ, ਵਾਰ, ਥਿਤਾਂ ਉਸ ਜੀਵਨ ਉਪਰ ਆਪਣਾ ਅਸਰ ਕਰਦੀਆਂ ਹਨ ਜਿਹੜੇ ਪ੍ਰਮੇਸ਼ਰ ਦੇ ਨਾਮ ਨਾਲੋਂ ਟੁੱਟੇ ਹੋਏ ਹਨ। ਜਿਸ ਦੇ ਹਿਰਦੇ ਵਿਚ ਨਾਮ ਵਸ ਗਿਆ ਉਸ ਨੂੰ ਜੋ ਬਰਕਤਾਂ ਪ੍ਰਾਪਤ ਹੁੰਦੀਆਂ ਹਨ ਉਹਦੇ ਬਾਰੇ ਸੁਖਮਨੀ ਸਾਹਿਬ ਦੀ ਪਹਿਲੀ ਅਸ਼ਟਪਦੀ ਵਿਚ ਖੋਲ੍ਹ ਕੇ ਵਰਣਨ ਕੀਤਾ ਗਿਆ ਹੈ। ਉਸ ਅਸ਼ਟਪਦੀ ਨੂੰ ਵਿਚਾਰਨ ਦੀ ਖੇਚਲ ਕਰੋ। ਅਸੀਂ ਇਸ ਥਾਂ ਜੋਤਸ਼ ਵਿਦਿਆ ਨੂੰ ਗਲਤ ਨਹੀਂ ਆਖਦੇ। ਉਹ ਇਕ ਵਿਦਿਆ ਹੈ, ਹਿਸਾਬ ਹੈ ਜੋ ਕਿਸੇ ਸਮੇਂ ਪੂਰੀ ਤਰ੍ਹਾਂ ਨਾਲ ਖੋਜੀ ਦੇ ਹਿਰਦੇ ਵਿਚ ਗਿਆਤ ਰਖਦੀ ਸੀ ਪਰ ਸਮੇਂ ਦੇ ਫੇਰ ਨਾਲ ਉਹ ਵਿਦਿਆ ਦੀ ਸੂਝ ਵੀ ਅਧੂਰੀ ਹੋ ਗਈ, ਉਸਨੂੰ ਵੀ computer ਕਰ ਦਿਤਾ ਗਿਆ ਅਤੇ ਛਪੇ ਛਪਾਏ ਪਰਚੇ ਜੋਤਸ਼ੀ ਲੋਕ computer ਦਾ ਬਟਨ ਦੱਬ ਕੇ ਹੱਥ ਵਿਚ ਫੜਾ ਦਿੰਦੇ ਹਨ। ਇਥੇ ਅਸਾਡੇ ਸਾਮ੍ਹਣੇ ਮਸਲਾ ਇਹ ਨਹੀਂ ਹੈ ਕਿ ਅਸੀਂ ਜੋਤਸ਼ ਵਿਦਿਆ ਉਤੇ ਕੋਈ ਕਿੰਤੂ ਕਰੀਏ ਜਾਂ ਉਸ ਦਾ ਸਮਰੱਥਨ ਕਰੀਏ। ਗੁਰਮਤਿ ਦਾ ਜੋ ਸਿਧਾਂਤ ਹੈ ਉਹ ਇਹ ਹੈ ਕਿ ਨਾਮ ਜਪਣ ਵਾਲੇ ਨੂੰ ਵਿਘਨਾਂ ਤੋਂ ਛੁਟਕਾਰਾ ਮਿਲਦਾ ਹੈ ਅਤੇ ਉਸਦੀਆਂ ਮਨ ਦੀਆਂ ਸ਼ੁਧ ਵਾਸ਼ਨਾਵਾਂ ਪੂਰੀਆਂ ਹੁੰਦੀਆਂ ਹਨ –

***ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥***
***ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ॥***
***ਪੰਨਾ – 262***

ਨਾਮ ਜਪਣ ਵਾਲਾ ਨਾਮ ਦੇ ਆਸਰੇ ਆਪਣੀ ਕਿਸਮਤ ਬਦਲ ਲੈਂਦਾ ਹੈ ਅਤੇ ਜਿਸ ਚੀਜ਼ ਨੂੰ ਉਹ ਪ੍ਰਭੂ ਤੋਂ ਮੰਗਦਾ ਹੈ ਉਹ ਉਸਨੂੰ ਪ੍ਰਾਪਤ ਹੋ ਜਾਂਦੀ ਹੈ ਕਿਉਂਕਿ ਗੁਪਤ ਸ਼ਕਤੀਆਂ ਉਸਦੀ ਆਗਿਆ ਵਿਚ ਚਲ ਕੇ ਆਪਣਾ ਭਲਾ ਮਨਾਉਂਦੀਆਂ ਹਨ ਜਿਸ ਤਰ੍ਹਾਂ ਕਿ –

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਪੰਨਾ – 649***

ਅਤੇ

***ਜੋ ਮਾਗਹਿ ਸੋਈ ਸੋਈ ਪਾਵਹਿ***
***ਸੇਵਿ ਹਰਿ ਕੇ ਚਰਣ ਰਸਾਇਣ॥ ਪੰਨਾ – 714***

ਸੋ ਅਸਾਡਾ ਜਿਥੇ ਤਕ ਸਬੰਧ ਹੈ ਅਸੀਂ ਵਿਸ਼ਵਾਸ਼ ਰਖਦੇ ਹਾਂ ਕਿ ਨਾਮ ਜਪਣ ਦੇ ਨਾਲ ਅਸਾਡੇ ਜੀਵਨ ਦੀ ਚਾਲ ਸੁਖਾਲੀ ਚਲਦੀ ਰਹੇਗੀ। ਗ੍ਰੈਹਾਂ ਦਾ ਡਰ ਅਸਾਨੂੰ ਨਹੀਂ ਸਤਾਵੇਗਾ ਅਤੇ ਨਾ ਹੀ ਅਸਾਡੇ ਉਪਰ ਅਸਰ ਕਰੇਗਾ। ਅਸਾਨੂੰ ਗੁਰੂ ਮਹਾਰਾਜ ਜੀ ਨੇ ਅਨੇਕ ਕਿਸਮ ਦੇ ਗ੍ਰਹਿ–ਦਾਨਾਂ, ਬ੍ਰਤਾਂ, ਵਾਰਨਿਆਂ, ਟੂਣਿਆਂ–ਜਾਦੂਆਂ ਤੋਂ ਛੁਟਕਾਰਾ ਦਿਵਾ ਦਿਤਾ। ਅਸਾਡੇ ਵਾਸਤੇ ਮਹੀਨੇ ਦਾ ਨਾਮ ਕਿਸੇ ਪਵਿੱਤਰ ਵਿਅਕਤੀ ਤੋਂ ਸੁਣਨਾ ਜਾਂ ਨਾ ਸੁਣਨਾ ਕੋਈ ਬਹੁਤ ਅਸਰਦਾਇਕ ਨਹੀਂ ਹੈ ਕਿਉਂਕਿ ਗੁਰਸਿੱਖ ਦੇ ਹਿਰਦੇ ਵਿਚ ਸਦਾ ਹੀ ਵਾਹਿਗੁਰੂ ਜੀ ਦੀ ਪਵਿੱਤਰ ਹਸਤੀ ਦਾ ਨਿਵਾਸ ਰਹਿੰਦਾ ਹੈ, ਉਹ ਸਤਿ ਚਿਤ ਸ਼ਕਤੀ ਆਪਣੇ ਪਿਆਰੇ ਦੇ ਚਾਰੇ ਪਾਸੇ ਰਾਮ ਕਾਰ ਖਿਚ ਕੇ ਰਖਦੀ ਹੈ। ਉਸਨੂੰ ਕੋਈ ਤੱਤੀ ਹਵਾ ਦਾ ਝੋਲਾ, ਦੁਖ ਨਹੀਂ ਦੇ ਸਕਦਾ –

***ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥***
***ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥***
***ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ॥***
***ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ॥***
***ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ॥***
***ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ॥***
***ਪੰਨਾ – 819***

ਗੁਰੂ ਦਸ਼ਮੇਸ਼ ਪਿਤਾ ਜੀ ਗੁਰੂ ਨਾਲ ਜੁੜੇ ਹੋਏ ਜਗਿਆਸੂ ਉਪਰ ਗੁਰੂ ਦੀ ਕ੍ਰਿਪਾ ਦਾ ਵੇਰਵਾ ਦਿੰਦੇ ਹੋਏ ਫੁਰਮਾਨ ਕਰਦੇ ਹਨ –

*ਰੋਗਨ ਤੇ ਅਰ ਸੋਗਨ ਤੇ*
*ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸਤ੍ਰ ਅਨੇਕ ਚਲਾਵਤ ਘਾਵ,*
*ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰ ਦੈ ਕਰ,*
*ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੌਂ*
*ਸੁ ਪੇਟ ਹੀ ਕੇ ਪਟ ਬੀਚ ਬਚਾਵੈ॥ (ਅਕਾਲ ਉਸਤਤਿ)*

ਗੁਰੂ ਸ਼ਕਤੀ, ਵਾਹਿਗੁਰੂ ਸ਼ਕਤੀ ਜੋ ਇਕੋ ਰੂਪ ਹਨ, ਜਿਨ੍ਹਾਂ ਦੇ ਦੁਆਲੇ ਇਨ੍ਹਾਂ ਸ਼ਕਤੀਆਂ ਦੀ ਕਾਰ ਹੋ ਜਾਂਦੀ ਹੈ ਉਹ ਵਿਘਨਾਂ ਤੋਂ ਰਹਿਤ ਹੋ ਜਾਇਆ ਕਰਦੇ ਹਨ। ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਬਾਰਾਮਾਂਹ ਦਾ ਉਚਾਰਨ ਇਸ ਕਰਕੇ ਨਹੀਂ ਕੀਤਾ ਕਿ ਮਹੀਨੇ ਦਾ ਨਾਮ ਕੋਈ ਭਲਾ ਪੁਰਸ਼ ਸੰਗਤ ਨੂੰ ਸੁਣਾਵੇ, ਇਸ ਦੇ ਵਿਪਰੀਤ ਬਾਰਾਮਾਂਹ ਇਕ ਗੂੜ੍ਹ ਫਿਲਾਸਫੀ ਹੈ, ਇਕ ਜੀਵ ਦੀ ਪ੍ਰੇਮ ਪਦ ਤਕ ਪਹੁੰਚਣ ਦੀ ਤਾਂਘ ਹੈ। ਜਗਿਆਸੂਆਂ ਲਈ ਗਾਡੀ ਰਾਹ ਮਾਰਗ ਹੈ, ਜਿਸਨੂੰ ਸਨੇ-ਸਨੇ ਹਰ ਮਹੀਨੇ ਵਿਚਾਰਦੇ ਹੋਏ, ਅਸੀਂ ਆਖਰੀ ਮਹੀਨੇ ਵਿਚ ਸੱਜਣ ਪ੍ਰਭੂ ਨੂੰ ਪਾ ਲੈਣਾ ਹੈ-

*ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥*
*ਪੰਨਾ - 136*

ਨਾਮ-ਮਾਰਗ ਰਾਹੀਂ ਮਹਾਨ ਬਰਕਤਾਂ ਭਰੇ ਮਿਲਾਪ ਵਿਚ ਪਹੁੰਚ ਕੇ ਦੋ ਤੋਂ ਇਕ ਰੂਪ ਹੋ ਸਕਦੇ ਹਾਂ। ਸੋ ਬਾਰਾਮਾਂਹ ਦੀ ਵਿਚਾਰ ਮਹੀਨੇ ਵਾਰੀ ਸੁਣਨੀ, ਫੇਰ ਮਹੀਨਾ ਭਰ ਅੰਤਰੰਗ ਸੰਗਤ ਕਰਨੀ, ਹੌਲੀ-ਹੌਲੀ ਅਮੋੜ ਮਨ ਨੂੰ ਨਾਮ ਵਿਚ ਲਾ ਕੇ ਬੈਰਾਗ ਰਾਹੀਂ ਪ੍ਰਭੂ ਦੇ ਪਿਆਰ ਵਿਚ ਜੋੜਨਾ ਅਤੇ ਪ੍ਰਭੂ ਮਿਲਾਪ ਵਿਚ ਪੁਜ ਕੇ ਦ੍ਵੈ ਤੋਂ ਇਕ ਰੂਪ ਵਿਚ ਹੋ ਜਾਣਾ, ਇਹ ਉਦੇਸ਼ ਹੈ - ਬਾਰਾਮਾਂਹ ਦਾ।

ਸੋ ਆਪ 12 ਮਹੀਨਿਆਂ ਦੇ ਨਾਲ ਪਹਿਲਾਂ ਵੀ ਗੁਰ ਸ਼ਬਦ ਰਾਹੀਂ ਮੰਤਵ ਪ੍ਰਗਟ ਕਰਦੇ ਹਨ ਅਤੇ ਬਾਰਾਂ ਮਹੀਨਿਆਂ ਦੇ ਉਪਦੇਸ਼ ਵਿਚੋਂ ਲੰਘਣ ਉਪਰੰਤ ਆਪ ਫੁਰਮਾਨ ਕਰਦੇ ਹਨ ਕਿ -

*ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥*
*ਪੰਨਾ - 136*

ਇਹ ਫਲ ਦਸਦੇ ਹਨ - ਇਸ ਲੰਮੀ ਵਿਚਾਰ ਨੂੰ ਹਿਰਦੇ ਵਿਚ ਧਾਰਨ ਕਰਨ ਦਾ। ਜਿਨ੍ਹਾਂ ਨੇ ਪੂਰੇ ਗੁਰੂ ਨੂੰ ਅਰਾਧਿਆ ਹੈ ਉਹ ਦਰਗਾਹ ਵਿਚ ਖੋਟੇ ਨਹੀਂ ਕਹੇ ਜਾਣਗੇ, ਖਰੇ ਕਹੇ ਜਾਣਗੇ ਅਤੇ ਸੁਖਾਂ ਦਾ ਖਜ਼ਾਨਾ ਉਨ੍ਹਾਂ ਨੂੰ ਪ੍ਰਾਪਤ ਹੋ ਜਾਂਦਾ ਹੈ; ਜਿਨ੍ਹਾਂ ਨੇ ਵਾਹਿਗੁਰੂ ਜੀ ਦੇ ਚਰਨਾਂ ਦੀ ਸ਼ਰਨ ਲੈ ਲਈ, ਉਨ੍ਹਾਂ ਨੇ ਪ੍ਰੇਮਾ ਭਗਤੀ ਪਾ ਲਈ। ਮਾਇਆ ਦੀ ਸੜਨ ਵਿਚ ਨਹੀਂ ਸੜੇ, ਉਨ੍ਹਾਂ ਦੀ ਕੂੜ ਦੀ ਹਉਮੈ ਰੂਪੀ ਦੀਵਾਰ ਤੇ ਦੁਬਿਧਾ ਦਾ ਨਾਸ਼ ਹੋ ਗਿਆ ਅਤੇ ਪੂਰਨ ਸੱਚ ਵਿਚ ਆਪਣੀ ਹਉਂ ਛੱਡ ਕੇ ਸਮਾਅ ਗਏ। ਇਹ ਪ੍ਰਾਪਤੀ ਉਨ੍ਹਾਂ ਨੂੰ ਹੀ ਹੁੰਦੀ ਹੈ ਜਿਨ੍ਹਾਂ ਉਤੇ ਗੁਰੂ ਦੀ ਮਿਹਰ ਹੋ ਜਾਂਦੀ ਹੈ; ਵਾਹਿਗੁਰੂ ਜੀ ਦੀ ਨਦਰ ਹੋ ਜਾਵੇ ਫਿਰ -

*ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥*
*ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥*
*ਪੰਨਾ - 136*

ਕਹਿ ਕੇ ਆਪ ਇਸ ਲੰਮੀ ਫਿਲਾਸਫੀ ਵਿਚ ਆਏ ਸਿਧਾਂਤਾਂ ਵਲ ਧਿਆਨ ਦਿਵਾਉਂਦੇ ਹਨ। ਬਾਰਾਮਾਂਹ ਦੇ ਆਰੰਭਕ ਸ਼ਬਦ ਵਿਚ ਫੁਰਮਾਨ ਕਰਦੇ ਹਨ-

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥*
*ਪੰਨਾ - 133*

ਸੰਸਾਰ ਦੀ ਰਚਨਾ ਦੇ ਅਰੰਭ ਵਿਚ ਵਾਹਿਗੁਰੂ ਜੀ ਆਪਣੇ ਆਪ ਤੋਂ ਹੀ ਅਨੇਕ ਹੋਏ ਹੋਏ ਹਨ। ਏਕੰਕਾਰ ਦੀ ਸਾਕਾਰਤਾ ਧਾਰਨ ਕਰਨ ਉਪਰੰਤ ਹੁਕਮ ਦੀ ਕ੍ਰਿਆ ਚੱਲੀ, ਇਸ ਹੁਕਮ ਦੇ ਅਧੀਨ ਖੰਡਾਂ-ਬ੍ਰਹਿਮੰਡਾਂ, ਤੱਤਾਂ, ਦੇਵੀ ਦੇਵਤਿਆਂ, ਸੂਖਮ ਅਸਥੂਲ, ਜਗਤ ਦੀ ਉਤਪਤੀ ਹੋਈ। ਇਸ ਧਰਤੀ ਵਿਚ ਚਾਰ ਜੀਵਤ ਖਾਣੀਆਂ ਨੇ ਜੀਵਨ ਸਫਰ ਸ਼ੁਰੂ ਕੀਤਾ ਜਿਨ੍ਹਾਂ ਨੂੰ ਅੰਡਜ, ਜੇਰਜ, ਸੇਤਜ, ਉਤਭੁਜ ਕਿਹਾ ਜਾਂਦਾ ਹੈ। ਪ੍ਰਭੂ ਹੁਕਮ ਵਿਚ ਹੀ ਸਾਰੇ ਆਕਾਰ ਵਜੂਦ ਵਿਚ ਆਏ ਅਤੇ ਉਸੇ ਹੁਕਮ ਅਨੁਸਾਰ ਅਨੰਤ ਚਿਤਾਂ ਵਿਚ ਜਾਗ੍ਰਤ ਅਨੁਭਵ ਹੋਈ, ਜਿਸ ਤੋਂ ਉਹ ਨਿਰੰਕਾਰੀ ਕਿਰਨ ਜਾਂ ਨਿਰੰਕਾਰੀ ਚੇਤਨ ਬੂੰਦ, ਪ੍ਰਕ੍ਰਿਤੀ ਨਾਲ ਮਿਲ ਕੇ, ਸਰੀਰ ਧਾਰਨ ਕਰਕੇ ਵਾਤਾਵਰਣ ਦੇ ਅਨੁਕੂਲ ਪ੍ਰਕ੍ਰਿਤੀ ਦੇ ਤਿੰਨ ਗੁਣ ਰਜੋ ਗੁਣ, ਤਮੋ ਗੁਣ, ਸਤੋ ਗੁਣ ਦੇ ਅਧੀਨ ਕ੍ਰਿਆਸ਼ੀਲ ਹੋਈ, ਜਿਨ੍ਹਾਂ ਨੂੰ ਜੀਵ ਦੀ ਉਪਾਧੀ ਮਿਲੀ -

*ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥*
*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥*
*ਪੰਨਾ - 1*

ਬਾਣੀ ਵਿਚ ਫੁਰਮਾਨ ਆਉਂਦਾ ਹੈ ਕਿ ਇਸ ਜਾਗ੍ਰਤ ਜੋਤ ਦੇ ਪ੍ਰਕ੍ਰਿਤੀ ਨਾਲ ਪ੍ਰਤੀਬਿੰਬਤ ਮਿਲਾਪ ਦੇ ਕਾਰਨ ਜੜ੍ਹ ਚਿਤ ਵਿਚ ਚੇਤਨਤਾ ਉਤਪੰਨ ਹੋਈ ਅਤੇ ਉਸਨੇ ਆਪਣੇ ਆਪ ਦੀ ਹੋਂਦ ਨੂੰ ਵਿਕਲੋਤਰੀ ਅਨੁਭਵ ਕੀਤਾ। ਇਸ ਅਸਰ ਨੂੰ ਹਉਮੈ ਦਾ ਨਾਮ ਦਿਤਾ ਗਿਆ। ਹਉਮੈ ਤੇ ਹੁਕਮ ਦੋਵੇਂ ਸ਼ਕਤੀਆਂ ਪ੍ਰਭੂ ਦੀਆਂ ਹਨ। ਹਉਮੈ ਤੱਤ ਨੇ ਅਕਾਸ਼ ਦੀ ਨਿਰਮਲ ਚੇਤਨਤਾ ਨੂੰ ਪ੍ਰਕ੍ਰਿਤੀ ਦੇ ਨਾਲ ਮਿਲਾ ਦਿਤਾ, ਪ੍ਰਮੇਸ਼ਰ ਨਾਲੋਂ ਵਿਯੋਗ ਕਰ ਦਿਤਾ।

*ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ ਗਈ ਭੂਮਿ ਬਿਕਾਰ।॥*
*ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ॥*
*ਪੰਨਾ - 1374*

ਵਾਹਿਗੁਰੂ ਜੀ ਨਾਲੋਂ ਟੁੱਟ ਕੇ ਪ੍ਰਕ੍ਰਿਤੀ ਹੀ ਆਪਣੇ ਆਪ ਨੂੰ ਸਭ ਕੁਝ ਸਮਝਣ ਲੱਗੀ। ਅਨੰਤ ਨਾਲੋਂ ਵਖਰੀ ਹੋ ਕੇ ਇਹ ਉਤਮ ਜੋਤ ਜੀਵ ਕਹਾਈ। ਪੰਜ ਪੜਦੇ ਇਸਦੇ ਉਤੇ ਲਿਪਟ ਗਏ। ਪਹਿਲਾ ਪੜਦਾ ਅਨੰਦ ਦਾ ਸੀ ਜਿਸ ਵਿਚ

ਅਗਿਆਨ ਦੀ ਉਤਪਤੀ ਹੋ ਕੇ ਆਪਣੀ ਵਖਰੀ ਸੋਝੀ ਦਾ ਗਿਆਨ ਹੋਇਆ, ਇਸਨੂੰ ਅਨੰਦਮਈ ਕੋਸ਼ ਕਿਹਾ ਜਾਂਦਾ ਹੈ। ਪ੍ਰਕ੍ਰਿਤੀ ਦੇ ਧੱਕੇ ਨਾਲ ਇਹੋ ਚੇਤਨ ਸਤ੍ਹਾ ਹੇਠਾਂ ਤਿਲ੍ਹਕੀ ਅਤੇ ਉਸ ਵਿਚ ਨਿਰਨਾ ਸ਼ਕਤੀ ਪੈਦਾ ਹੋਈ ਜਿਸਨੂੰ ਵਿਗਿਆਨਮਈ ਕੋਸ਼ ਕਿਹਾ ਜਾਂਦਾ ਹੈ। ਇਸ ਅਵਸਥਾ ਵਿਚੋਂ ਫੇਰ ਧੱਕਾ ਲੱਗਿਆ, ਹੋਰ ਹੇਠਾਂ ਸਰਕਣਾ ਪਿਆ। ਫੁਰਨਿਆਂ ਦੇ ਮੰਡਲ ਵਿਚ ਘਿਰ ਗਈ, ਅਨੇਕ ਕਿਸਮ ਦੇ ਫੁਰਨੇ, ਅਨੇਕ ਕਿਸਮ ਦੀਆਂ ਰਚਨਾਵਾਂ ਦਾ ਅਨੁਭਵ ਇਸ ਦੀ ਸੁਰਤ ਨੂੰ ਘੇਰ ਰਿਹਾ ਸੀ। ਇਸ ਅਵਸਥਾ ਵਿਚੋਂ ਉਸੇ ਪ੍ਰਮ ਜੋਤ ਦੀ ਬੂੰਦ ਨੂੰ ਮਨੋਮਈ ਕੋਸ਼ ਨੇ ਪੂਰੀ ਤਰ੍ਹਾਂ ਨਾਲ ਆਪਣੀ ਵਲਗਣ ਵਿਚ ਲੈ ਲਿਆ। ਹੋਰ ਧੱਕਾ ਖਾਧਾ, ਇਹੀ ਸੂਖਸ਼ਮ ਤੱਤ, ਪ੍ਰਾਣ ਸ਼ਕਤੀ ਨਾਲ ਮਿਲ ਗਿਆ। ਪ੍ਰਕ੍ਰਿਤੀ ਵਿਚੋਂ ਤੱਤ ਲੈ ਕੇ ਇਹ ਪ੍ਰਾਣ ਵਿਚੋਂ ਹੋਰ ਹੇਠਾਂ ਸਰਕਿਆ ਅਤੇ ਪੰਜਾਂ ਤੱਤਾਂ ਵਿਚ ਰਲ ਕੇ ਇਕ ਨਵੀਂ ਸ਼ਕਲ, ਨਵਾਂ ਰੂਪ ਵੇਖਿਆ। ਇਹ ਰੂਪ ਉਡਾਰੀਆਂ ਨਹੀਂ ਮਾਰ ਸਕਦਾ ਸੀ। ਇਹ ਰੂਪ ਬੰਧਨ ਵਿਚ ਸੀ, ਵਾਤਾਵਰਨ ਦੇ ਮੁਤਾਬਿਕ ਇਹ ਸੁਰਤ ਬੰਧਨਾਂ ਵਿਚ ਲਿਪਟ ਗਈ ਅਤੇ ਇਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਭੁੱਲ ਕੇ ਸਾਢੇ ਤਿੰਨ ਹੱਥ ਦੀ ਦੇਹ ਮੰਨਣ ਲਗ ਗਈ। ਇਸ ਨੂੰ ਹੀ 'ਮੈਂ' ਆਖਣ ਲਗਿਆ। ਲੱਖ ਜਤਨ ਕਰਨ ਤੇ ਵੀ ਇਹ ਆਪਣੇ ਅਸਲੀ ਸਰੂਪ ਨੂੰ ਨਹੀਂ ਜਾਣਦਾ। ਇਸ ਜੀਵ ਦਾ ਮੌਲਿਕ ਸਰੂਪ ਪੂਰੀ ਤਰ੍ਹਾਂ ਅਗੰਮ, ਅਥਾਹ ਨਿਰਲੇਪ ਹੈ, ਕੇਵਲ ਉਸ ਦਾ ਪ੍ਰਤੀਬਿੰਬ ਸ਼ਕਤੀ ਸਮੇਤ, ਸੂਝ ਸਮੇਤ ਹੇਠਾਂ ਤਿਲ੍ਹਕਿਆ ਅਤੇ ਸਰੀਰ ਬਣ ਗਿਆ। ਇਸਨੂੰ ਇਹ ਪਤਾ ਭੁੱਲ ਗਿਆ ਕਿ ਪਹਿਲੀ ਅਵਸਥਾ ਵਿਚ ਜਦੋਂ ਮੈਨੂੰ ਆਤਮ ਮੰਡਲ ਵਿਚੋਂ ਪ੍ਰਕ੍ਰਿਤੀ ਨੇ ਧੂਹਿਆ ਅਤੇ ਆਤਮਾ ਦਾ ਪ੍ਰਤੀਬਿੰਬ ਜਾਗ੍ਰਤ ਦੇ ਕੇ ਅਨੰਦ ਕਹਾਇਆ, ਉਸ ਵੇਲੇ ਇਸ ਦੀ ਉਪਾਧੀ ਜੀਵ ਦੀ ਹੋ ਗਈ ਜੋ ਅਨੰਦਮਈ ਕੋਸ਼ ਵਿਚ ਘਿਰੀ ਹੌਲੀ-ਹੌਲੀ ਅਨੰਦਮਈ ਕੋਸ਼ ਵਿਚ ਫਸ ਕੇ ਆਪਣਾ ਸਰੂਪ ਭੁਲ ਗਈ। ਸਰੂਪ ਤਾਂ ਇਸ ਦਾ ਆਤਮਾ ਸੀ ਪਰ ਇਹ ਹਉਮੈ ਦੇ ਅਸਰ ਵਿਚ ਆ ਕੇ ਆਪਣੀ ਸੁਰਤ ਗੁਆ ਬੈਠਿਆ। ਆਪਣੇ ਆਪ ਨੂੰ ਵਾਹਿਗੁਰੂ ਤੋਂ ਵੱਖਰਾ ਜੀਵ ਸਮਝਣ ਲਗ ਗਿਆ। ਇਹ ਜੀਵ ਸਰੀਰ ਨਾਲ ਮਿਲ ਕੇ ਆਪਣੇ ਆਪ ਨੂੰ ਸਰੀਰ ਅਤੇ ਸਰੀਰ ਦਾ ਹੀ ਰੱਖਿਆ ਹੋਇਆ ਨਾਮ ਸਮਝਣ ਲਗ ਗਿਆ। ਇਸ ਸਰੀਰ ਵਿਚ ਆ ਕੇ ਆਪਣੇ ਆਪ ਨੂੰ ਸਰੀਰ ਸਮਝ ਕੇ ਇਸਨੇ ਚੰਗੇ ਤੇ ਮੰਦੇ ਕਰਮ ਕਰਨੇ ਸ਼ੁਰੂ ਕਰ ਦਿਤੇ, ਇਕਨਾਂ ਨੂੰ ਸ਼ੁਭ ਕਰਮ ਆਖਿਆ ਜਾਂਦਾ ਹੈ, ਇਕਨਾਂ ਨੂੰ ਅਸ਼ੁਭ ਕਰਮ ਆਖਿਆ ਜਾਂਦਾ ਹੈ। ਜੀਵ ਦੇ ਬੰਨ੍ਹਣ ਵਾਸਤੇ ਦੋਵੇਂ ਹਥਕੜੀਆਂ ਹਨ; ਇਕ ਸੋਨੇ ਦੀ ਹਥਕੜੀ ਹੈ, ਦੂਸਰੀ ਲੋਹੇ ਦੀ ਹੈ। ਸੋਨੇ ਦੀ ਹਥਕੜੀ ਇਸਨੂੰ ਘੁਮੇਟਣੀਆਂ ਦਿੰਦੀ ਸਵਰਗ ਲੋਕਾਂ ਵਿਚ ਨਿਵਾਸ ਕਰਾ ਦਿੰਦੀ ਹੈ ਅਤੇ ਲੋਹੇ ਦੀ ਹਥਕੜੀ ਇਸਨੂੰ ਨਰਕਾਂ ਵਿਚ ਸੁਟ ਦਿੰਦੀ ਹੈ। ਇਸ ਦੀ ਸੁਰਤ ਨੂੰ ਹੇਠਾਂ ਹੋਰ ਧੱਕਾ ਮਾਰ ਕੇ ਪਸ਼ੂਆਂ, ਪੰਛੀਆਂ, ਨਖਿਧ ਜੂਨੀਆਂ ਦੇ ਸਰੀਰ ਧਾਰਨ ਕਰਾ ਦਿੰਦੀ ਹੈ -

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥*
*ਕਈ ਜਨਮ ਸੈਲ ਗਿਰਿ ਕਰਿਆ॥*
*ਕਈ ਜਨਮ ਗਰਭ ਹਿਰਿ ਖਰਿਆ॥*
*ਕਈ ਜਨਮ ਸਾਖ ਕਰਿ ਉਪਾਇਆ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ॥ ਪੰਨਾ - 176*

ਸੋ ਇਸ ਤਰ੍ਹਾਂ ਨਾਲ ਇਹ ਨਿਰਮਲ ਬੂੰਦ ਆਤਮ ਤੱਤ ਦੀ ਕਰਮਾਂ ਦੀ ਬੰਨ੍ਹੀ ਹੋਈ ਘੁਮੇਟਣੀਆਂ ਖਾਂਦੀ ਹੈ ਅਤੇ ਅਣਗਿਣਤ ਸਮੇਂ ਤੋਂ ਇਸਦਾ ਵਾਹਿਗੁਰੂ ਜੀ ਨਾਲੋਂ ਵਿਜੋਗ ਹੋ ਗਿਆ। ਇਹ ਓਨੀਂ ਦੇਰ ਤਕ ਟਿਕਾਓ ਵਿਚ ਨਹੀਂ ਆ ਸਕਦੀ ਜਦੋਂ ਤਕ ਇਸਦਾ ਮਿਲਾਪ ਵਾਹਿਗੁਰੂ ਜੀ ਨਾਲ ਨਹੀਂ ਹੁੰਦਾ। ਇਸ ਜੀਵ ਨੇ ਆਪਣੀ ਭਟਕਣਾ ਦਾ ਅਨੁਭਵ ਕੀਤਾ ਅਤੇ ਭਟਕਣਾਂ ਵਿਚ ਮਹਿਸੂਸ ਕੀਤਾ ਕਿ ਜਿੰਨੀਆਂ ਉਡਾਰੀਆਂ ਮੈਂ ਮਾਰਦਾ ਹਾਂ ਓਨੇ ਹੀ ਦੁਖ ਮੇਰੇ ਸਾਮ੍ਹਣੇ ਆ ਜਾਂਦੇ ਹਨ ਜਿਸ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ॥*
*ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥*
*ਪੰਨਾ - 66*

ਇਹ ਮਾਇਆ ਦੇ ਜਾਲ ਵਿਚ ਪੂਰੀ ਤਰ੍ਹਾਂ ਨਾਲ ਫਸ ਗਿਆ। ਹੁਣ ਨਿਕਲਣ ਦਾ ਸਾਧਨ ਇਸਨੂੰ ਨਹੀਂ ਕੋਈ ਦਿਸਦਾ -

*ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ॥*
*ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ॥*
*ਪੰਨਾ - 50*

ਸੋ ਇਹ ਹੈ ਇਤਿਹਾਸ, ਇਹ ਹੈ ਸਫਰ ਉਸ ਨਿਰਮਲ ਬੂੰਦ ਦਾ, ਜੋ ਪ੍ਰਕ੍ਰਿਤੀ ਨਾਲ ਰਲ ਕੇ ਆਪਣੇ ਆਪ ਨੂੰ ਪ੍ਰਕ੍ਰਿਤੀ ਦਾ ਅੰਸ਼ ਸਮਝਣ ਲਗ ਗਈ। ਇਸਨੂੰ ਮਨੁੱਖ ਦਾ ਸਰੀਰ ਪ੍ਰਾਪਤ ਹੋਇਆ, ਆਪਣੀ ਦੁਰਦਸ਼ਾ ਦੀ ਸੋਝੀ ਹੋਈ ਅਤੇ ਇਹ ਪਤਾ ਲਗਿਆ ਕਿ ਮੇਰੀ ਭਟਕਣਾ ਪ੍ਰਭੂ ਦੀ ਸੋਝੀ ਆਏ ਬਿਨਾਂ ਨਹੀਂ ਹਟ ਸਕਣੀ। ਰੋ-ਰੋ ਕੇ ਪੁਕਾਰਾਂ ਕਰਨ ਲੱਗਿਆ, ਹੇ ਪ੍ਰਭੂ! ਮੇਰੇ ਤੇ ਕ੍ਰਿਪਾ ਕਰ, ਮੈਨੂੰ ਆਪਣੀ ਦਰਗਾਹ ਵਿਚ ਵਾਸਾ ਦੇਹ, ਮੇਰੀ 'ਮੈਂ' ਨੂੰ ਪੂਰੀ ਤਰ੍ਹਾਂ ਮਿਟਾ ਦੇ, ਇਸ 'ਮੈਂ' ਨੇ ਧੋਖੇ ਦਿਤੇ ਹਨ, ਇਸ 'ਮੈਂ' ਨੇ ਹੀ ਨਰਕਾਂ ਦੀਆਂ ਭੁਆਟਣੀਆਂ ਦਿਵਾਉਣੀਆਂ ਹਨ। ਹੇ ਪ੍ਰਭੂ! ਹੁਣ ਮੈਨੂੰ ਮੇਲ ਲੈ। ਐਸਾ ਪਿਆਰਾ ਕੋਈ ਮਿਲਾ ਜਿਹੜਾ ਤੈਨੂੰ ਮਿਲਾ ਦੇਵੇ। ਮੇਰਾ ਜੋ ਸੁਭਾਅ ਹੈ ਜਿਸਨੂੰ ਕਿਰਤ ਆਖਦੇ ਹਨ, ਮੈਂ ਉਸਦੇ ਅਧੀਨ ਬੇਵਸ ਹਾਂ। ਮੈਂ ਕਰਮ ਕਰਦਾ ਹਾਂ। ਤੇ ਮੈਂ ਜਾਣਦਾ ਹਾਂ ਕਿ ਕੀ ਕਰਮ ਕਰਦਾ ਹਾਂ। ਇਸ ਬਾਰੇ ਫੁਰਮਾਨ ਹੈ -

*ਜਬ ਇਹ ਜਾਨੈ ਮੈ ਕਿਛੁ ਕਰਤਾ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ॥*
*ਜਬ ਧਾਰੈ ਕੋਊ ਬੈਰੀ ਮੀਤੁ॥*
*ਤਬ ਲਗੁ ਨਿਹਚਲੁ ਨਾਹੀ ਚੀਤੁ॥*
*ਜਬ ਲਗੁ ਮੋਹ ਮਗਨ ਸੰਗਿ ਮਾਇ॥*
*ਤਬ ਲਗੁ ਧਰਮ ਰਾਇ ਦੇਇ ਸਜਾਇ॥ ਪੰਨਾ - 278*

ਸੋ ਹੁਣ ਮੇਰੇ ਉਪਰ ਕ੍ਰਿਪਾ ਕਰ, ਮੇਰੀ ਭਟਕਣ ਮਿਟ ਜਾਵੇ। ਮੈਂ ਥਕ ਗਿਆ ਹਾਂ, 84 ਲੱਖ ਜੂਨਾਂ ਦੇ ਕ੍ਰੋੜਾਂ ਚੱਕਰ ਮੈਂ ਕੱਟ ਚੁਕਿਆ ਹਾਂ, ਅਤਿ ਦੁਖੀ ਹੋ ਗਿਆ ਹਾਂ, ਮੈਂ ਤੇਰੀ ਸ਼ਰਨ ਵਿਚ ਪਹੁੰਚਿਆ ਹਾਂ। ਮੇਰੀ ਹਾਲਤ ਉਸ ਗਊ ਵਰਗੀ ਹੈ ਜੋ ਦੁੱਧ ਨਹੀਂ ਦਿੰਦੀ। ਉਹ ਬੇਕਾਰ ਸਮਝੀ ਜਾਂਦੀ ਹੈ ਕਿਉਂਕਿ ਨਾ ਤਾਂ ਉਹ ਹਲ ਖਿਚ ਸਕਦੀ ਹੈ, ਨਾ ਗੱਡਾ ਖਿਚ ਸਕਦੀ ਹੈ ਅਤੇ ਨਾ ਹੀ ਕਿਸੇ ਹੋਰ ਕਾਰਜ ਨੂੰ ਕਰ ਸਕਦੀ ਹੈ। ਮੈਂ ਉਸ ਬ੍ਰਿਛ ਵਰਗਾ ਹਾਂ ਜਿਸਨੂੰ ਕੋਈ ਫਲ ਨਹੀਂ ਲਗਦਾ ਜਿਸ ਦੀਆਂ ਜੜ੍ਹਾਂ ਨੂੰ ਬੇਅੰਤ ਸਮੇਂ ਤੋਂ ਪਾਨੀ ਨਹੀਂ ਮਿਲਿਆ, ਉਸਦੀਆਂ ਸ਼ਾਖਾਂ ਮੁਰਝਾ ਗਈਆਂ, ਉਸਦੀ ਖੂਬਸੂਰਤੀ ਮਿਟ ਗਈ। ਉਹ ਫਲ ਦੇਣ ਤੋਂ ਪੂਰੀ ਤਰ੍ਹਾਂ ਅਸਮਰਥ ਹੋ ਗਈ। ਮੈਨੂੰ ਪ੍ਰਭੂ ਨਹੀਂ ਮਿਲਿਆ, ਮੇਰਾ ਜੀਵਨ ਨਿਰਫਲ ਹੈ, ਮੈਂ ਮਾਇਆ ਦੇ ਰਸਾਂ-ਕਸਾਂ ਵਿਚ ਪਰਚਿਆ ਰਿਹਾ। ਉਹ ਮਾਇਆ ਮੇਰੀ ਮਿਤਰ ਨਹੀਂ ਸੀ, ਉਹ ਨਾਗਣੀ ਹੈ ਜਿਸ ਨੇ ਮੈਨੂੰ ਮੋਹ ਲਿਆ ਤੇ ਤੇਰੇ ਨਾਲੋਂ ਵਿਛੋੜ ਕੇ ਰੱਖਿਆ।

ਤੇਰੇ ਮਿਲਾਪ ਤੋਂ ਬਿਨਾਂ ਮੈਨੂੰ ਹੋਰ ਕੋਈ ਟਿਕਾਣਾ ਨਹੀਂ ਹੈ, ਮੇਰੀ ਭਟਕਣ, ਮੇਰੀਆਂ ਉਡਾਰੀਆਂ, ਮੇਰੀਆਂ 84 ਲੱਖ ਜੂਨਾਂ ਵਿਚ ਘੁਮੇਟਣੀਆਂ, ਤਾਂ ਹੀ ਬੰਦ ਹੋਣਗੀਆਂ ਜੇ ਤੇਰਾ ਮਿਲਾਪ ਹੋ ਜਾਵੇ। ਜਿਸ ਸਰੀਰ ਦੇ ਅੰਦਰ ਤੂੰ ਸ਼ਾਖਸ਼ਾਤਕਾਰ ਨਹੀਂ ਹੋ ਸਕਿਆ ਉਹ ਸਰੀਰ ਜਲਿਆ ਹੋਇਆ ਸਰੀਰ ਹੈ, ਤ੍ਰਿਸ਼ਨਾ ਦੀ ਅੱਗ ਦੇ ਭਾਂਬੜ ਨੇ ਉਸਨੂੰ ਜਾਲ ਦਿਤਾ ਅਤੇ ਭੱਠ ਵਰਗਾ ਬਣਾ ਦਿਤਾ ਹੈ। ਇਸ ਭੱਠ ਹੋ ਚੁਕੇ ਸਰੀਰ ਵਿਚ ਚੈਨ ਕਿਥੋਂ ਆਉਣਾ ਹੈ, ਕਿਥੋਂ ਸੁਖ ਉਪਜਣਾ ਹੈ? ਹੇ ਪ੍ਰਭੂ ਜੇ ਤੂੰ ਚਿਤ ਨਹੀਂ ਆਉਂਦਾ, ਅਤੇ ਚਿਤ ਤੇਰੇ ਵਿਚ ਨਹੀਂ ਵਸਦਾ ਤਾਂ ਮੇਰੀ ਹਾਲਤ ਉਸ ਕੀੜੇ ਵਰਗੀ ਹੈ ਜੋ ਗੰਦਗੀ ਦੇ ਢੇਰ ਦੀ ਗਰਮੀ ਵਿਚ ਝੁਲਸਿਆ ਜਾ ਰਿਹਾ ਹੈ। ਮੇਰੇ ਵਲੋਂ ਤੇਰੇ ਮਿਲਾਪ ਵਾਸਤੇ ਕੀਤੇ ਭੇਖ ਵਿਖਾਵੇ, ਤੇਰੇ ਮਿਲਣ ਵਿਚ ਮੇਰਾ ਕੋਈ ਸਾਥ ਨਹੀਂ ਦੇ ਰਹੇ। ਸਾਰੇ ਕੱਚੇ ਹਨ, ਖਾਮ ਹਨ, ਮੇਰੀ ਭਟਕਣ ਨਹੀਂ ਮਿਟਾ ਸਕਦੇ। ਦੁਨੀਆਂ ਨੂੰ ਮੈਂ ਧੋਖਾ ਦੇ ਰਿਹਾ ਹਾਂ - ਭੇਖ ਬਣਾ-ਬਣਾ ਕੇ, ਪਰ ਮੈਨੂੰ ਪਤਾ ਹੈ ਤੂੰ ਇਨ੍ਹਾਂ ਭੇਖਾਂ ਤੇ ਰੀਝ ਨਹੀਂ ਸਕਦਾ ਕਿਉਂਕਿ ਇਹ ਸਾਰੇ ਬਦਬੂਦਾਰ ਹਨ, ਇਨ੍ਹਾਂ ਉਤੇ ਮਾਇਆ ਦਾ ਪਾਹ ਚੜ੍ਹਿਆ ਹੋਇਆ ਹੈ-

*ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ॥*
*ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ॥*
*ਪੰਨਾ - 721*

ਸੋ ਮੇਰੀ ਹਾਲਤ ਗੰਦਗੀ ਦੇ ਕੀੜੇ ਵਰਗੀ ਹੈ। ਦੁਨੀਆਂ ਮੈਨੂੰ ਅਮੀਰ ਕਹਿੰਦੀ ਹੈ ਪਰ ਜਦੋਂ ਤਕ ਤੂੰ ਹਿਰਦੇ ਵਿਚ ਨਹੀਂ ਵਸਦਾ, ਮੈਂ ਹੀ ਜਾਣਦਾ ਹਾਂ ਕਿ ਮੈਂ ਕਿੰਨਾਂ ਦੁਖੀ ਹਾਂ ਕਿਉਂਕਿ ਤੇਰੇ ਨਾਮ ਤੋਂ ਬਿਨਾਂ 'ਸ਼ਾਂਤੀ' ਦਾ ਨਾਮ ਲੈਣਾ ਆਪਣੇ ਆਪ ਨੂੰ ਵੱਡੇ ਧੋਖੇ ਵਿਚ ਰਖਣਾ ਹੈ ਜਿਵੇਂ ਕਿ ਤੇਰਾ ਫੁਰਮਾਨ ਹੈ-

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥*
*ਪੰਨਾ - 707*

ਦੁਨੀਆਂ ਵਿਚ ਆਪਣੇ ਹਿਤ ਦੇ ਬੰਨ੍ਹੇ ਹੋਏ ਪੁਤਰ, ਧੀਆਂ, ਰਿਸ਼ਤੇਦਾਰ, ਸੱਜਣ, ਮਿਤਰ ਇਹ ਕੋਈ ਰਸ ਨਹੀਂ ਦਿੰਦੇ, ਇਨ੍ਹਾਂ ਦੀਆਂ ਮਨੌਤਾਂ ਵਿਚ ਫਸ ਕੇ ਆਦਮੀ ਗਿਰ ਜਾਇਆ ਕਰਦਾ ਹੈ, ਰਿਸ਼ਵਤ ਲੈਂਦਾ ਹੈ, ਧੋਖੇ ਕਰਦਾ ਹੈ, ਬੇਵਿਸ਼ਵਾਸ਼ੀਆਂ ਕਰਕੇ ਦੁਨੀਆਂ ਨੂੰ ਫਸਾਉਂਦਾ ਹੈ, ਅਕ੍ਰਿਤਘਣਤਾ ਦੇ ਨਾਲ ਮਾਇਆ ਜੋੜਦਾ ਹੈ; ਨਿਸ਼ਾਨਾ ਕੀ ਹੁੰਦਾ ਹੈ ਕਿ ਮੇਰੇ ਪੁੱਤ ਧੀ, ਮੇਰੀ ਇਕੱਠੀ ਕੀਤੀ ਹੋਈ ਮਾਇਆ ਨੂੰ ਵਰਤਣ, ਪਰ ਪਾਤਸ਼ਾਹ! ਇਹ ਤਾਂ ਜਮਦੂਤ ਬਣ ਗਏ ਤੇ ਅੰਤ ਸਮੇਂ ਮੈਂ ਜਮਦੂਤਾਂ ਦੇ ਵਸ ਪੈ ਕੇ ਦੁਖੀ ਹੋਵਾਂਗਾ। ਹੇ ਪ੍ਰਭੂ! ਮੈਂ ਨਿਮਾਣਾ, ਨਿਤਾਣਾ ਜੀਵ ਹਾਂ, ਮੈਨੂੰ ਸੋਝੀ ਨਹੀਂ ਪਰ ਮੈਨੂੰ ਇਹ ਪਤਾ ਹੈ ਤੂੰ ਦਇਆਲੂ ਹੈਂ, ਪਤਿਤ ਪਾਵਨ ਹੈਂ। ਜੋ ਤੇਰੀ ਸ਼ਰਨ ਆ ਜਾਂਦੇ ਹਨ ਉਨ੍ਹਾਂ ਉਤੇ ਤੂੰ ਕ੍ਰਿਪਾ ਭਰੀ ਦ੍ਰਿਸ਼ਟੀ ਕਰਦਾ ਹੈਂ। ਤੂੰ ਹੀ ਗਨਕਾ ਵਰਗੀਆਂ ਪਾਪਣਾਂ ਨੂੰ ਆਪਣੇ ਨਾਮ ਦੀ ਲਗਨ ਲਾ ਕੇ ਉਤਮ ਪਦਵੀ ਦਿਤੀ, ਤੂੰ ਹੀ ਕੌਡੇ ਵਰਗੇ ਆਦਮਖੋਰ ਰਾਕਸ਼ਾਂ ਉਤੇ ਕ੍ਰਿਪਾ ਕਰਕੇ ਨਾਮ ਦੇ ਰਸ ਦੀ ਫੁਹਾਰ ਦਾ ਅਨੰਦ ਦਿਤਾ, ਤੂੰ ਹੀ ਸੱਜਣ ਠੱਗ ਵਰਗਿਆਂ ਨੂੰ ਭਾਈ ਸੱਜਣ ਬਣਾ ਕੇ ਨਾਮ ਦੀ ਖੁਮਾਰੀ ਵਿਚ ਪ੍ਰਵਿਰਤ ਕੀਤਾ। ਹੇ ਪ੍ਰਭੂ! ਮੈਂ ਵੀ ਤੇਰੀ ਸ਼ਰਨ ਸੱਚੇ ਦਿਲੋਂ ਆਇਆ ਹਾਂ, ਮੈਂ ਤਾਂ ਅਰਜੋਈ ਹੀ ਕਰ ਸਕਦਾ ਹਾਂ ਪਰ ਤੂੰ-

*ਸਦਾ ਸਦਾ ਸਦਾ ਦਇਆਲ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ॥ ਪੰਨਾ - 275*

ਦਾ ਵਜੂਦ ਹੈਂ, ਤੂੰ ਮੇਰੇ ਤੇ ਕ੍ਰਿਪਾ ਕਰ। ਮੈਂ ਤੇਰੇ ਪਾਸ ਬੇਨਤੀ ਕਰਦਾ ਹਾਂ ਕਿ ਤੂੰ ਮੈਨੂੰ ਆਪਣਾ ਪਵਿੱਤਰ ਨਾਮ ਬਖਸ਼ ਦੇ। ਹੇ ਗੁਰੂ ਮਹਾਰਾਜ! ਤੂੰ ਵੀ ਨਿਰੰਕਾਰ ਦਾ ਹੀ ਰੂਪ ਹੈਂ, ਤੇਰੇ ਬਗੈਰ ਕਿਸੇ ਨੂੰ ਅੱਜ ਤਕ ਪ੍ਰਭੂ ਪ੍ਰਾਪਤੀ ਨਹੀਂ ਹੋਈ, ਤੂੰ ਮੇਰੇ ਦੁਖਾਂ ਦੀ ਕਹਾਣੀ ਸੁਣੀ ਹੈ ਮੇਰੇ ਉਤੇ ਕ੍ਰਿਪਾ ਕਰ, ਮੇਰੇ ਉਤੇ ਕ੍ਰਿਪਾ ਕਰਕੇ ਜੋ ਪ੍ਰਭੂ ਮੇਰੇ ਅੰਗ ਸੰਗ ਵਸਦਾ ਹੈ ਉਸਨੂੰ ਮੇਰੇ ਨਾਲ ਮਿਲਾ ਕੇ ਨਿਹਚਲ ਘਰ ਦਾ ਵਾਸਾ ਕਰਾ ਦੇ। ਇਹ ਸਾਰਾ ਤਰਲਾ ਜੋ ਉਪਰ ਲਿਖਿਆ ਹੈ। ਉਸਦਾ ਸਾਰ ਅੰਸ਼ ਇਸ ਤਰ੍ਹਾਂ ਹੈ -

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥*

*ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥*
*ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥*
*ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥*
*ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥*
*ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥*
*ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥*
*ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ॥*
*ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥*
*ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥*
*ਪੰਨਾ - 133*

ਗੁਰੂ ਨੇ ਇਸ ਭਟਕਦੇ ਨਿਮਾਣੇ ਨਿਤਾਣੇ ਜੀਵ ਦੀ ਪ੍ਰਾਰਥਨਾ ਸੁਣੀ ਅਤੇ ਇਸ ਦੀ ਅਧੋਗਤੀ ਨੂੰ ਅਨੁਭਵ ਕਰਦੇ ਹੋਏ, ਅਤਿ ਕ੍ਰਿਪਾਲਤਾ ਧਾਰਦੇ ਹੋਏ ਫੁਰਮਾਨ ਕੀਤਾ ਕਿ ਹੇ ਜੀਵ! ਤੇਰੇ ਤਰਲੇ, ਤੇਰੇ ਰੋਣੇ-ਧੋਣੇ ਇਸ ਕਰਕੇ ਹਨ ਕਿ ਤੂੰ ਮਾਇਆ ਦੀ ਅਰਾਧਨਾ ਕਰਦਾ ਰਿਹਾ ਹੈਂ। ਮਾਇਆ ਨੇ ਤੈਨੂੰ ਸਦਾ ਹੀ ਧੋਖਾ ਦਿਤਾ ਹੈ। ਇਹ ਨਾਗਣੀ ਹੈ, ਇਸਦੀ ਜੋ ਵੀ ਸੇਵਾ ਕਰਦਾ ਹੈ ਉਸਨੂੰ ਖਾ ਜਾਇਆ ਕਰਦੀ ਹੈ। ਹੁਣ ਤੂੰ ਧਿਆਨ ਦੇ ਕੇ ਸੁਣ, ਤੈਨੂੰ ਮਾਨਸ ਜਨਮ ਪ੍ਰਾਪਤ ਹੋਇਆ ਹੈ। ਇਸ ਵਿਚ ਤੂੰ ਗੋਬਿੰਦ ਦੀ ਅਰਾਧਣਾ ਕਰ, ਤਾਂ ਤੈਨੂੰ ਸਤਿ ਚਿਤ ਅਨੰਦ ਦਾ ਮਿਲਾਪ ਹੋ ਕੇ ਮਹਾਨ ਅਨੰਦ ਪ੍ਰਾਪਤ ਹੋ ਸਕਦਾ ਹੈ। ਜੀਵ ਨੇ ਉਪਦੇਸ਼ ਸੁਣਿਆ, ਮਨ ਵਿਚ ਕੁਝ ਢਾਰਸ ਆਈ, ਲੰਮਾ ਹਉਕਾ ਲਿਆ ਅਤੇ ਆਸ ਬੱਝੀ ਕਿ ਮੇਰੇ ਦੁਖਾਂ ਦਾ ਛੁਟਕਾਰਾ ਗੁਰੂ ਦੇ ਬਚਨ ਸੁਣ ਕੇ ਹੋ ਜਾਵੇਗਾ। ਮੈਂ ਇਸ ਭਵਸਾਗਰ ਦੇ ਬਿਖੜੇ ਵਾ-ਵਰੋਲਿਆਂ ਵਿਚੋਂ ਕਿਸੇ ਕੰਢੇ ਲਗ ਜਾਵਾਂਗਾ ਕਿਉਂਕਿ ਫੁਰਮਾਨ ਹੈ -

*ਸੰਤਹੁ ਸਾਗਰੁ ਪਾਰਿ ਉਤਰੀਐ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ॥*
*ਪੰਨਾ - 747*

ਉਸ ਵੇਲੇ ਜੀਵ ਨੇ ਅਤਿ ਅਧੀਨਗੀ ਦੇ ਨਾਲ ਬੇਨਤੀ ਕੀਤੀ ਕਿ ਮੈਨੂੰ ਅਰਾਧਣ ਦਾ ਕੋਈ ਵੀ ਗਿਆਨ ਨਹੀਂ ਹੈ, ਆਪ ਫੁਰਮਾਨ ਕਰਦੇ ਹੋ ਕਿ ਉਹ ਵਾਹਿਗੁਰੂ ਘਟ-ਘਟ ਵਿਚ ਵਿਆਪਕ ਹੈ, ਮੇਰੇ ਅੰਦਰ ਵੀ ਹੈ, ਬਾਹਰ ਵੀ ਹੈ, ਮੈਂ ਉਸਦੀ ਅਰਾਧਣਾ ਕਿਵੇਂ ਕਰਾਂ, ਮੈਂ ਉਸਨੂੰ ਕਿਵੇਂ ਆਪਣੇ ਅੰਦਰ ਵਸਾਵਾਂ? ਉਸ ਵੇਲੇ ਸਤਿਗੁਰੂ ਦੀ ਅਵਾਜ਼ ਆਈ ਕਿ ਹੇ ਜੀਵ! ਵਾਹਿਗੁਰੂ ਜੀ ਨੇ ਸੰਸਾਰ ਦੇ ਉਪਰ ਬਹੁਤ ਹੀ ਦਯਾ ਕਰਕੇ ਆਪਣੇ ਪਿਆਰਿਆਂ ਨੂੰ ਸ਼ੁਭ ਕਾਰਜ ਸੌਂਪਿਆ ਹੈ, ਭਟਕਦੀਆਂ ਰੂਹਾਂ ਨੂੰ ਜੋ ਮੇਰੇ ਤੋਂ ਅਨੰਤ ਕਾਲ ਤੋਂ ਵਿਛੜੀਆਂ ਰੋ ਰਹੀਆਂ ਹਨ, ਸਹਿਕ ਰਹੀਆਂ ਹਨ ਉਨ੍ਹਾਂ ਨੂੰ ਮੇਰੇ ਨਾਲ ਮਿਲਾਉਣ ਲਈ ਮਾਰਗ ਪ੍ਰਦਰਸ਼ਨ ਕਰੋ। ਉਨ੍ਹਾਂ ਨੂੰ ਸੰਤ ਕਹਿ ਲਓ, ਪੀਰ ਕਹਿ ਲਓ, ਗੁਰੂ ਕਹਿ ਲਓ, ਉਹ ਤੇਰੀ ਭਾਵਨਾ ਹੈ, ਉਹ ਤਾਂ ਵਾਹਿਗੁਰੂ ਵਲੋਂ ਥਾਪੇ ਹੋਏ ਪੁਰਸ਼ ਹੋਇਆ ਕਰਦੇ ਹਨ ਅਤੇ ਸੰਸਾਰ ਵਿਚ ਆਉਂਦੇ ਹੀ ਇਸ ਕਰਕੇ ਹਨ ਕਿ ਟੁਟੀਆਂ ਰੂਹਾਂ ਨੂੰ ਪ੍ਰਭੂ ਨਾਲ ਜੋੜ ਦੇਣ ਜਿਨ੍ਹਾਂ ਬਾਰੇ ਫੁਰਮਾਨ ਹੈ-

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥*
*ਪੰਨਾ - 749*

ਕਬੀਰ ਸਾਹਿਬ ਫੁਰਮਾਨ ਕਰਦੇ ਹਨ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥*
*ਪੰਨਾ - 1373*

ਸੋ ਇਸ ਕਰਕੇ ਤੈਨੂੰ ਰਸਨਾ ਦੇ ਨਾਲ ਵਾਹਿਗੁਰੂ ਦਾ ਨਾਮ, ਜਿਸਨੂੰ ਗੁਰਮੰਤ੍ਰ ਆਖਦੇ ਹਨ, ਉਹ ਉਚਾਰਨ ਕਰਨਾ ਪਵੇਗਾ ਕਿਉਂਕਿ ਜਿਸ ਅਵਸਥਾ ਵਿਚ ਹੁਣ ਤੂੰ ਰਹਿੰਦਾ ਹੈਂ, ਤੂੰ ਆਪਣੇ ਆਪ ਨੂੰ ਸਰੀਰ ਸਮਝਦਾ ਹੈਂ, ਅਸੀਂ ਉਸਨੂੰ ਅੰਨਮਈ ਕੋਸ਼ ਕਹਿੰਦੇ ਹਾਂ, ਤੂੰ ਇਸ ਵਿਚੋਂ ਨਿਕਲ ਨਹੀਂ ਸਕਦਾ ਜਦੋਂ ਤਕ ਇਸਦੇ ਸ਼ੁਭ ਇੰਦ੍ਰੇ ਨਾਲ ਬਾਰ-ਬਾਰ ਮੰਤ੍ਰ ਦਾ ਜਾਪ ਨਹੀਂ ਕਰਦਾ ਅਤੇ ਸਰੀਰ ਨਾਲ ਸਤਿਸੰਗ, ਸੇਵਾ ਨਹੀਂ ਕਰਦਾ ਜਿਸ ਬਾਰੇ ਫੁਰਮਾਨ ਹੈ-

*ਬਾਰੰ ਬਾਰ ਬਾਰ ਪ੍ਰਭੁ ਜਪੀਐ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥ ਪੰਨਾ - 286*

ਸੋ ਇਹ ਤਰੀਕਾ ਹੈ। ਜਦੋਂ ਨਾਮ ਤੇਰੇ ਅੰਦਰ ਰਸਨਾ ਵਿਚ ਵਸ ਗਿਆ ਉਸ ਵੇਲੇ ਤੂੰ ਸੁਆਸ ਨਾਲ ਨਾਮ ਜਪ-

*ਸਾਸਿ ਸਾਸਿ ਸਿਮਰਹੁ ਗੋਬਿੰਦ।।*
*ਮਨ ਅੰਤਰ ਕੀ ਉਤਰੈ ਚਿੰਦ।। ਪੰਨਾ - 295*

ਪ੍ਰਮੇਸ਼ਰ ਦੇ ਪਿਆਰੇ ਤੈਨੂੰ ਰਸਤਾ ਦਸਦੇ ਰਹਿਣਗੇ। ਤੇਰਾ ਕੰਮ ਹੈ ਉਨ੍ਹਾਂ ਉਤੇ ਪੂਰਨ ਵਿਸ਼ਵਾਸ਼ ਰਖਣਾ ਅਤੇ ਉਨ੍ਹਾਂ ਦੇ ਬਚਨ ਦੀ ਕਮਾਈ ਕਰਨੀ। ਹੌਲੀ-ਹੌਲੀ ਉਹ ਤੈਨੂੰ ਸਾਰੀਆਂ ਜੁਗਤਾਂ ਦਸ ਕੇ ਪ੍ਰਭੂ ਨਾਲ ਮਿਲਾਪ ਕਰਾ ਦੇਣਗੇ, ਤੇਰੇ ਕੋਲ ਸਰੀਰ ਦੀ ਸੁੰਦਰਤਾਈ, ਮਾਇਆ, ਉਚੀਆਂ ਪਦਵੀਆਂ, ਪਰਿਵਾਰ ਦੇ ਮੈਂਬਰ ਪੁਤਰ ਧੀਆਂ ਨਾਮ ਦੇ ਮੁਕਾਬਲੇ ਵਿਚ ਕੁਝ ਵੀ ਮਹੱਤਤਾ ਨਹੀਂ ਰਖਦੀਆਂ। ਸੰਸਾਰ ਵਿਚ ਆਉਣਾ ਉਸਦਾ ਗਿਣਿਆ ਜਾਂਦਾ ਹੈ ਜਿਸ ਦੀ ਰਸਨਾ ਵਿਚੋਂ ਹਰ ਵਕਤ ਪ੍ਰਭੂ ਦਾ ਨਾਮ ਉਚਾਰਨ ਹੁੰਦਾ ਹੈ।

*ਆਇਆ ਸਫਲ ਤਾਹੂ ਕੋ ਗਨੀਐ॥*
*ਜਾਸੁ ਰਸਨ ਹਰਿ ਹਰਿ ਜਸੁ ਭਨੀਐ॥*
*ਆਇ ਬਸਹਿ ਸਾਧੂ ਕੈ ਸੰਗੇ॥*
*ਅਨਦਿਨੁ ਨਾਮੁ ਧਿਆਵਹਿ ਰੰਗੇ॥*
*ਆਵਤ ਸੋ ਜਨੁ ਨਾਮਹਿ ਰਾਤਾ॥*
*ਜਾ ਕਉ ਦਇਆ ਮਇਆ ਬਿਧਾਤਾ॥*
*ਏਕਹਿ ਆਵਨ ਫਿਰਿ ਜੋਨਿ ਨ ਆਇਆ॥*
*ਨਾਨਕ ਹਰਿ ਕੈ ਦਰਸਿ ਸਮਾਇਆ॥ ਪੰਨਾ - 252*

ਉਹ ਪੁਰਸ਼ ਧੰਨ ਹਨ ਜਿਹੜੇ ਆ ਕੇ ਪ੍ਰਭੂ ਦਾ ਨਾਮ ਜਪਦੇ ਹਨ ਜਿਸ ਬਾਰੇ ਫੁਰਮਾਨ ਹੈ -

*ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ॥*
*ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ॥*
*ਪੰਨਾ - 252*

ਸੋ ਜਿਨ੍ਹਾਂ ਨੂੰ ਪ੍ਰਭੂ ਦਾ ਮਿਲਾਪ ਹੋ ਗਿਆ, ਸੰਸਾਰ ਤੇ ਆਉਣਾ ਉਨ੍ਹਾਂ ਦਾ ਹੀ ਸਫਲ ਗਿਣਿਆ ਜਾਂਦਾ ਹੈ ਕਿਉਂਕਿ ਵਾਹਿਗੁਰੂ ਤੋਂ ਬਗੈਰ ਇਕ ਖਿਨ ਜਿਉਣਾ ਪੂਰੀ ਤਰ੍ਹਾਂ ਬਿਰਥਾ ਹੈ। ਜਿਸ ਤਰ੍ਹਾਂ ਫੁਰਮਾਨ ਹੈ -

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*
*ਪੰਨਾ - 708*

ਜਿਸ ਵਾਹਿਗੁਰੂ ਦੇ ਨਾਲ ਤੂੰ ਮਿਲਾਪ ਕਰਨਾ ਚਾਹੁੰਦਾ ਹੈਂ, ਐ ਜੀਵ! ਨਿਸ਼ਚੇ ਪੂਰਵਕ ਤੂੰ ਇਹ ਹਿਰਦੇ ਵਿਚ ਵਸਾ ਲੈ ਕਿ ਕੋਈ ਥਾਂ ਐਸਾ ਨਹੀਂ ਜਿਥੇ ਉਹ ਸੂਖਮ ਸਰੂਪ ਵਿਚ ਨਾ ਰਮਿਆ ਹੋਵੇ। ਤੇਰੇ ਅੰਦਰ ਬਾਹਰ, ਧਰਤੀ, ਪਹਾੜਾਂ, ਪਉਣ ਪਾਣੀ ਵਿਚ ਵੀ ਹੈ, ਕੋਈ ਥਾਂ ਐਸੀ ਨਹੀਂ ਜਿਥੇ ਉਹ ਨਹੀਂ ਹੈ। ਉਸਨੂੰ ਹਿਰਦੇ ਵਿਚ ਵਸਾ ਕੇ ਉਸਦੀ ਹਾਜ਼ਰੀ ਵਿਚ ਨਾਮ ਜਪ। ਜਦੋਂ ਇਸ ਤਰ੍ਹਾਂ ਤੂੰ ਕਰੇਂਗਾ, ਤੇਰੇ ਉਪਰ ਉਸ ਪ੍ਰਭੂ ਦੀ ਦਇਆ ਹੋ ਜਾਵੇਗੀ, ਤੇਰੇ ਦੁਖਾਂ ਦਾ ਖਾਤਮਾ ਉਸਦੇ ਮਿਲਾਪ ਨਾਲ ਹੋ ਜਾਵੇਗਾ।

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ।।*
*ਸਰਬ ਲੋਕ ਪੂਰਨ ਪ੍ਰਤਿਪਾਲ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥*
*ਜੈਸੀ ਆਗਿਆ ਤੈਸਾ ਕਰਮੁ।।*
*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ।।* *ਪੰਨਾ - 294*

ਉਹ ਬਖਸ਼ਿਸ਼ਾਂ ਦਾ ਖਜ਼ਾਨਾ ਹੈ, ਉਹ ਆਪਣੇ ਰਚੇ ਹੋਏ ਸੰਸਾਰ ਨੂੰ ਪਿਆਰ ਕਰਦਾ ਹੈ ਅਤੇ ਪਿਆਰ ਦਾ ਰੂਪ ਧਾਰ ਕੇ ਹੀ ਸੰਸਾਰ ਵਿਚ ਰਮਿਆ ਹੋਇਆ ਹੈ -

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥*
*ਜਾਪੁ ਸਾਹਿਬ*

ਫੇਰ ਤੂੰ ਹੀ ਦੱਸ, ਜਿਹੜਾ ਉਸਨੂੰ ਪਿਆਰ ਨਹੀਂ ਕਰਦਾ, ਉਹਦੇ ਵਰਗਾ ਖੁਟਰ ਕੌਣ ਹੈ? ਉਹ ਸਭ ਨੂੰ ਖਾਣ ਪੀਣ ਨੂੰ ਦਿੰਦਾ ਹੈ, ਤੈਨੂੰ ਪੀਣ ਵਾਸਤੇ ਨਿਰਮਲ ਜਲ ਦਿਤਾ ਹੈ, ਸਾਹ ਵਾਸਤੇ ਸ਼ੁਧ ਹਵਾ, ਜੀਅ ਲਗਾਉਣ ਵਾਸਤੇ ਬੱਚੇ, ਬੁਢਾਪੇ ਵਿਚ ਸੇਵਾ ਕਰਨ ਲਈ ਪਿਆਰ ਵਾਲੇ ਸਬੰਧੀ ਦਿਤੇ ਹਨ, ਤੈਨੂੰ ਸ਼ਕਤੀ ਦਿਤੀ ਹੈ, ਸੂਝ ਦਿਤੀ ਹੈ, ਤੈਨੂੰ ਪਾਲਣ ਵਾਸਤੇ ਅੰਨ ਦਿਤਾ ਹੈ, ਹੋਰ ਅਨੇਕ ਕਿਸਮ ਦੀਆਂ ਵਸਤਾਂ ਪੈਦਾ ਕੀਤੀਆਂ ਹਨ, ਫੇਰ ਦਸ ਤੂੰ ਉਸਨੂੰ ਕਿਉਂ ਭੁਲਿਆ ਰਹਿੰਦਾ ਹੈਂ? ਪਿਆਰਿਆ! ਯਾਦ ਰੱਖ, ਉਸਨੂੰ ਭੁੱਲ ਕੇ ਜੋ ਸਾਹ ਲੈਂਦਾ ਹੈਂ ਹਰ ਸਵਾਸ ਤੈਨੂੰ ਦੁਖਾਂ ਵਲ ਧੱਕਾ ਦੇ ਰਿਹਾ ਹੈ ਕਿਉਂਕਿ ਫੁਰਮਾਨ ਹੈ -

*ਦੁਖੁ ਤਦੇ ਜਾ ਵਿਸਰਿ ਜਾਵੈ॥*
*ਭੁਖ ਵਿਆਪੈ ਬਹੁ ਬਿਧਿ ਧਾਵੈ॥* *ਪੰਨਾ - 98*

ਤ੍ਰਿਸ਼ਨਾ ਦੀ ਭੁੱਖ ਲਗ ਜਾਂਦੀ ਹੈ ਅਤੇ ਆਪਣੀਆਂ ਵਾਸ਼ਨਾਵਾਂ ਦੀ ਪੂਰਤੀ ਲਈ ਸੰਸਾਰ ਵਿਚ ਭ੍ਰਮਣ ਕਰਦਾ ਹੈ, ਪ੍ਰਮੇਸ਼ਰ ਨੂੰ ਭੁੱਲ ਜਾਂਦਾ ਹੈ। ਜੇ ਇਹੋ ਨਾਮ ਜਪੇ -

*ਸਿਮਰਤ ਨਾਮੁ ਸਦਾ ਸੁਹੇਲਾ*
*ਜਿਸੁ ਦੇਵੈ ਦੀਨ ਦਇਆਲਾ ਜੀਉ॥* *ਪੰਨਾ - 98*

ਸੋ ਪਿਆਰਿਆ! ਤੈਨੂੰ ਜੁਗਤ ਦਸਦੇ ਹਾਂ ਕਿ ਤੂੰ ਨਿਤ ਅਰਦਾਸ ਕਰ ਕਿ ਮੈਨੂੰ ਆਪਣੇ ਪਿਆਰਿਆਂ ਦੀ ਚਰਨ ਧੂੜ ਦੇਹ, ਤੇਰਾ ਦਰਸ਼ਨ ਕਰਕੇ ਮੇਰਾ ਮਨ ਰਜਦਾ ਹੈ।

*ਖਾਕ ਸੰਤਨ ਕੀ ਦੇਹੁ ਪਿਆਰੇ॥*
*ਆਇ ਪਇਆ ਹਰਿ ਤੇਰੈ ਦੁਆਰੈ॥*
*ਦਰਸਨੁ ਪੇਖਤ ਮਨੁ ਆਘਾਵੈ*
*ਨਾਨਕ ਮਿਲਣੁ ਸੁਭਾਈ ਜੀਉ॥* *ਪੰਨਾ - 98*

ਜਿਨ੍ਹਾਂ ਨੇ ਵਾਹਿਗੁਰੂ ਜੀ ਨੂੰ ਰਾਵਿਆ ਹੈ ਉਨ੍ਹਾਂ ਨੇ ਨਾਮ ਦਾ ਰਸ ਭੋਗਿਆ ਹੈ ਉਨ੍ਹਾਂ ਦੇ ਵੱਡੇ ਭਾਗ ਹਨ। ਉਸ ਵੇਲੇ ਜੀਵ ਤਰਲਾ ਲੈਂਦਾ ਹੈ ਕਿ ਮੇਰੇ ਅੰਦਰ ਦਰਸ਼ਨ ਦੀ ਲੋਚਾ ਲਗ ਗਈ ਹੈ ਤੇ ਮੇਰਾ ਮਨ ਦਰਸ਼ਨਾਂ ਦੀ ਪਿਆਸ ਨਾਲ ਤੜਫ ਰਿਹਾ ਹੈ, ਬਿਰਹੁ ਦੀ ਮੈਂ ਪੀੜਾ ਨਹੀਂ ਝਲ ਸਕਦਾ ਕਿਉਂਕਿ ਉਹ ਇਕ ਬਹੁਤ ਹੀ ਪ੍ਰਬਲ ਸ਼ਕਤੀ ਹੈ -

*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥*
*ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥*
*ਪੰਨਾ - 1368*

ਹੇ ਸਤਿਗੁਰੂ! ਮੇਰੇ ਮਨ ਦੀ ਤ੍ਰਿਖਾ ਹੈ, ਉਹ ਤੇਰੇ ਦਰਸ਼ਨਾਂ ਦੀ ਤ੍ਰਿਖਾ ਹੈ; ਜੋ ਵੀ ਮੈਨੂੰ ਮੇਰੇ ਪ੍ਰਭੂ ਨਾਲ ਮਿਲਾ ਦੇਵੇ, ਮੈਂ ਉਸਦੇ ਚਰਨਾਂ ਤੇ ਢਹਿ ਕੇ ਆਪਣਾ ਆਪਾ ਵੇਚ ਦੇਵਾਂਗਾ ਕਿਉਂਕਿ ਮੇਰੇ ਮਨ ਵਿਚ ਦਰਸ਼ਨਾਂ ਲਈ ਅਥਾਹ ਪਿਆਰ ਜਾਗ ਪਿਆ ਹੈ, ਪ੍ਰਭੂ ਦੇ ਮਿਲਾਪ ਦੀ ਪ੍ਰੀਤ ਨੇ ਮੇਰੇ ਮਨ ਨੂੰ ਘੇਰ ਲਿਆ ਹੈ। ਮੈਂ ਉਸਦੇ ਅੱਗੇ ਆਪਣਾ ਤਨ ਵੀ, ਧਨ ਵੀ ਰੱਖ ਦੇਵਾਂਗਾ ਅਤੇ ਮਨ ਦੀ ਮਤ ਵੀ ਦੇ ਕੇ ਉਸ ਤੋਂ ਪ੍ਰਭੂ ਦੀ ਕਥਾ ਸੁਣਾਂ ਤੇ ਦਿਨ ਰਾਤ ਬੈਰਾਗੀ ਹੋ ਕੇ ਉਸਦੀ ਸੇਵਾ ਵਿਚ ਫਿਰਦਾ ਰਹਾਂ -

*ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ॥*
*ਪਾਇ ਲਗਉ ਮੋਹਿ ਕਰਉ ਬੇਨਤੀ*
*ਕੋਊ ਸੰਤੁ ਮਿਲੈ ਬਡਭਾਗੀ॥*
*ਮਨੁ ਅਰਪਉ ਧਨੁ ਰਾਖਉ ਆਗੈ*
*ਮਨ ਕੀ ਮਤਿ ਮੋਹਿ ਸਗਲ ਤਿਆਗੀ॥*
*ਜੋ ਪ੍ਰਭ ਕੀ ਹਰਿ ਕਥਾ ਸੁਨਾਵੈ*

*ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ॥*

*ਪੰਨਾ - 204*

ਸੋ ਮੇਰਾ ਮਨ ਦਰਸ਼ਨਾਂ ਨੂੰ ਲੋਚਦਾ ਹੈ। ਮੈਂ ਉਸਦੇ ਚਰਨਾਂ ਨਾਲ ਚਿੰਬੜ ਜਾਵਾਂ ਜੋ ਮੈਨੂੰ ਮੇਰਾ ਪ੍ਰਭੂ ਮਿਲਾ ਦੇਵੇ; ਆਪਣੇ ਕੋਲ ਕੁਝ ਵੀ ਨਾ ਰੱਖਾਂ, ਸਭ ਕੁਝ ਅਰਪਣ ਕਰ ਦੇਵਾਂ।

*ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥*

*ਪੰਨਾ - 133*

ਸੋ ਇਹ ਇਕ ਹੂਕ ਹੈ ਜੋ ਇਸ ਭਟਕਦੇ ਜੀਵ ਦੇ ਮਨ ਵਿਚ ਪੈਦਾ ਹੋ ਗਈ, ਉਸਦੀ ਜਗਿਆਸਾ ਪ੍ਰਭੂ ਨੇ ਸੁਣ ਲਈ ਅਤੇ ਉਸਨੂੰ ਪ੍ਰਭੂ ਨੂੰ ਮਿਲਣ ਦਾ ਭੇਤ ਦੇ ਦਿਤਾ।

ਸੋ ਪਿਆਰਿਓ! ਜੀਵ ਭਟਕਦਾ ਫਿਰ ਰਿਹਾ ਹੈ, ਗੁਰੂ ਮਹਾਰਾਜ ਜੀ ਨੇ ਇਸ ਮਹਾਂ ਪਵਿੱਤਰ ਬਾਣੀ ਰਾਹੀਂ ਅਸਾਨੂੰ ਪ੍ਰਭੂ ਨਾਲ ਮਿਲਣ ਦੀ ਜੁਗਤ ਦਸ ਦਿਤੀ ਹੈ ਕਿ ਉਨ੍ਹਾਂ ਪਿਆਰਿਆਂ ਨਾਲ ਮਿਲ, ਉਨ੍ਹਾਂ ਨਾਲ ਮਿਲ ਕੇ ਸਤਿਸੰਗ ਕਰ ਜਿਨ੍ਹਾਂ ਵਿਚ ਸ਼ਕਤੀ ਹੈ ਕਿ ਉਹ ਤੈਨੂੰ ਵੀ ਉਸ ਨਾਲ ਮਿਲਾ ਦੇਣ। ਉਨ੍ਹਾਂ ਪਿਆਰਿਆਂ ਦੇ ਮਿਲਾਪ ਤੋਂ ਬਿਨਾਂ ਕੋਈ ਵੀ ਉਸ ਪ੍ਰਮ ਸ਼ਕਤੀ ਨੂੰ ਤੈਨੂੰ ਮਿਲਾ ਨਹੀਂ ਸਕਦਾ ਕਿਉਂਕਿ ਤੈਨੂੰ ਕੋਈ ਵੀ ਰਸਤੇ ਦੀ ਸੋਝੀ ਨਹੀਂ ਹੈ। ਉਨ੍ਹਾਂ ਪਿਆਰਿਆਂ ਦੀ ਡਿਊਟੀ ਪ੍ਰਭੂ ਨੇ ਲਾਈ ਹੋਈ ਹੈ, ਉਨ੍ਹਾਂ ਉਪਰ ਸ਼ੰਕਾ ਨਾ ਕਰ। ਦਿਨ ਲੰਘ ਰਹੇ ਹਨ, ਹਫਤੇ ਲੰਘ ਰਹੇ ਹਨ; ਵੇਲਾ ਹੈ ਤੂੰ ਹੁਣ ਆਪਣੇ ਆਪ ਨੂੰ ਸੰਭਾਲ -

*ਉਮਰ ਓਹਾ ਵਿਚ ਲੇਖੇ ਦੇ*
*ਜੋ ਯਾਦ ਸਾਂਈ ਵਿਚ ਗੁਜਰੇ,*
*ਪੈਂਦੀ ਮੁਜਰੇ।*
*ਨਹੀਂ ਤਾਂ ਸਾਨੂੰ ਹਾਸਲ ਕੀ ਹੈ*
*ਇਸ ਵਿਚ ਨੀਲੇ ਹੁਜਰੇ, ਸੰਝ ਤੇ ਫਜਰੇ।*

*ਭਾਈ ਵੀਰ ਸਿੰਘ*

ਸੋ ਇਸ ਕਰਕੇ ਤੂੰ ਆਪਣਾ ਕਾਰਜ ਕਰ, ਸਮੇਂ ਨੂੰ ਸੰਭਾਲ।

*ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥*
*ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥*
*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥*
*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥*
*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ॥*

*ਪੰਨਾ - 726*

ਸੋ ਇਸ ਕਰਕੇ ਗੁਰੂ ਮਹਾਰਾਜ ਦੇ ਉਪਦੇਸ਼ਾਂ ਨੂੰ ਹਿਰਦੇ ਵਿਚ ਵਸਾਓ ਕਿਉਂਕਿ ਅਸਾਡਾ ਮਾਨਸ ਜਨਮ, ਜਿਸ ਦੀ ਲੋਚਾ ਦੇਵ ਲੋਕ ਦੇ ਦੇਵਤੇ ਵੀ ਕਰ ਰਹੇ ਹਨ, ਅਸਾਨੂੰ ਪ੍ਰਾਪਤ ਹੋਇਆ ਹੈ -

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥ ਪੰਨਾ - 12*

## ਬਾਰਹਮਾਹਾ ਰਾਗ ਤੁਖਾਰੀ ਅਤੇ ਮਾਝ

*ਡਾ. ਜਗਜੀਤ ਸਿੰਘ*

ਗੁਰੂ ਗ੍ਰੰਥ ਸਾਹਿਬ ਵਿਚ ਦੋ ਬਾਰਹਮਾਹਾ ਪ੍ਰਾਪਤ ਹਨ। ਇਕ ਰਾਗ ਤੁਖਾਰੀ ਵਿਚ ਹੈ, ਜੋ ਗੁਰੂ ਨਾਨਕ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ। ਦੂਜਾ ਰਾਗ ਮਾਝ ਵਿਚ ਹੈ ਜੋ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ। ਦੋਹਾਂ ਦਾ ਵਿਸ਼ਾ ਅਧਿਆਤਮਕ ਹੈ। ਵਿਛੜੀ ਹੋਈ ਜੀਵਆਤਮਾ ਆਪਣੇ ਪਤੀ ਪ੍ਰਮੇਸ਼ਰ ਪ੍ਰਭੂ ਨੂੰ ਮਿਲਣ ਲਈ ਤਰਲਾ ਲੈਂਦੀ ਹੈ, ਮਿਲਾਪ ਮਾਣਦੀਆਂ ਸੁਹਾਗਣਾਂ ਦੀ ਸੰਗਤ ਲੋਚਦੀ ਹੈ। ਬਿਰਹਾ ਦੇ ਦੁੱਖਾਂ ਹਾਵਿਆਂ ਹੌਕਿਆਂ ਦਾ ਵਰਣਨ ਹੈ। ਵਿਛੋੜੇ ਵਿਚ ਹਰ ਰੁੱਤ ਦੁਖਾਵੀਂ ਹੈ, ਮਿਲਾਪ ਵਿਚ ਹਰ ਰੁੱਤ ਸੁਖਾਵੀਂ। ਮਿਲਾਪ ਵਿਚ ਨਾ ਜੇਠ ਹਾੜ ਦੀ ਗਰਮੀ ਪਹੁੰਦੀ ਹੈ, ਨਾ ਪੋਹ ਮਾਘ ਦਾ ਕੱਕਰ-ਪਾਲਾ ਸਤਾਂਦਾ ਹੈ। ਪ੍ਰਭੂ ਵਿਛੋੜੇ ਦਾ ਕਾਰਨ ਕਿਰਤ ਕਰਮ ਹਨ, ਮਿਲਾਪ ਦਾ ਸਾਧਨ ਨਾਮ ਸਿਮਰਨ, ਗੁਣ ਗਾਇਨ, ਪ੍ਰਭੂ-ਗੁਣਾਂ ਦੀ ਸੰਭਾਲ, ਸੰਤ ਸਾਧੂ ਜਨਾ ਦੀ ਸੰਗਤ ਅਤੇ ਪ੍ਰਭੂ ਮਿਹਰ ਹੈ।

### ਤੁਖਾਰੀ ਛੰਤ ਮਹਲਾ ੧ ਬਾਰਹਮਾਹਾ

ਚੇਤੁ ਦਾ ਮਹੀਨਾ ਨਵੇਂ ਸਾਲ ਦਾ ਪਹਿਲਾ ਮਹੀਨਾ ਹੈ। ਗੁਰੂ ਨਾਨਕ ਦੇਵ ਜੀ ਦੇ ਤੁਖਾਰੀ ਰਾਗ ਵਿਚ ਉਚਾਰਨ ਕੀਤੇ ਬਾਰਹਮਾਹਾ ਵਿਚ ਚੇਤੁ ਮਹੀਨੇ ਦਾ ਵਰਣਨ ਕਰਨ ਤੋਂ ਪਹਿਲਾਂ ਚਾਰ ਅੰਕ ਬਾਰਹਮਾਹਾ ਦੀ ਭੂਮਿਕਾ ਵਜੋਂ ਉਚਾਰਨ ਕੀਤੇ ਹਨ ਜਿਨ੍ਹਾਂ ਦੇ ਪਾਠ ਤੋਂ ਇਸ ਰਤਨਾ ਦੇ ਵਿਸ਼ਾ ਵਸੂਤ ਦਾ ਗਿਆਨ ਪ੍ਰਾਪਤ ਹੁੰਦਾ ਹੈ। ਪਾਠ ਤੇ ਸਰਲ ਵਿਆਖਿਆ ਇਸ ਪ੍ਰਕਾਰ ਹੈ -

*ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ॥*
*ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ॥*
*ਹਰਿ ਰਚਨਾ ਤੇਰੀ ਕਿਆ ਗਤਿ ਮੇਰੀ ਹਰਿ ਬਿਨੁ ਘੜੀ ਨ ਜੀਵਾ॥*
*ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤੁ ਪੀਵਾਂ॥*
*ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨ ਕਰਮ ਸੁਕਰਮਾ॥*
*ਨਾਨਕ ਪੰਥੁ ਨਿਹਾਲੇ ਸਾ ਧਨ ਤੂ ਸੁਣਿ ਆਤਮ ਰਾਮਾ॥*

*ਪੰਨਾ - 1107*

ਅਰਥਾਤ ਪ੍ਰਮਾਤਮਾ ਹਰੇਕ ਜੀਵ ਨੂੰ ਆਪਣੇ ਪੂਰਬਲੇ ਕੀਤੇ ਹੋਏ, ਕਮਾਏ ਹੋਏ ਕਰਮਾਂ ਅਨੁਸਾਰ ਦੁਖ ਸੁਖ ਭੋਗਣ ਲਈ ਦਿੰਦਾ ਹੈ ਅਤੇ ਜੋ ਉਹ ਜੀਵ ਨੂੰ ਦਿੰਦਾ ਹੈ ਓਹੀ ਠੀਕ ਹੈ, ਭਲਾ ਹੈ। ਮਾਝ ਰਾਗ ਵਿਚ ਵੀ ਗੁਰੂ ਅਰਜਨ ਦੇਵ ਜੀ ਨੇ ਇਹੋ ਵਿਚਾਰ ਪ੍ਰਗਟ ਕੀਤੇ ਹਨ ਕਿ ਅਸੀਂ

ਜੀਵ ਆਪਣੇ ਕੀਤੇ ਹੋਏ ਕਰਮਾਂ ਦੀ ਕਮਾਈ ਅਨੁਸਾਰ ਹੀ ਪ੍ਰਭੂ ਤੋਂ ਵਿਛੁੜੇ ਹਾਂ -

***ਕਿਰਤ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥***
***ਪੰਨਾ - 133***

ਅੱਗੇ ਫੁਰਮਾਨ ਕੀਤਾ ਹੈ ਕਿ ਹੇ ਪ੍ਰਮਾਤਮਾ! ਇਹ ਸਾਰਾ ਬ੍ਰਹਿਮੰਡ ਤੇਰੀ ਰਚਨਾ ਹੈ, ਇਸ ਵਿਚ ਮੇਰੀ ਹਸਤੀ ਕੋਈ ਅਰਥ ਨਹੀਂ ਰਖਦੀ, ਤੇਰੇ ਬਿਨਾਂ ਮੇਰਾ ਇਕ ਘੜੀ ਦਾ ਜੀਵਨ ਵੀ ਕਾਹਦਾ ਜੀਵਨ ਹੈ? ਹੇ ਪਿਆਰੇ! ਤੇਰੇ ਤੋਂ ਵਿਛੜ ਕੇ ਮੇਰਾ ਜੀਵਨ ਦੁਖ ਹੀ ਦੁਖ ਹੈ, ਇਸ ਦੁਖ ਵਿਚੋਂ ਕੱਢਣ ਲਈ ਕੋਈ ਸਹਾਇਕ, ਬੇਲੀ ਵੀ ਨਹੀਂ ਦੀਂਹਦਾ। ਤੂੰ ਹੀ ਮਿਹਰ ਕਰ, ਗੁਰੂ ਦੀ ਸ਼ਰਨ ਬਖਸ਼ਿਸ਼ ਕਰ ਤਾਕਿ ਮੈਂ ਸਦਾ ਹੀ ਆਤਮਿਕ-ਜੀਵਨ ਬਖਸ਼ਣ ਵਾਲਾ ਨਾਮ ਅੰਮ੍ਰਿਤ ਪੀਂਦਾ ਰਹਾਂ। ਆਪਣੀ ਬੇਅੰਤ ਰਚਨਾ ਵਿਚ ਵਿਆਪਕ, ਰਚੇ ਹੋਏ ਨਿਰੰਕਾਰ ਪ੍ਰਭੂ ਨੂੰ ਮਨ ਵਿਚ ਵਸਾਣਾ ਹੀ ਸਭ ਕੰਮਾਂ ਤੋਂ ਸ੍ਰੇਸ਼ਟ ਕੰਮ ਹੈ, ਇਹੋ ਮਨੁੱਖ ਦਾ ਜੀਵਨ ਮਨੋਰਥ ਹੈ। ਹੇ ਸਰਬ ਵਿਆਪਕ ਪ੍ਰਮਾਤਮਾ! ਤੂੰ ਇਸ ਜੀਵ-ਇਸਤ੍ਰੀ ਦੀ ਅਰਜ਼ੋਈ ਸੁਣ ਅਤੇ ਉਸਨੂੰ ਆਪਣੇ ਦਰਸ਼ਨ ਬਖਸ਼, ਜੀਵ ਇਸਤ੍ਰੀ ਤੇਰਾ ਰਾਹ ਤੱਕ ਰਹੀ ਹੈ।

***ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ॥***
***ਸਾ ਧਨ ਸਭਿ ਰਸ ਚੋਲੈ ਅੰਕਿ ਸਮਾਣੀਆ॥***
***ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ ਸਾ ਸੋਹਾਗਣਿ ਨਾਰੇ॥***
***ਨਵ ਘਰ ਥਾਪਿ ਮਹਲ ਘਰੁ ਊਚਉ ਨਿਜ ਘਰਿ ਵਾਸੁ ਮੁਰਾਰੇ॥***
***ਸਭ ਤੇਰੀ ਤੂ ਮੇਰਾ ਪ੍ਰੀਤਮੁ ਨਿਸਿ ਬਾਸੁਰ ਰੰਗਿ ਰਾਵੈ॥***
***ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ ਕੋਕਿਲ ਸਬਦਿ ਸੁਹਾਵੈ॥***
***ਪੰਨਾ - 1107***

ਜਿਵੇਂ ਪਪੀਹਾ (ਬਬੀਹਾ) ਪਿਆਰ ਵਿਚ 'ਪ੍ਰਿਉ ਪ੍ਰਿਉ' ਬੋਲਦਾ ਹੈ, ਜਿਵੇਂ ਕੋਇਲ ਪਿਆਰ ਦੀ ਮਿੱਠੀ ਸੁਰੀਲੀ ਭਾਸ਼ਾ 'ਕੂ ਕੂ' ਕਰਕੇ ਬੋਲਦੀ ਹੈ, ਤਿਵੇਂ ਹੀ ਜਿਹੜੀ ਜੀਵ ਆਤਮਾ (ਜੀਵ ਇਸਤ੍ਰੀ) ਪ੍ਰਭੂ ਪਤੀ ਦੇ ਪਿਆਰ ਵੈਰਾਗ ਵਿਚ ਆ ਕੇ ਮਿੱਠੀ ਸੁਰ ਵਿਚ ਉਸ ਨੂੰ ਦਿਲੋਂ ਯਾਦ ਕਰਦੀ ਹੈ, ਉਹ ਜੀਵ ਇਸਤ੍ਰੀ ਪ੍ਰਭੂ ਪਤੀ ਦੇ ਮਿਲਾਪ ਦਾ ਸਭ ਅਨੰਦ ਰਸ ਮਾਣਦੀ ਹੈ ਤੇ ਉਸ ਦੀ ਬਿਰਤੀ ਸਦਾ ਪ੍ਰਭੂ ਚਰਨਾਂ ਵਿਚ ਟਿਕੀ ਰਹਿੰਦੀ ਹੈ। ਪ੍ਰਭੂ ਦੀ ਮਿਹਰ ਸਦਕਾ ਹੀ ਜੀਵ ਇਸਤ੍ਰੀ ਪ੍ਰਭੂ ਨੂੰ ਚੰਗੀ ਲਗਦੀ ਹੈ ਅਤੇ ਉਸ ਦੀ ਬਿਰਤੀ ਵੀ ਪ੍ਰਭੂ ਮਿਹਰ ਸਦਕਾ ਹੀ ਉਸ ਦੇ ਵਿਚ ਜੁੜੀ ਰਹਿੰਦੀ ਹੈ। ਐਸੀ ਸੁਹਾਗਣ ਇਸਤ੍ਰੀ ਉਚੇ ਭਾਗਾਂ ਵਾਲੀ ਹੁੰਦੀ ਹੈ। ਐਸੀ ਸੁਹਾਗਣ ਨਾਰ ਆਪਣੇ ਸਰੀਰ ਦੀਆਂ ਨੌਂ ਗੋਲਕਾਂ (ਇੰਦ੍ਰਿਆਂ) ਨੂੰ ਜੁਗਤਿ ਵਿਚ ਰੱਖ ਕੇ ਆਪਣੇ ਆਪੇ ਨੂੰ ਪ੍ਰਭੂ ਦੇ ਸਰੂਪ ਵਿਚ ਟਿਕਾ ਦਿੰਦੀ ਹੈ ਅਤੇ ਮਾਇਕ ਪਦਾਰਥਾਂ ਦੇ ਮੋਹ ਤੋਂ ਉਠ ਕੇ ਪ੍ਰਭੂ ਦਾ ਉਚਾ ਟਿਕਾਣਾ ਮੱਲ ਲੈਂਦੀ ਹੈ। ਐਸੀ ਜੀਵ ਇਸਤ੍ਰੀ ਪ੍ਰਭੂ ਪਿਆਰ ਵਿਚ ਰੰਗੀਜ ਕੇ ਦਿਨ ਰਾਤ ਉਸ ਨੂੰ ਸਿਮਰਦੀ ਹੈ ਤੇ ਅੰਦਰੋਂ ਬਾਹਰੋਂ ਇਹ ਅਨੁਭਵ ਮਾਣਦੀ ਹੈ ਕਿ ਸਾਰੀ ਸ੍ਰਿਸ਼ਟੀ ਉਸ ਦੀ ਰਚੀ ਹੋਈ ਹੈ ਤੇ ਉਹ ਪ੍ਰਮਾਤਮਾ ਹੀ ਉਸ ਜੀਵ ਇਸਤ੍ਰੀ ਦਾ ਮਾਲਕ ਖਸਮ ਸਾਂਈ ਹੈ। ਜਿਵੇਂ ਪਪੀਹਾ ਪ੍ਰਿਉ ਪ੍ਰਿਉ ਬੋਲਦਾ ਹੈ, ਜਿਵੇਂ ਕੋਇਲ ਮਿੱਠੇ ਗੀਤ ਬੋਲਦੀ ਹੈ, ਤਿਵੇਂ ਪ੍ਰਭੂ ਪਿਆਰ ਵਾਲੀ ਜੀਵ ਇਸਤ੍ਰੀ ਗੁਰ-ਸ਼ਬਦ ਰਾਹੀਂ ਪ੍ਰਭੂ ਦੀ ਸਿਫਤਿ ਸਾਲਾਹ ਦੇ ਗੀਤ ਗਾਉਂਦੀ ਸੋਹਣੀ ਲਗਦੀ ਹੈ। ਅਰਥਾਤ ਨਾਮ ਦੀ ਬਰਕਤ ਨਾਲ, ਪ੍ਰਭੂ ਸਿਫਤਿ ਸਾਲਾਹ ਰਾਹੀਂ ਮਨੁੱਖ ਆਪਣੇ ਸਾਰੇ ਗਿਆਨ ਅਤੇ ਕਰਮ ਇੰਦ੍ਰਿਆਂ ਨੂੰ ਸੰਜਮ ਵਿਚ ਰੱਖ ਕੇ ਮਾਇਕ ਪਦਾਰਥਾਂ ਦੇ ਮੋਹ ਤੋਂ ਉਚਾ ਟਿਕਿਆ ਰਹਿੰਦਾ ਹੈ ਅਤੇ ਗੁਰੂ ਦੇ ਸ਼ਬਦ ਰਾਹੀਂ ਉਸ ਦਾ ਜੀਵਨ ਪਵਿੱਤਰ ਹੋ ਜਾਂਦਾ ਹੈ ਤੇ ਉਸਨੂੰ ਪ੍ਰਭੂ ਮਿਲਾਪ ਦੀ ਬਖਸ਼ਿਸ਼ ਪ੍ਰਾਪਤ ਹੁੰਦੀ ਹੈ।

***ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ॥***
***ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ॥***
***ਕਿਉ ਘੜੀ ਬਿਸਾਰੀ ਹਉ ਬਲਿਹਾਰੀ ਹਉ ਜੀਵਾ ਗੁਣ ਗਾਏ॥***
***ਨਾ ਕੋਈ ਮੇਰਾ ਹਉ ਕਿਸੁ ਕੇਰਾ ਹਰਿ ਬਿਨੁ ਰਹਣੁ ਨ ਜਾਏ॥***
***ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿਤ੍ਰ ਸਰੀਰਾ॥***
***ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ***
***ਗੁਰ ਸਬਦੀ ਮਨੁ ਧੀਰਾ॥*** ***ਪੰਨਾ - 1107***

ਹੇ ਮੇਰੇ ਰਸ-ਭਿੰਨੇ ਪਿਆਰੇ ਮਿੱਠੇ ਪ੍ਰੀਤਮ! ਤੁਸੀਂ ਮੇਰੇ ਮਨ ਤਨ ਅਤੇ ਰੋਮ ਰੋਮ ਵਿਚ ਰਮੇ ਹੋਏ ਹੋ। ਮੇਰੀ ਬੇਨਤੀ ਸੁਣੋ! ਤੁਸੀਂ ਹਰ ਪਲ ਮੇਰੀ ਯਾਦ ਵਿਚ ਵਸਦੇ ਹੋ। ਮੈਂ ਇਕ ਘੜੀ ਵੀ ਤੈਨੂੰ ਕਿਵੇਂ ਵਿਸਾਰ ਸਕਦੀ ਹਾਂ? ਮੈਂ ਹਰ ਪਲ ਤੈਥੋਂ ਸਦਕੇ ਜਾਂਦੀ ਹਾਂ। ਤੇਰੀ ਸਿਫਤਿ-ਸਾਲਾਹ ਕਰ ਕਰਕੇ ਮੇਰੇ ਅੰਦਰ ਆਤਮਿਕ ਅਨੰਦ ਪੈਦਾ ਹੁੰਦਾ ਹੈ। ਤੇਰੇ ਤੋਂ ਬਿਨਾਂ ਨਾ ਕੋਈ ਮੇਰਾ ਸਦਾ ਨਿਭਣ ਵਾਲਾ ਮਿਤ੍ਰ ਜਾਂ ਆਸਰਾ ਹੈ, ਨਾ ਹੀ ਕੋਈ ਸਾਥੀ। ਮੇਰਾ ਮਿਤ੍ਰ ਸਾਥੀ ਮਾਲਕ ਸਭ ਤੂੰ ਹੀ ਹੈਂ। ਤੇਰੀ ਯਾਦ ਤੋਂ ਬਿਨਾਂ ਮੇਰੇ ਮਨ ਵਿਚ ਧੀਰਜ ਨਹੀਂ ਬੱਝਦਾ। ਜਿਸ ਮਨੁੱਖ ਨੇ ਪ੍ਰਮਾਤਮਾ ਦਾ ਹੀ ਆਸਰਾ ਲਿਆ ਹੈ, ਜਿਸ ਦੇ ਹਿਰਦੇ ਵਿਚ ਪ੍ਰਭੂ ਦੇ ਚਰਨ ਵਸ ਗਏ ਹਨ, ਉਸ ਦਾ ਸਰੀਰ ਪਵਿੱਤਰ ਹੋ ਜਾਂਦਾ ਹੈ। ਉਹ ਦੀਰਘ ਦ੍ਰਿਸਟਿ ਵਾਲਾ, ਸੁਘੜ ਲੰਮੀ ਨਜ਼ਰ ਵਾਲਾ ਸਦੀਵ ਆਤਮਿਕ ਅਨੰਦ ਮਾਣਦਾ ਹੈ ਅਤੇ ਗੁਰੂ ਦੇ ਸ਼ਬਦ ਨਾਲ ਜੁੜ ਕੇ ਉਸ ਦਾ ਮਨ ਸਦਾ ਧੀਰਜ ਵਿਚ ਵਿਚਰਦਾ ਹੈ।

***ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ॥***
***ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ॥***
***ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ ਧਨ ਊਭੀ ਗੁਣ ਸਾਰੀ॥***
***ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ॥***
***ਉਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ॥***
***ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ॥***
***ਪੰਨਾ - 1107***

ਜਿਸ ਜੀਵ ਇਸਤ੍ਰੀ ਦੇ ਹਿਰਦੇ ਘਰ ਵਿਚ ਪ੍ਰਭੂ

ਦੀਆਂ ਸਿਫਤਿ ਸਾਲਾਹ ਦੀਆਂ ਸੁਹਾਵਣੀਆਂ ਬੂੰਦਾਂ ਦੀ ਅੰਮ੍ਰਿਤਧਾਰਾ ਵਰ੍ਹਦੀ ਹੈ, ਉਸ ਦੇ ਮਨ ਨੂੰ ਟਿਕਾਉ ਤੇ ਸਹਜ ਪ੍ਰਾਪਤ ਹੁੰਦਾ ਹੈ ਅਤੇ ਉਸ ਦੀ ਪ੍ਰਭੂ ਨਾਲ ਸੱਚੀ ਪ੍ਰੀਤ ਕਾਰਨ ਉਸ ਨੂੰ ਸੱਜਣ ਪ੍ਰਭੂ ਆ ਮਿਲਦਾ ਹੈ। ਐਸੀ ਜੀਵ ਇਸਤ੍ਰੀ ਆਪਣੇ ਹਿਰਦੇ ਨੂੰ ਪ੍ਰਭੂ ਦੇ ਟਿਕਣ ਦਾ ਨਿਵਾਸ (ਮੰਦਰ) ਬਣਾ ਲੈਂਦੀ ਹੈ ਤੇ ਇਹ ਪ੍ਰਭੂ ਨੂੰ ਵੀ ਟਿਕਣ ਲਈ ਚੰਗਾ ਲਗਦਾ ਹੈ ਅਤੇ ਉਹ ਉਸ ਜੀਵ ਇਸਤ੍ਰੀ ਦੇ ਹਿਰਦੇ ਮੰਦਰ ਵਿਚ ਆ ਟਿਕਦਾ ਹੈ। ਅਨੰਦ ਵਿਚ ਸਰਸ਼ਾਰ ਹੋਈ ਜੀਵ ਇਸਤ੍ਰੀ ਉਸ ਦੇ ਗੁਣ ਗਾਇਨ ਕਰਦੀ ਹੈ। ਪਰ ਪ੍ਰਭੂ ਤੋਂ ਵਿਛੜੀ ਬਿਰਹਨ ਵਿਰਲਾਪ ਕਰਦੀ ਕਹਿੰਦੀ ਹੈ – ਹਰੇਕ ਭਾਗਾਂ ਵਾਲੀ ਜੀਵ ਇਸਤ੍ਰੀ ਦੇ ਹਿਰਦੇ ਘਰ ਵਿਚ ਪ੍ਰਭੂ-ਪਤੀ ਰਲੀਆਂ ਮਾਣਦਾ ਹੈ, ਉਸ ਨੇ ਮੈਨੂੰ ਕਿਉਂ ਭੁਲਾ ਦਿਤਾ ਹੈ? ਲਿਫ ਲਿਫ ਕੇ ਨੀਵੇਂ ਆਏ ਘਣੇ ਬੱਦਲਾਂ ਨੂੰ ਆਪਣੀ ਵੇਦਨਾ ਦਸਦੀ ਕਹਿੰਦੀ ਹੈ ਕਿ ਤੁਸੀਂ ਖੂਬ ਵਰ੍ਹੋ, ਪਿਆਰ ਨਾਲ ਵਰ੍ਹੋ ਤਾਕਿ ਮੇਰੇ ਅੰਦਰ ਵੀ ਪ੍ਰਭੂ-ਪਿਆਰ ਤੇ ਸਿਫਤਿ ਸਾਲਾਹ ਦੀ ਵਰਖਾ ਹੋਵੇ ਕਿਉਂਕਿ ਪ੍ਰਭੂ-ਪਿਆਰ ਮੇਰੇ ਮਨ ਵਿਚ, ਮੇਰੇ ਤਨ ਵਿਚ ਅਨੰਦ ਪੈਦਾ ਕਰਦਾ ਹੈ। ਹੇ ਨਾਨਕ! ਜਿਸ ਭਾਗਾਂ ਵਾਲੇ ਹਿਰਦੇ ਘਰ ਵਿਚ ਸਿਫਤਿ ਸਾਲਾਹ ਦੀ ਬਾਣੀ ਦੀ ਵਰਖਾ ਹੁੰਦੀ ਹੈ, ਪ੍ਰਭੂ ਕ੍ਰਿਪਾ ਧਾਰ ਕੇ ਉਥੇ ਆ ਟਿਕਦਾ ਹੈ –

***ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥***
***ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥***
***ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ***
***ਬਿਰਹਿ ਬਿਰੋਧ ਤਨੁ ਛੀਜੈ॥***
***ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥***
***ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ॥***
***ਨਾਨਕ ਚੇਤਿ ਸਹਜਿ ਸੁਖੁ ਪਾਵੈ***
***ਜੇ ਹਰਿ ਵਰੁ ਘਰਿ ਧਨ ਪਾਏ॥*** ***ਪੰਨਾ – 1108***

ਚੇਤ ਦਾ ਮਹੀਨਾ ਰੁੱਤ ਕਰਕੇ ਬਹੁਤ ਸੁਹਾਵਣਾ ਹੁੰਦਾ ਹੈ, ਚੰਗਾ ਲਗਦਾ ਹੈ, ਚੇਤ ਵਿਚ ਬਸੰਤ ਦੀ ਰੁੱਤ ਵੀ ਪਿਆਰੀ ਲਗਦੀ ਹੈ। ਇਸ ਮਹੀਨੇ ਖੁਲ੍ਹੀ ਜੂਹ ਵਿਚ ਬਨਸਪਤੀ ਨੂੰ ਫੁੱਲ ਲਗ ਪੈਂਦੇ ਹਨ ਅਤੇ ਫੁੱਲਾਂ ਉਤੇ ਬੈਠੇ ਭੌਰੇ ਸੋਹਣੇ ਲਗਦੇ ਹਨ। ਜਿਸ ਜੀਵ ਇਸਤ੍ਰੀ ਦੇ ਹਿਰਦੇ ਘਰ ਵਿਚ ਪ੍ਰਭੂ ਪਤੀ ਨਹੀਂ ਆਉਂਦਾ, ਨਹੀਂ ਵਸਦਾ, ਉਸ ਜੀਵ ਇਸਤ੍ਰੀ ਨੂੰ ਸੁੱਖ ਅਨੰਦ ਕਿਵੇਂ ਆ ਸਕਦਾ ਹੈ? ਸਗੋਂ ਵਿਛੋੜੇ ਕਾਰਨ ਉਸ ਦਾ ਸਰੀਰ ਬਿਰਹਾ ਵਿਚ ਟੁੱਟਦਾ ਹੈ, ਦੁਖੀ ਹੁੰਦਾ ਹੈ। ***(ਪਿਰੁ ਘਰਿ ਨਹੀ ਆਵੈ, ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ)***। ਚੇਤਰ ਦੇ ਮਿੱਠੇ ਸੁਹਾਵਣੇ ਮੌਸਮ ਵਿਚ ਕੋਇਲ ਅੰਬ ਦੇ ਰੁੱਖ ਤੇ ਬੈਠੀ ਮਿੱਠੇ ਗੀਤ ਬੋਲ ਰਹੀ ਹੈ, ਪਰ ਵਿਜੋਗਣ ਨੂੰ ਇਹ ਗੀਤ ਮਿੱਠੇ ਨਹੀਂ ਲਗਦੇ ਸਗੋਂ ਚੋਭਵੇਂ ਤੇ ਦੁਖਦਾਈ ਲਗਦੇ ਹਨ ਅਤੇ ਵਿਛੋੜੇ ਦਾ ਦੁੱਖ ਉਸ ਦੇ ਹਿਰਦੇ ਤੋਂ ਸਹਾਰਿਆ ਨਹੀਂ ਜਾਂਦਾ। ***(ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥)*** ਬਿਰਹਾ ਵਿਚ ਦੁਖੀ ਜੀਵ ਇਸਤ੍ਰੀ ਆਪਣਾ ਦੁਖ ਦਰਦ ਮਾਂ ਨਾਲ ਸਾਂਝਾ ਕਰਦੀ ਕਹਿੰਦੀ ਹੈ ਕਿ ਬਾਹਰ ਭੌਰਾ ਖਿੜੇ ਹੋਏ ਫੁੱਲਾਂ ਦੀਆਂ ਡਾਲੀਆਂ ਤੇ ਮੌਜ ਮਸਤੀਆਂ ਮਾਣਦਾ ਹੈ ਪਰ ਮੇਰਾ ਮਨ ਭੌਰਾ ਬਿਰਹਾ ਦੀ ਵੇਦਨਾ ਵਿਚ ਵਿਆਕੁਲ ਹੈ, ਇਹ ਕੋਈ ਜੀਵਨ ਨਹੀਂ, ਇਹ ਤਾਂ ਆਤਮਿਕ ਮੌਤ ਹੈ। ਚੇਤਰ ਮਹੀਨੇ ਦੀ ਸੁਹਾਵਣੀ ਬਸੰਤ ਰੁੱਤ ਵਿਚ ਜਿਸ ਜੀਵ ਇਸਤ੍ਰੀ ਦੇ ਹਿਰਦੇ ਘਰ ਵਿਚ ਪ੍ਰਭੂ ਪਤੀ ਆ ਵਸੇ, ਉਹ ਜੀਵ ਇਸਤ੍ਰੀ ਸਹਿਜ ਅਵਸਥਾ ਵਿਚ ਟਿਕ ਕੇ ਸੱਚਾ ਸੁਖ ਅਤੇ ਆਤਮਿਕ ਅਨੰਦ ਮਾਣਦੀ ਹੈ।

ਬਾਰਹਮਾਹਾ ਮਾਝ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ

***ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥***
***ਚਾਰਿ ਕੁੰਟ ਦਹਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥***
***ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥***
***ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥***
***ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥***
***ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥***
***ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥***
***ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ॥***
***ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥***
***ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥***
***ਪੰਨਾ – 133***

ਮਨੁੱਖ ਪ੍ਰਭੂ ਤੋਂ ਕਿਉਂ ਵਿਛੜਿਆ ਹੋਇਆ ਹੈ? ਬੜਾ ਮਹਾਨ ਪ੍ਰਸ਼ਨ ਹੈ ਜੋ ਹਰ ਜਗਿਆਸੂ ਦੇ ਮਨ ਵਿਚ ਉਠਦਾ ਹੈ। ਗੁਰੂ ਅਰਜਨ ਦੇਵ ਜੀ ਇਸ ਦਾ ਬੜਾ ਸਰਲ, ਸਪਸ਼ਟ ਤੇ ਸਹੀ ਉਤਰ ਦਿੰਦੇ ਕਹਿੰਦੇ ਹਨ ਕਿ ਮਨੁੱਖ ਆਪਣੇ ਕਰਮਾਂ ਕਰਕੇ ਪ੍ਰਭੂ ਤੋਂ ਵਿਛੜ ਜਾਂਦਾ ਹੈ। ਕੀਤੇ ਹੋਏ ਕਰਮ ਸਾਡੇ ਸੰਸਕਾਰ ਬਣਦੇ ਹਨ, ਜੋ ਸੂਖਸ਼ਮ ਸਰੀਰ ਦਾ ਭਾਗ ਬਣ ਜਾਂਦੇ ਹਨ। ਜਿਨ੍ਹਾਂ ਦੇ ਫਲ ਸਰੂਪ ਮਨੁੱਖ ਪ੍ਰਭੂ ਤੋਂ ਵਿਛੜ ਕੇ ਜਨਮ ਮਰਨ ਦੇ ਗੇੜ ਵਿਚ ਪੈ ਜਾਂਦਾ ਹੈ। ਵਿਛੋੜੇ ਦਾ ਦੋਸ਼ ਕਿਸੇ ਨੂੰ ਨਹੀਂ ਦਿਤਾ ਜਾ ਸਕਦਾ ਕਿਉਂਕਿ ਮਨੁੱਖ ਜੋ ਕਰਮ ਕਰਦਾ ਹੈ, ਉਸ ਦਾ ਪ੍ਰਤੀਕਰਮ ਭੋਗਦਾ ਹੈ। ਫੇਰ ਦੋਸ਼ ਕਿਸ ਨੂੰ ਦੇਈਏ?

***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***
***ਪੰਨਾ – 433***

ਹੁਣ ਮਿਲਾਪ ਕਿਵੇਂ ਹੋਵੇ? ਮਿਲਾਪ ਪ੍ਰਭੂ ਦੀ ਬਖਸ਼ਿਸ਼ ਹੈ। ਆਪਣੀ ਹਉਂ ਆਸਰੇ, ਕਰਮਾਂ ਆਸਰੇ ਕੋਈ ਮਨੁੱਖ ਪ੍ਰਭੂ ਪ੍ਰਾਪਤੀ ਨਹੀਂ ਕਰ ਸਕਦਾ। ਚੰਗੇ ਕਰਮਾਂ ਕਰਕੇ ਚੰਗਾ ਮਨੁੱਖੀ ਜਾਮਾ ਤਾਂ ਮਿਲ ਸਕਦਾ ਹੈ ਪਰ ਜਨਮ ਮਰਣ ਤੋਂ ਮੁਕਤ ਹੋ ਕੇ ਮੋਖ ਦੁਆਰ ਪ੍ਰਾਪਤ ਕਰਨਾ ਕੇਵਲ 'ਨਦਰ' ਰਾਹੀਂ ਹੀ ਸੰਭਵ ਹੈ –

***ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥***
***ਪੰਨਾ – 2***

ਏਥੇ ਗੁਰੂ ਅਰਜਨ ਦੇਵ ਜੀ ਬਖਸ਼ਿਸ਼ ਕਰ ਰਹੇ ਹਨ ਕਿ ਹੇ ਪ੍ਰਭੂ! ਅਸੀਂ ਆਪਣੇ ਕਰਮਾਂ ਦੀ ਕਮਾਈ ਅਨੁਸਾਰ ਤੈਥੋਂ ਵਿਛੁੜੇ ਹੋਏ ਹਾਂ, ਤੈਨੂੰ ਭੁੱਲੇ ਬੈਠੇ ਹਾਂ, ਮਿਹਰ ਕਰਕੇ ਸਾਨੂੰ ਮਿਲਾਪ ਬਖਸ਼ਿਸ਼ ਕਰ। ਸੰਸਕਾਰਾਂ ਦੀ ਗ੍ਰਿਫਤ ਵਿਚ ਅਤੇ ਮਾਇਆ ਦੇ ਮੋਹ ਵਿਚ ਅਸੀਂ ਚਾਰਾਂ ਦਿਸ਼ਾਵਾਂ ਵਿਚ ਅਤੇ ਅਨੇਕ ਪਾਸਿਆਂ ਵਲ ਸੁਖਾਂ ਖਾਤਰ ਭਟਕਦੇ ਰਹੇ ਹਾਂ ਤੇ ਹੁਣ ਥੱਕ ਹੁਟ ਕੇ, ਹੇ ਪ੍ਰਭੂ! ਤੇਰੀ ਸ਼ਰਨ ਵਿਚ ਆਏ ਹਾਂ। ***(ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ। ਚਾਰਿ ਕੁੰਟ ਦਹਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥ ਪੰਨਾ - 133)*** ਜਿਵੇਂ ਦੁੱਧ ਤੋਂ ਸੱਖਣੀ ਗਾਂ ਕਿਸੇ ਕੰਮ ਨਹੀਂ ਆਉਂਦੀ, ਜਿਵੇਂ ਪਾਣੀ ਤੋਂ ਬਿਨਾਂ ਖੇਤੀ ਸੁੱਕ ਜਾਂਦੀ ਹੈ, ਫਸਲ ਨਹੀਂ ਪ੍ਰਾਪਤ ਹੁੰਦੀ, ਧਨ ਦੀ ਕਮਾਈ ਨਹੀਂ ਹੋ ਸਕਦੀ, ਤਿਵੇਂ ਹੀ ਨਾਮ ਤੋਂ ਬਿਨਾਂ ਸਾਡਾ ਜੀਵਨ ਵਿਅਰਥ ਚਲਾ ਜਾਂਦਾ ਹੈ। ਖਸਮ-ਪ੍ਰਭੂ ਨੂੰ ਮਿਲਣ ਤੋਂ ਬਿਨਾਂ ਕਿਸੇ ਹੋਰ ਥਾਂ ਸੁਖ ਭੀ ਨਹੀਂ ਮਿਲ ਸਕਦਾ। ਸੁਖ ਮਿਲੇ ਭੀ ਕਿਵੇਂ? ਕਿਉਂਕਿ ਜਿਸ ਹਿਰਦੇ ਘਰ ਵਿਚ ਪ੍ਰਭੂ-ਪਤੀ ਨਹੀਂ ਵਸਦਾ, ਉਹ ਹਿਰਦਾ ਘਰ, ਪਿੰਡ ਤੇ ਸ਼ਹਿਰ ਤਪਦੀ ਭੱਠੀ ਭਾਂਗ ਹੁੰਦੇ ਹਨ, ਦੁਖਾਂ ਦਾ ਘਰ ਹੁੰਦੇ ਹਨ। ਵਿਛੁੜੀ ਹੋਈ ਇਸਤ੍ਰੀ ਲਈ ਆਪਣੇ ਸਰੀਰ ਸਮੇਤ ਸਾਰੇ ਹਾਰ ਸ਼ਿੰਗਾਰ ਪਾਨਾ ਬੀੜੇ ਤੇ ਹੋਰ ਰਸ ਵਿਅਰਥ ਦਿਸਦੇ ਹਨ ਅਤੇ ਪਤੀ ਦੇ ਵਿਛੋੜੇ ਵਿਚ ਸਾਰੇ ਸੱਜਣ ਮਿਤ੍ਰ ਵੀ ਚੰਗੇ ਨਹੀਂ ਲਗਦੇ ਸਗੋਂ ਜਿੰਦ ਦੇ ਵੈਰੀ ਹੋ ਢੁਕਦੇ ਹਨ।

ਗੁਰੂ ਮਹਾਰਾਜ ਬੇਨਤੀ ਰੂਪ ਵਿਚ ਫੁਰਮਾਨ ਕਰਦੇ ਹਨ ਕਿ ਹੇ ਪ੍ਰਭੂ! ਕ੍ਰਿਪਾ ਕਰਕੇ ਆਪਣੇ ਨਾਮ ਦੀ ਦਾਤ ਬਖਸ਼ਿਸ਼ ਕਰ। ਆਪਣੇ ਚਰਨਾਂ ਨਾਲ ਜੋੜ ਕੇ ਰੱਖ। ਹੋਰ ਸਾਰੇ ਆਸਰੇ ਪਰਨੇ ਨਾਸਵੰਤ ਹਨ। ਇਕ ਤੇਰਾ ਆਸਰਾ, ਤੇਰਾ ਘਰ, ਸਦਾ ਕਾਇਮ ਰਹਿਣ ਵਾਲਾ ਹੈ। ਇਸ ਨਾਲ ਜੋੜ ਕੇ ਰੱਖ।

***ਚੇਤਿ ਗੋਵਿੰਦੁ ਆਰਾਧੀਐ ਹੋਵੈ ਅਨੰਦੁ ਘਣਾ॥***
***ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥***
***ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥***
***ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥***
***ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥***
***ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ।।***
***ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ।।***
***ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥***
***ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥***
***ਪੰਨਾ - 133***

ਚੇਤ ਦਾ ਮਹੀਨਾ ਬਸੰਤ ਰੁੱਤ ਦਾ ਬੜਾ ਸੁਹਾਵਣਾ ਮਹੀਨਾ ਹੈ, ਹਰ ਪਾਸੇ ਖਿੜੀ ਫੁਲਵਾੜੀ ਮਨ ਨੂੰ ਅਨੰਦ ਦਿੰਦੀ ਹੈ। ਜੇ ਇਸ ਮਹੀਨੇ ਦੀ ਮਿੱਠੀ ਰੁੱਤ ਵਿਚ ਪ੍ਰਭੂ ਦਾ ਸਿਮਰਨ ਕਰੀਏ ਤਾਂ ਸਿਮਰਨ ਦੀ ਬਰਕਤਿ ਨਾਲ ਬਹੁਤ ਆਤਮਕ ਅਨੰਦ ਪ੍ਰਾਪਤ ਹੁੰਦਾ ਹੈ ਪਰ ਰਸਨਾ ਨਾਲ ਪ੍ਰਭੂ ਸਿਮਰਨ ਕਰਨ ਦੀ ਦਾਤਿ ਗੁਰੂ ਪਿਆਰ ਵਾਲੇ ਨਾਮ-ਅਨੁਭਵੀ ਸੰਤ ਜਨਾਂ ਨੂੰ ਮਿਲ ਕੇ ਹੀ ਪ੍ਰਾਪਤ ਹੁੰਦੀ ਹੈ। ***(ਚੇਤਿ ਗੋਵਿੰਦੁ ਆਰਾਧੀਐ ਹੋਵੈ ਅਨੰਦੁ ਘਣਾ॥ ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥)*** ਸੰਸਾਰ ਵਿਚ ਉਸ ਮਨੁੱਖ ਦਾ ਹੀ ਆਉਣਾ ਸਫਲ ਹੈ ਜਿਸ ਨੇ ਸਿਮਰਨ ਦੀ ਸਹਾਇਤਾ ਨਾਲ ਆਪਣੇ ਪ੍ਰਮਾਤਮਾ ਦਾ ਮਿਲਾਪ ਹਾਸਲ ਕਰ ਲਿਆ ਹੈ ਕਿਉਂਕਿ ਪ੍ਰਭੂ ਦੀ ਯਾਦ ਤੋਂ ਬਿਨਾਂ ਇਕ ਖਿਨ ਦਾ ਸਮਾਂ ਗੁਜ਼ਾਰਨਾ ਭੀ ਜ਼ਿੰਦਗੀ ਨੂੰ ਬਰਬਾਦ ਕਰਨਾ ਹੈ। ***(ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ। ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥)*** ਅਸਲ ਜੀਵਨ ਉਸ ਦੀ ਯਾਦ ਵਿਚ ਜੀਉਣਾ ਹੈ। ਉਹ ਹੀ ਸਫਲ ਜੀਵਨ ਹੈ, ਆਤਮਿਕ ਜੀਵਨ ਹੈ, ਸਦੀਵ ਜੀਵਨ ਹੈ। ਫੁਰਮਾਨ ਹੈ -

***ਜੀਵਨਾ ਸਫਲ ਜੀਵਨ ਸੁਨਿ ਹਰਿ ਜਪਿ ਜਪਿ ਸਦ ਜੀਵਨਾ॥***
***ਪੰਨਾ - 1019***

ਜਿਹੜਾ ਪ੍ਰਭੂ ਪਾਣੀ ਵਿਚ, ਧਰਤੀ ਵਿਚ, ਆਕਾਸ਼ ਅਤੇ ਜੰਗਲ ਵਿਚ ਹਰ ਥਾਂ ਪਰੀਪੂਰਨ ਹੈ, ਸਰਬ-ਵਿਆਪਕ ਹੈ, ਜੇ ਐਸਾ ਪ੍ਰਭੂ ਜਿਸਦੇ ਹਿਰਦੇ ਵਿਚ ਨਾ ਵਸੇ ਤਾਂ ਉਸ ਮਨੁੱਖ ਦੇ ਦੁਖਾਂ ਦੀ ਗਿਣਤੀ ਹੀ ਨਹੀਂ ਹੋ ਸਕਦੀ ਅਰਥਾਤ ਉਸ ਦਾ ਜੀਵਨ ਅਤਿਅੰਤ ਦੁੱਖਾਂ ਨਾਲ ਆ ਘਿਰਦਾ ਹੈ। ***(ਪ੍ਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥)*** ਪਰ ਜਿਨ੍ਹਾਂ ਗੁਰੂ ਪਿਆਰ ਵਾਲਿਆਂ ਨੇ ਉਸ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ ਹੈ, ਉਨ੍ਹਾਂ ਦਾ ਮਾਨੋ ਬੜਾ ਭਾਗ ਜਾਗ ਪਿਆ ਹੈ, ਉਹ ਵਡਭਾਗੀ ਹਨ। ਸੋ ***(ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥ ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥)*** ਫੁਰਮਾਨ ਹੈ -

***ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥***
***ਪੰਨਾ - 135***

ਸ਼ਬਦ ਦੀਆਂ ਅੰਤਲੀਆਂ ਤੁਕਾਂ ਵਿਚ ਗੁਰੂ ਮਹਾਰਾਜ ਫੁਰਮਾਨ ਕਰਦੇ ਹਨ ਕਿ ਉਨ੍ਹਾਂ ਦਾ ਮਨ ਵੀ ਪ੍ਰਭੂ ਦਰਸ਼ਨ ਦੀਦਾਰਾਂ ਲਈ ਤਾਂਘ ਰਿਹਾ ਹੈ, ਨਾਨਕ ਦੇ ਮਨ ਵਿਚ ਹਰੀ ਦਰਸ਼ਨਾਂ ਦੀ ਪਿਆਸ ਬਣੀ ਹੋਈ ਹੈ। ਜਿਹੜਾ ਮਨੁੱਖ ਹਰੀ ਮਿਲਾਪ ਕਰਵਾ ਦੇਵੇ, ਦਰਸ਼ਨ-ਦੀਦਾਰ ਕਰਨ ਵਿਚ ਸਹਾਇਤਾ ਕਰੇ, ਮੈਂ ਨਾਨਕ ਉਸ ਦੇ ਚਰਨੀਂ ਲਗਾਂਗਾ ਅਰਥਾਤ ਉਸ ਦਾ ਬਹੁਤ ਇਜ਼ਤ ਮਾਣ ਕਰਾਂਗਾ। ***(ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥ ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ।।)***

# ਸੰਪਾਦਕੀ

***ਡਾ. ਜਗਜੀਤ ਸਿੰਘ***

ਦੇਸ ਪ੍ਰਦੇਸ ਵਿਚ ਵਸਦੇ 'ਆਤਮ ਮਾਰਗ' ਦੇ ਸਮੂੰਹ ਪਾਂਧੀ ਭਾਗਸ਼ੀਲ ਹਨ ਜਿਨ੍ਹਾਂ ਨੂੰ ਗੁਰੂ ਗੁਰਬਾਣੀ-ਗੁਰਸ਼ਬਦ-ਨਾਮਰਸ ਨਾਲ ਜੋੜਨ ਵਾਲੀ ਮਹਾਨ ਹਸਤੀ ਮਹਾਂਪੁਰਸ਼ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਸੰਗਤ ਪ੍ਰਾਪਤ ਹੋਈ ਅਤੇ ਹੁਣ ਉਨ੍ਹਾਂ ਦੇ ਬੋਲਾਂ ਰਾਹੀਂ ਨਿਰੰਤਰ ਪ੍ਰਾਪਤ ਹੋ ਰਹੀ ਹੈ। ਪੈਂਡਾ ਭਾਵੇਂ ਬਿਖੜਾ ਹੈ, ਸੰਸਾਰਕ ਰਹੁਰੀਤਾਂ ਨਾਲੋਂ ਵੱਖਰਾ ਤੇ ਅਲੱਗ ਹੈ ਜਿਸਨੂੰ ਗੁਰਬਾਣੀ ਵਿਚ ਖਨਿਉਂ ਤਿੱਖੀ ਵਾਲੋਂ ਨਿੱਕੀ ਕਿਹਾ ਹੈ ਪਰ ਹੈ ਅਸਲ, ਸਹੀ ਤੇ ਸੱਚਾ -

*ਭਗਤਾ ਕੀ ਚਾਲ ਨਿਰਾਲੀ॥*
*ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥*
*ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥*
*ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥*
*ਪੰਨਾ - 918*

ਸਾਨੂੰ ਸਮੇਂ ਸਮੇਂ ਇਕਾਂਤ ਵਿਚ ਬੈਠ ਕੇ ਸੋਚਣਾ ਚਾਹੀਦਾ ਹੈ ਕਿ ਕੀ ਕਿਤੇ ਸਾਡਾ ਸਾਰਾ ਜੀਵਨ ਪੈਸਾ ਕਮਾਉਣ, ਖਾਣ ਪੀਣ, ਪਹਿਨਣ ਅਤੇ ਵਾਸ਼ਨਾਵਾਂ ਵਿਚ ਹੀ ਤਾਂ ਨਹੀਂ ਬਤੀਤ ਹੋ ਰਿਹਾ? ਕੀ ਇਹੋ ਅਸਲ ਜੀਵਨ ਹੈ ਜਿਸ ਵਿਚ ਤ੍ਰਿਸ਼ਨਾਂ ਦੀ ਅੱਗ ਵਿਚ ਅਸੀਂ ਝੁਲਸ ਰਹੇ ਹਾਂ। ਜਿਥੇ ਈਰਖਾ ਅਤੇ ਕ੍ਰੋਧ ਦੇ ਭਾਂਬੜ ਮੱਚ ਰਹੇ ਹਨ? ਜਿਥੇ ਵੈਰ ਵਿਰੋਧ, ਲੁੱਟ ਮਾਰ ਦਾ ਬੋਲ ਬਾਲਾ ਹੈ? ਜਿਥੇ ਦੁਖਾਂ, ਕਲੇਸ਼ਾਂ, ਬੀਮਾਰੀਆਂ, ਮੁਸੀਬਤਾਂ ਨੇ ਸਾਨੂੰ ਚੌਂਹਾਂ ਪਾਸਿਆਂ ਤੋਂ ਘੇਰਿਆ ਹੋਇਆ ਹੈ? ਜਿੱਥੇ ਸੱਚ, ਨਿਆਂ, ਪਿਆਰ, ਹਮਦਰਦੀ, ਸ਼ਾਂਤੀ, ਸਹਿਜ, ਮਿੱਠੇ ਬੋਲ, ਪਰਉਪਕਾਰ, ਸੇਵਾ ਸਿਮਰਨ ਵਰਗੇ ਮਿੱਠੇ ਫਲਾਂ ਦੀ ਅਣਹੋਂਦ ਹੈ। ਜੇ ਮਨੁੱਖ ਦੀ ਆਪਣੀ ਹਉਂ ਆਪਣੀ ਅਕਲ ਨਿਰਣਾ ਨਹੀਂ ਕਰ ਸਕਦੀ ਤਾਂ ਗੁਰੂ ਦੀ ਸ਼ਰਨ ਵਿਚ ਚੱਲੀਏ ਤੇ ਗੁਰੂ ਤੋਂ ਜੀਵਨ ਰਹੱਸ ਦੀ ਕੁਝ ਸੋਝੀ ਲਈਏ। ਨਿਮਨ ਸ਼ਬਦ ਨੂੰ ਇਸ ਵੀਚਾਰ ਦਾ ਆਧਾਰ ਬਣਾਈਏ, ਸ਼ਾਇਦ ਕੁਝ ਸਮਝ ਆ ਜਾਵੇ, ਕੁਝ ਪੱਲੇ ਪੈ ਜਾਵੇ, ਕੁਝ ਚਾਨਣ ਦਿਸ ਪਵੇ ਤੇ ਆਤਮ ਮਾਰਗ ਦੇ ਗਾਡੀ ਰਾਹ ਤੇ ਆ ਪਈਏ। ਫੁਰਮਾਨ ਹੈ -

*ਜੀਵਨਾ ਸਫਲ ਜੀਵਨ ਸੁਨਿ ਹਰਿ ਜਪਿ ਜਪਿ ਸਦ ਜੀਵਨਾ॥*
*ਪੰਨਾ - 1018*

ਅਰਥਾਤ ਅਸਲ ਜ਼ਿੰਦਗੀ, ਸਫਲ ਜ਼ਿੰਦਗੀ, ਫਲਦਾਇਕ ਜ਼ਿੰਦਗੀ ਉਸ ਦੀ ਹੈ ਜੋ ਆਪਣੇ ਪ੍ਰਭੂ ਬਾਰੇ ਸੁਣਦਾ ਹੈ, ਜਾਣਕਾਰੀ ਪ੍ਰਾਪਤ ਕਰਦਾ ਹੈ, ਉਸ ਨੂੰ ਸਿਮਰਦਾ ਤੇ ਧਿਆਉਂਦਾ ਹੈ ਅਤੇ ਇਸ ਤਰ੍ਹਾਂ ਆਤਮਿਕ ਜੀਵਨ ਪ੍ਰਾਪਤ ਕਰਕੇ ਸਦਾ ਸਦਾ ਲਈ ਜੀਉਂਦਾ ਰਹਿੰਦਾ ਹੈ।

*ਪੀਵਨਾ ਜਿਤੁ ਮਨੁ ਆਘਾਵੈ ਨਾਮੁ ਅੰਮ੍ਰਿਤ ਰਸੁ ਪੀਵਨਾ॥*
*ਪੰਨਾ - 1019*

ਝੂਠੇ, ਹਾਨੀਕਾਰਕ, ਸੁਰਤਿ ਗਵਾਉਣ ਵਾਲੇ ਰਸ ਨਹੀਂ ਪੀਂਦਾ ਸਗੋਂ ਉਹ ਰਸ ਪੀਂਦਾ ਹੈ ਜਿਸ ਨਾਲ ਆਤਮਾ ਰੱਜ ਜਾਵੇ। ਨਾਮ ਐਸਾ ਅੰਮ੍ਰਿਤ ਰਸ ਹੈ, ਆਬਿ-ਹਿਯਾਤ ਹੈ ਜਿਸ ਦੇ ਪੀਣ ਨਾਲ ਮਨ ਤ੍ਰਿਪਤ ਹੋ ਜਾਂਦਾ ਹੈ, ਆਤਮਕ ਤੌਰ ਤੇ ਸੁਰਜੀਤ ਹੋ ਜਾਂਦਾ ਹੈ, ਕਦੀ ਮਰਦਾ ਨਹੀਂ।

*ਖਾਵਨਾ ਜਿਤੁ ਭੂਖ ਨ ਲਾਗੈ ਸੰਤੋਖਿ ਸਦਾ ਤ੍ਰਿਪਤੀਵਨਾ॥*
*ਪੰਨਾ - 1019*

ਅਸਲ ਭੋਜਨ ਉਹ ਹੈ ਜਿਸ ਦੁਆਰਾ ਬੰਦੇ ਨੂੰ ਮੁੜ ਕੇ ਭੁੱਖ ਨਹੀਂ ਲਗਦੀ ਅਤੇ ਉਹ ਹਮੇਸ਼ਾ ਰੱਜਿਆ ਪੁਜਿਆ ਰਹਿੰਦਾ ਹੈ।

*ਪੈਨਣਾ ਰਖੁ ਪਤਿ ਪਰਮੇਸੁਰ ਫਿਰਿ ਨਾਗੇ ਨਹੀ ਥੀਵਨਾ॥*
*ਪੰਨਾ - 1019*

(ਭੜਕਾਊ ਸਜੀਲੀਆਂ ਪੁਸ਼ਾਕਾਂ ਦੀ ਭਟਕਣਾ ਛੱਡ) ਸੱਚੀ ਪੁਸ਼ਾਕ ਉਹ ਹੈ ਜਿਸ ਨਾਲ ਪ੍ਰਭੂ ਦੇ ਦਰ ਤੇ ਮਨੁੱਖ ਦੀ ਇਜ਼ਤ-ਆਬਰੂ ਬਣੀ ਰਹਿੰਦੀ ਹੈ ਅਤੇ ਉਹ ਮੁੜ ਕੇ ਕਦੇ ਬੇਪੱਤ ਨਹੀਂ ਹੁੰਦਾ, ਸ਼ਰਮਿੰਦਗੀ ਨਹੀਂ ਸਹਾਰਨੀ ਪੈਂਦੀ, ਪੱਤ ਬਣੀ ਰਹਿੰਦੀ ਹੈ।

*ਭੋਗਨਾ ਮਨ ਮਧੇ ਹਰਿ ਰਸੁ ਸੰਤਸੰਗਤਿ ਮਹਿ ਲੀਵਨਾ॥*
*ਪੰਨਾ - 1019*

ਤ੍ਰਿਸ਼ਨਾਲੂ, ਸੰਸਾਰਕ ਭੋਗ ਤਿਆਗ ਕੇ ਅਸਲ ਅਨੰਦ ਮਾਣ। ਅਸਲ ਖੁਸ਼ੀ, ਸੱਚਾ ਅਨੰਦ ਓਦੋਂ ਪ੍ਰਾਪਤ ਹੁੰਦਾ ਹੈ ਜਦੋਂ ਮਨੁੱਖ ਸਾਧਸੰਗਤ ਵਿਚ ਲੀਨ ਹੋ ਕੇ ਨਾਮ ਅੰਮ੍ਰਿਤ ਰਸ ਨੂੰ ਪਾਨ ਕਰਕੇ ਹਿਰਦੇ ਅੰਦਰ ਮਾਣਦਾ ਹੈ।

*ਬਿਨੁ ਤਾਗੇ ਬਿਨੁ ਸੂਈ ਆਨੀ ਮਨੁ ਹਰਿ ਭਗਤੀ ਸੰਗਿ ਸੀਵਨਾ॥*
*ਪੰਨਾ - 1019*

ਦੁਨਿਆਵੀ ਪਦਾਰਥਾਂ ਦੀ ਸਹਾਇਤਾ ਤੋਂ ਬਿਨਾਂ, ਧਾਗੇ ਅਤੇ ਸੂਈ ਦੀ ਸਹਾਇਤਾ ਤੋਂ ਬਗੈਰ ਮਨੁ ਨੂੰ ਪ੍ਰਭੂ ਭਗਤੀ ਵਿਚ ਪਰੋ ਦੇ।

*ਮਾਤਿਆ ਹਰਿ ਰਸ ਮਹਿ ਰਾਤੇ*
*ਤਿਸੁ ਬਹੁੜਿ ਨ ਕਬਹੂ ਅਉਖੀਵਨਾ॥ ਪੰਨਾ - 1019*

ਝੂਠੇ ਨਸ਼ਿਆਂ ਨੇ ਹਜ਼ਾਰਾਂ ਜੀਵਨ ਬਰਬਾਦ ਕਰ ਦਿਤੇ ਹਨ ਪਰ ਜੋ ਕੋਈ ਵੀ ਪ੍ਰਭੂ ਦੇ ਅੰਮ੍ਰਿਤ ਨਾਮ ਨਾਲ ਮਖ਼ਮੂਰ ਹੁੰਦਾ ਹੈ, ਰੰਗਿਆ ਗਿਆ ਹੈ, ਉਹ ਕਦੇ ਵੀ ਔਖਾ ਨਹੀਂ ਹੁੰਦਾ।

***ਮਿਲਿਓ ਤਿਸੁ ਸਰਬ ਨਿਧਾਨਾ ਪ੍ਰਭਿ ਕ੍ਰਿਪਾਲਿ ਜਿਸੁ ਦੀਵਨਾ॥***
***ਪੰਨਾ - 1019***

ਜਿਸਨੂੰ ਪ੍ਰਭੂ ਤਰੁੱਠ ਕੇ, ਮਿਹਰਬਾਨ ਹੋ ਕੇ ਆਤਮ ਰਸ ਦਾ ਖਜ਼ਾਨਾ ਬਖਸ਼ਿਸ਼ ਕਰਦਾ ਹੈ, ਉਸ ਨੂੰ ਮਾਨੋ ਸਾਰੇ ਖਜ਼ਾਨੇ ਪ੍ਰਾਪਤ ਹੋ ਜਾਂਦੇ ਹਨ। ਲਖ ਪਾਤਸ਼ਾਹੀਆਂ ਜਿੱਡੀ ਖੁਸ਼ੀ ਮਿਲ ਜਾਂਦੀ ਹੈ।

***ਸੁਖੁ ਨਾਨਕ ਸੰਤਨ ਕੀ ਸੇਵਾ ਚਰਣ ਸੰਤ ਧੋਇ ਪੀਵਨਾ॥***
***ਪੰਨਾ - 1019***

ਅਸਲ ਸੁਖ ਗੁਰੂ ਸਾਹਿਬਾਨ, ਸਾਧੂ ਜਨ, ਸੰਤ ਜਨਾ, ਗੁਰੂ ਪਿਆਰ ਵਾਲਿਆਂ ਦੀ ਸੰਗਤ ਵਿਚ ਹੈ, ਉਨ੍ਹਾਂ ਦੀ ਸੇਵਾ ਵਿਚ ਹੈ।

ਐਸੀ ਹੈ ਜੀਵਨ ਵਿਉਂਤ ਜੋ ਗੁਰੂ ਮਹਾਰਾਜ ਧੁਰ ਕੀ ਆਈ ਬਾਣੀ ਰਾਹੀਂ ਪ੍ਰਗਟ ਕਰਦੇ ਹਨ ਜਿਸ ਦੀ ਭਰਪੂਰ ਵਿਆਖਿਆ ਆਪ ਜੀ ਨਿਤ ਪੜ੍ਹਦੇ ਹੋ, ਆਤਮ ਮਾਰਗ ਵਿਚ ਮਹਾਂਪੁਰਸ਼ਾਂ ਦੇ ਲੇਖਾਂ ਵਿਚ, ਜਿਸਨੂੰ ਸੁਣਦੇ ਹੋ ਆਪ ਜੀ ਉਨ੍ਹਾਂ ਦੇ ਦੀਵਾਨਾਂ ਦੀਆਂ ਕੈਸਟਾਂ ਰਾਹੀਂ ਅਤੇ ਜਦੋਂ ਅਸੀਂ ਪੜ੍ਹਦੇ ਹਾਂ ਜਾਂ ਸੁਣਦੇ ਹਾਂ, ਅਸੀਂ ਸੱਚੇ ਅਰਥਾਂ ਵਿਚ ਉਨ੍ਹਾਂ ਦੀ ਸੰਗਤ ਮਾਣਦੇ ਹਾਂ ਜਿਸ ਦੀ ਯਾਚਨਾ ਸ਼ਬਦ ਦੇ ਅੰਤ ਤੇ ਕੀਤੀ ਗਈ ਹੈ। ਆਤਮ ਮਾਰਗ ਦੇ ਮਾਰਚ ਅੰਕ ਵਿਚ ਹੀ ਮਹਾਂਪੁਰਸ਼ਾਂ ਦੇ ਚਾਰ ਲੇਖ ਹਨ - ਬਾਰਹਮਾਹਾ, ਸਾਈ ਨਾਮੁ ਅਮੋਲੁ, ਦਾਸ ਅਨਿੰਨ ਮੇਰੋ ਨਿਜ ਰੂਪ ਅਤੇ ਚਉਥੈ ਪਹਰਿ ਸਬਾਹ ਕੇ'। ਬਾਰਹਮਾਹਾ ਵਿਚ ਸਾਲ ਦੇ ਸਾਰੇ ਮਹੀਨਿਆਂ ਨੂੰ ਦ੍ਰਿਸ਼ਟੀ ਵਿਚ ਰੱਖ ਕੇ ਅਤੇ ਭਾਰਤੀ ਸੰਸਕ੍ਰਿਤੀ ਦੀਆਂ ਥਿੱਤਾਂ ਵਾਰਾਂ ਪ੍ਰਤੀ ਮਨੌਤਾਂ ਦੇ ਪ੍ਰਸੰਗ ਵਿਚ ਆਪ ਜੀ ਨੇ ਗੁਰਮਤਿ ਗਾਡੀ ਰਾਹ ਦੀ ਭਰਪੂਰ ਵਿਆਖਿਆ ਕੀਤੀ ਹੈ ਅਤੇ ਦੱਸਿਆ ਹੈ ਕਿ ਗੁਰੂ ਜੀ ਨੇ ਹਰ ਪਲ, ਹਰ ਘੜੀ, ਹਰ ਦਿਨ, ਹਰ ਥਿੱਤ ਵਾਰ ਨੂੰ ਸੋਹਣਾ, ਸ਼ੁਭ, ਸੁਹਾਵਣਾ ਕਿਹਾ ਹੈ ਜਿਸ ਵਿਚ ਪ੍ਰਭੂ ਦਾ ਸਿਮਰਨ ਹੁੰਦਾ ਹੈ। ਬਾਕੀ ਲੇਖਾਂ ਵਿਚ ਗੁਰਬਾਣੀ ਦੀਆਂ ਉਦਾਹਰਣਾਂ ਰਾਹੀਂ ਅਤੇ ਲੋੜ ਅਨੁਸਾਰ ਪ੍ਰਸੰਗ ਦੱਸ ਕੇ ਨਾਮ ਅੰਮ੍ਰਿਤ ਰਸ ਦੇ ਚਸ਼ਮਿਆਂ ਨਾਲ ਸੁਰਤਿ ਨੂੰ ਜੋੜਨ ਦੀ ਸੇਧ ਬਖਸ਼ੀ ਹੈ। ਡਾ. ਸਵਾਮੀ ਰਾਮ ਜੀ ਨੇ 'ਅਨੰਦਮਈ ਜੀਵਨ ਜਾਚ' ਵਿਚ ਵਿਵਹਾਰਕ ਅਤੇ ਅਧਿਆਤਮਕ ਦੋਹਾਂ ਪੱਖਾਂ ਤੋਂ ਸੇਧ ਬਖਸ਼ੀ ਹੈ। ਇੰਜ. ਜਸਵੰਤ ਸਿੰਘ ਨੇ ਮਹਾਂਪੁਰਸ਼ਾਂ ਦੀ ਪ੍ਰੇਰਨਾ ਸਦਕਾ ਗੁਰਬਾਣੀ ਦੀ ਸੋਹਣੀ ਵਿਆਖਿਆ ਕੀਤੀ ਹੈ।

ਆਤਮ ਮਾਰਗ ਦੇ ਬਹੁਤੇ ਪਾਂਧੀਆਂ ਨੂੰ ਇਹ ਜਾਣਕਾਰੀ ਪ੍ਰਾਪਤ ਹੈ ਕਿ ਮਹਾਂਪੁਰਸ਼ਾਂ ਦੇ ਅਰੰਭੇ ਕਾਰਜ ਭਾਈ ਸਾਹਿਬ ਭਾਈ ਲਖਬੀਰ ਸਿੰਘ ਜੀ ਦੀ ਅਗਵਾਈ ਵਿਚ ਆਪ ਜੀ ਸਭਨਾਂ ਦੇ ਸਹਿਯੋਗ ਨਾਲ ਬੜੀ ਚੰਗੀ ਤਰ੍ਹਾਂ ਸੰਪੰਨ ਹੋ ਰਹੇ ਹਨ। ਦੀਵਾਨਾਂ ਦਾ ਸਿਲਸਿਲਾ ਨਿਰੰਤਰ ਜਾਰੀ ਹੈ। ਮਹਾਂਪੁਰਸ਼ਾਂ ਵਲੋਂ ਚਲਾਈ ਪ੍ਰਥਾ ਅਨੁਸਾਰ ਹਰ ਐਤਵਾਰ, ਹਰ ਸੰਗਰਾਂਦ ਅਤੇ ਪੂਰਨਮਾਸ਼ੀ ਨੂੰ ਦੀਵਾਨ ਹਾਲ ਵਿਚ ਨਿਰੰਤਰ ਸਮਾਗਮ ਹੁੰਦੇ ਹਨ ਜਿਸ ਵਿਚ ਗੁਰੂ ਪਿਆਰ ਵਾਲੇ ਮਹਾਂਪੁਰਸ਼ਾਂ ਦੀ ਪ੍ਰੇਰਨਾ ਸਦਕਾ ਵੱਡੀ ਗਿਣਤੀ ਵਿਚ ਪੁੱਜਦੇ ਹਨ। ਗੁਰੂ ਕੇ ਅਤੁੱਟ ਲੰਗਰ ਚਲਦੇ ਹਨ। ਜੋੜਾ ਘਰ ਨੂੰ ਨਵਾਂ ਸੋਹਣਾ ਪੱਕਾ ਸਥਾਨ ਪ੍ਰਾਪਤ ਹੋ ਗਿਆ ਹੈ। ਆਤਮ ਮਾਰਗ ਦੇ ਸਟਾਲ ਲਗਦੇ ਹਨ। ਹਫਤੇ ਵਿਚ ਦੋ ਦਿਨ ਪਰੋਜੈਕਟ ਰਾਹੀਂ ਮਹਾਂਪੁਰਸ਼ਾਂ ਦੇ ਦੀਵਾਨਾਂ ਨੂੰ ਫਿਲਮਾਂ ਰਾਹੀਂ ਵਿਖਾਇਆ ਜਾਂਦਾ ਹੈ। ਰਤਵਾੜਾ ਸਾਹਿਬ ਤੋਂ ਬਾਹਰ ਦੀਵਾਨਾਂ ਦੀ ਬਹੁਤ ਮੰਗ ਆਉਂਦੀ ਰਹਿੰਦੀ ਹੈ। ਭਾਈ ਸਾਹਿਬ ਭਾਈ ਲਖਬੀਰ ਸਿੰਘ ਜੀ ਨੂੰ ਮਹਾਂਪੁਰਸ਼ਾਂ ਦੀ ਅਸੀਸ ਪ੍ਰਾਪਤ ਹੈ। ਉਹ ਦਿਨ ਰਾਤ ਦੀਵਾਨਾਂ ਦੀ ਹਾਜ਼ਰੀ ਭਰਦੇ ਰਹਿੰਦੇ ਹਨ ਅਤੇ ਸੰਗਤਾਂ ਨੂੰ ਗੁਰਮਤਿ ਨਾਲ ਜੋੜ ਰਹੇ ਹਨ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਹਾਂਪੁਰਸ਼ਾਂ ਦੀ ਜਨਮ ਭੂਮੀ ਨਗਰ ਧਮੋਟ ਵਿਚ ਪੰਜ ਦਿਨਾਂ ਦੇ ਸਾਲਾਨਾ ਸਮਾਗਮ ਬੜੀ ਸਫਲਤਾ ਨਾਲ ਸੰਪੰਨ ਹੋਏ ਜਿਸ ਦੀ ਸੰਖੇਪ, ਰੀਪੋਰਟ ਆਪ ਜੀ ਦੀ ਜਾਣਕਾਰੀ ਹਿਤ ਆਤਮ ਮਾਰਗ ਵਿਚ ਦਿਤੀ ਜਾ ਰਹੀ ਹੈ। ਏਥੇ ਰਤਵਾੜਾ ਸਾਹਿਬ ਵਿਖੇ ਦੋਵੇਂ ਸਕੂਲ ਅਤੇ ਆਈ.ਟੀ. ਕਾਲਜ ਬਹੁਤ ਚੜ੍ਹਦੀ ਕਲਾ ਵਿਚ ਚਲ ਰਹੇ ਹਨ ਜਿਨ੍ਹਾਂ ਦੀ ਪੂਰੀ ਜਾਣਕਾਰੀ ਆਤਮ ਮਾਰਗ ਰਾਹੀਂ ਸਮੇਂ ਸਮੇਂ ਦਿਤੀ ਜਾ ਰਹੀ ਹੈ। ਮਹਾਂਪੁਰਸ਼ਾਂ ਦੀ ਯਾਦ ਵਿਚ ਬਣ ਰਹੇ ਹਸਪਤਾਲ ਦਾ ਇਕ ਵਿੰਗ ਬੜੀ ਰਫਤਾਰ ਨਾਲ ਸੰਪੂਰਨ ਹੋ ਰਿਹਾ ਹੈ, ਤੀਜੀ ਮੰਜ਼ਲ ਤਿਆਰੀ ਅਧੀਨ ਹੈ। ਇਸ ਨੂੰ ਸੋਹਣੇ ਹਰਿਆਵਲੇ ਵਾਤਾਵਰਣ ਵਿਚ ਉਸਾਰਿਆ ਜਾਵੇਗਾ। ਮਹਾਂਪੁਰਸ਼ਾਂ ਦੀ ਮਿੱਠੀ ਯਾਦਗਾਰ 'ਅਜਾਇਬ ਘਰ' ਵਿਚਾਰ ਅਧੀਨ ਹੈ, ਇਸ ਬਾਰੇ ਆਪ ਜੀ ਤੋਂ ਵੀ ਸੁਝਾਵਾਂ ਲਈ ਬੇਨਤੀ ਕੀਤੀ ਜਾਂਦੀ ਹੈ। ਮੈਗਜ਼ੀਨ, ਪੁਸਤਕਾਂ, ਕੈਸਟਾਂ ਦੇ ਕਾਰਜ ਬੜੇ ਸੁਚੱਜੇ ਢੰਗ ਨਾਲ ਨਿਭ ਰਹੇ ਹਨ। ਗੁਰੂ ਮਹਾਰਾਜ ਦੀ ਬਖਸ਼ਿਸ਼ ਹੋ ਰਹੀ ਹੈ, ਮਹਾਂਪੁਰਸ਼ ਆਪ ਹੀ ਇਨ੍ਹਾਂ ਕਾਰਜਾਂ ਵਿਚ ਸਹਾਈ ਹੋ ਰਹੇ ਹਨ, ਭਾਈ ਸਾਹਿਬ ਨੂੰ ਅਗਵਾਈ ਬਖਸ਼ ਰਹੇ ਹਨ। ਆਪ ਜੀ ਸਾਰਿਆਂ ਦੇ ਸਹਿਯੋਗ ਨਾਲ ਸਾਰਾ ਉਦਮ ਹੋ ਰਿਹਾ ਹੈ ਜਿਸ ਲਈ ਆਪ ਜੀ ਵੀ ਵਧਾਈ ਦੇ ਪਾਤਰ ਹੋ। ਸਤਿਗੁਰੂ ਸਭਨਾਂ ਨੂੰ ਨਾਮ-ਅੰਮ੍ਰਿਤ-ਰਸ ਦੀ ਬਖਸ਼ਿਸ਼ ਕਰਨ। ਜੀਵਨ ਸਫਲ ਹੋਵੇ, ਸ੍ਵਾਸ ਸਫਲ ਹੋਣ। ਗੁਰੂ ਮਹਾਰਾਜ ਦੀ ਨਦਰਿ ਦੇ ਪਾਤਰ ਬਣੀਏ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਪ੍ਰਾਪਤ ਹੋਣ।

# ਤੂੰ ਕਰਤਾ ਸਚਿਆਰੁ ਮੈਡਾ ਸਾਂਈ॥

*ਇੰਜ. ਜਸਵੰਤ ਸਿੰਘ 'ਸਿਆਣ'*

ਇਹ ਪਵਿੱਤਰ ਬਚਨ ਚੌਥੇ ਪਾਤਸ਼ਾਹ ਸਤਿਗੁਰੂ ਰਾਮਦਾਸ ਜੀ ਮਹਾਰਾਜ ਦੇ ਰਾਗ ਆਸਾ ਵਿਚ ਉਚਾਰਣ ਕੀਤੇ ਹੋਏ, ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ 11 ਤੇ ਸੁਭਾਇਮਾਨ ਹਨ। ਸਤਿਗੁਰੂ ਜੀ ਅਕਾਲ ਪੁਰਖ ਵਾਹਿਗੁਰੂ ਦੀ ਵਡਿਆਈ ਪ੍ਰਗਟ ਕਰਦੇ ਹੋਏ ਆਖ ਰਹੇ ਹਨ ਕਿ ਹੇ ਵਾਹਿਗੁਰੂ! ਤੂੰ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਹੈਂ। ਇਹ ਖੰਡ, ਵਰਭੰਡ, ਦੀਪ, ਲੋਅ, ਆਕਾਸ਼, ਪਾਤਾਲ, ਧਰਤੀਆਂ ਆਦਿ ਰਚ ਕੇ, ਤੈਂ ਹੀ ਜੀਵਨ ਦੇ ਲੱਖਾਂ ਦਰਿਆ ਵਹਾਏ ਹਨ ਅਤੇ ਇਸ ਕਾਇਨਾਤ ਵਿਚ ਕੇਵਲ ਤੂੰ ਹੀ ਸਦਾ ਕਾਇਮ ਰਹਿਣ ਵਾਲੀ ਹਸਤੀ ਹੈਂ ਜਿਸਦਾ ਨਾਂ ਕੋਈ ਆਦਿ ਹੈ ਨਾ ਕੋਈ ਅੰਤ। ਤੇਰੇ ਹੁਕਮ ਅਨੁਸਾਰ ਹੀ ਇਹ ਕਾਇਨਾਤ ਤੇਰੇ ਅੰਦਰ ਲੈਅ ਹੋ ਜਾਂਦੀ ਹੈ। ਜਦੋਂ ਤੂੰ ਫਿਰ ਚਾਹੇਂ, ਰਚਨਾ ਰਚ ਲੈਂਦਾ ਹੈਂ। ਤੂੰ ਹੀ ਸਦਾ ਕਾਇਮ ਦਾਇਮ, ਅਨੰਦ ਸਰੂਪ, ਇਕ ਰਸ, ਸੁਤੇ-ਪ੍ਰਕਾਸ਼ ਹੈਂ। ਜਨਮ ਮਰਨ ਤੋਂ ਰਹਿਤ, ਅਜੂਨੀ, ਹਰ ਤਰ੍ਹਾਂ ਦੇ ਡਰ ਭੈਅ, ਵੈਰ ਵਿਰੋਧ ਤੋਂ ਮੁਕਤ ਹਸਤੀ ਹੈਂ ਔਰ ਅਸਾਡੇ ਵਰਗੇ ਅਨੇਕਾਂ ਜੀਵਾਂ ਦੇ ਸਿਰ ਦਾ ਸਾਈਂ ਹੈਂ। ਅਸਾਡਾ ਇਕ ਇਕ ਸਵਾਸ ਤੇਰੇ ਰਹਿਮੋ ਕਰਮ ਤੇ ਨਿਰਭਰ ਹੈ। ਜਿੰਨਾਂ ਚਿਰ ਤੇਰੀ ਜੋਤਿ ਸਾਡੇ ਅੰਦਰ ਵਸਦੀ ਹੈ, ਉਨਾਂ ਚਿਰ ਅਸੀਂ ਸਰੀਰ ਕਰਕੇ ਸੰਸਾਰ ਵਿਚ ਜੀਵਤ ਹਾਂ। ਇਹ ਜਗਤ ਖਿਲਾਰਾ ਤੇਰਾ ਆਪਣਾ ਹੀ ਰੂਪ ਹੈ ਅਤੇ ਇਹ ਤੂੰ ਆਪਣੀ ਮੌਜ ਅੰਦਰ ਹੀ ਪੈਦਾ ਕੀਤਾ ਹੈ।

ਸੰਸਾਰ ਦੀ ਉਤਪਤੀ ਬਾਰੇ ਗੁਰੂ ਨਾਨਕ ਸਾਹਿਬ ਜੀ ਰਾਗ ਮਾਰੂ ਅੰਦਰ ਇਉਂ ਫੁਰਮਾਨ ਕਰਦੇ ਹਨ -

*ਅਰਬਦ ਨਰਬਦ ਧੁੰਧੂਕਾਰਾ॥*
*ਧਰਣਿ ਨ ਗਗਨਾ ਹੁਕਮੁ ਅਪਾਰਾ॥*
*ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥*
*ਖਾਣੀ ਨ ਬਾਣੀ ਪਉਣ ਨ ਪਾਣੀ॥*
*ਓਪਤਿ ਖਪਤਿ ਨ ਆਵਣ ਜਾਣੀ॥*
*ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ॥*
*ਪੰਨਾ - 1035*

ਭਾਵ ਜਗਤ ਦੇ ਪਸਾਰੇ ਤੋਂ ਬੇਅੰਤ ਸਮਾਂ ਪਹਿਲਾਂ ਉਹ ਅਕਾਲ ਪੁਰਖ ਵਾਹਿਗੁਰੂ ਆਪਣੀ ਮੌਜ ਅੰਦਰ ਸੁੰਨ-ਸਮਾਧਿ ਅਵਸਥਾ ਨੂੰ ਧਾਰਣ ਕਰੀਂ ਬੈਠਾ ਸੀ। ਕੋਈ ਦੱਸ ਨਹੀਂ ਸਕਦਾ ਕਿ ਕਿੰਨਾ ਸਮਾਂ ਉਸਨੇ ਇਸ ਅਵਸਥਾ ਵਿਚ ਬਤੀਤ ਕੀਤਾ। ਉਦੋਂ ਨਾਂ ਧਰਤੀ ਸੀ ਨਾ ਆਕਾਸ਼, ਨਾ ਉਦੋਂ ਦਿਨ ਰਾਤ ਸਨ, ਨਾ ਚੰਦ ਸੂਰਜ ਆਦਿ। ਨਾ ਹੀ ਸੰਸਾਰ ਰਚਨਾ ਦੀਆਂ ਚਾਰ ਖਾਣੀਆਂ ਸਨ, ਨਾ ਹੀ ਜੀਵਾਂ ਦੀਆਂ ਬਾਣੀਆਂ। ਨਾ ਹਵਾ ਤੇ ਨਾ ਹੀ ਪਾਣੀ। ਨਾਂ ਹੀ ਉਤਪਤੀ ਤੇ ਨਾ ਹੀ ਕਿਧਰੇ ਪਰਲੋਂ ਸੀ। ਨਾ ਨੌਂ ਖੰਡ ਧਰਤੀ, ਨਾ ਹੀ ਕੋਈ ਪਤਾਲ, ਸੱਤ ਸਮੁੰਦਰ ਆਦਿ ਕਿਸੇ ਤਰ੍ਹਾਂ ਦੇ ਵਜੂਦ ਵਿਚ ਸਨ। ਫਿਰ ਕੀ ਹੋਇਆ?

*ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥*
*ਬਾਝੁ ਕਲਾ ਆਡਾਣੁ ਰਹਾਇਆ॥*
*ਬ੍ਰਹਮਾ ਮਹੇਸੁ ਉਪਾਏ ਮਾਇਆ ਮੋਹੁ ਵਧਾਇਆ॥*
*ਪੰਨਾ - 1036*

ਫਿਰ ਜਦੋਂ ਉਸ ਨੂੰ ਚੰਗਾ ਲੱਗਾ ਤਾਂ ਉਸਨੇ ਜਗਤ ਪੈਦਾ ਕਰ ਦਿੱਤਾ। ਸਾਰੇ ਜਗਤ ਖਿਲਾਰੇ ਨੂੰ ਉਸਨੇ ਕਿਸੇ ਨਾ ਦਿਸਣ ਵਾਲੇ ਸਹਾਰੇ, ਆਪੋ ਆਪਣੀ ਥਾਂ ਟਿਕਾ ਦਿੱਤਾ। ਤਿੰਨ ਮੁਖ ਦੇਵਤੇ ਬ੍ਰਹਮਾ, ਬਿਸ਼ਨ ਅਤੇ ਮਹੇਸ਼ ਵੀ ਉਸਨੇ ਸੰਸਾਰ ਦੀ ਕਿਰਿਆ ਚਲਾਉਣ ਲਈ ਆਪਣੇ ਆਪ ਤੋਂ ਪੈਦਾ ਕਰ ਦਿੱਤੇ ਅਤੇ ਨਾਲੇ ਹੀ ਇਕ ਬੜਾ ਸ਼ਕਤੀਸ਼ਾਲੀ 'ਮਾਇਆ' ਤੱਤ ਸੰਸਾਰ ਵਿਚ ਪੈਦਾ ਕਰ ਦਿੱਤਾ ਜਿਸਦਾ ਮੁਖ ਕੰਮ ਅਸਾਨੂੰ ਜੀਵਾਂ ਨੂੰ ਪ੍ਰਮੇਸ਼ਰ ਵਲੋਂ ਤੋੜ ਕੇ, ਆਪਣੇ ਵੱਲ ਜੋੜਨਾ ਹੈ। ਇਸ ਮਾਇਆ ਦੇ ਪ੍ਰਭਾਵ ਹੇਠ ਇਕ ਨਵੀਂ 'ਹੋਸ਼' ਭਾਵ 'ਚੇਤਨਤਾ' ਪੈਦਾ ਹੋਈ ਜਿਸਨੇ ਆਪਣੇ ਆਪ ਨੂੰ 'ਮੈਂ' ਕਹਿ ਲਿਆ ਤੇ ਆਪਣੀ ਵੱਖਰੀ ਹਸਤੀ ਕਾਇਮ ਕਰ ਲਈ। ਉਸ ਸਮੇਂ ਤੋਂ ਹੀ ਇਹ ਜੀਵ ਨਿਰੰਕਾਰ ਦੇ ਸਦੀਵੀ, ਅਟੱਲ ਤੇ ਸੁੱਖਾਂ ਦੇ ਮੰਡਲ ਨੂੰ ਅਲਵਿਦਾ ਕਹਿ ਕੇ ਦੁਖਾਂ ਦੇ ਨਾਸ਼ਵਾਨ ਮਾਇਆ ਮੰਡਲ ਦਾ ਇਕ ਨਿਮਾਣਾ ਜਿਹਾ ਜੀਵ ਬਣ ਗਿਆ। ਫਿਰ ਹਉਮੈ ਧਾਰਣ ਕਰਕੇ, ਵਾਹਿਗੁਰੂ ਦੇ ਅਟੱਲ ਹੁਕਮਿ ਤੋਂ ਮੁਨਕਰ ਹੋ ਕੇ, ਜਿਤਨੇ ਵੀ ਕਰਮ ਕੀਤੇ, ਸਭ ਇਕ ਭਾਰੀ ਬੰਧਨ ਬਣ ਗਏ। ਫਿਰ ਕਰਮਾਂ ਦੇ ਭੁਗਤਾਨ ਲਈ, ਕਦੀ ਕੋਈ ਸਰੀਰ, ਕਦੀ ਕੋਈ ਸਰੀਰ, ਪ੍ਰਾਪਤ ਹੁੰਦਾ ਰਿਹਾ ਭਾਵ ਚੌਰਾਸੀ ਦਾ ਲੰਬਾ ਗੇੜ ਪੈ ਗਿਆ।

*ਅਸਥਾਵਰ ਜੰਗਮ ਕੀਟ ਪਤੰਗਾ॥*
*ਅਨਿਕ ਜਨਮ ਕੀਏ ਬਹੁ ਰੰਗਾ॥*
*ਐਸੇ ਘਰ ਹਮ ਬਹੁਤੁ ਬਸਾਏ॥*
*ਜਹ ਹਮ ਰਾਮ ਗਰਭ ਹੋਇ ਆਏ॥*
*ਜੋਗੀ ਜਤੀ ਤਪੀ ਬ੍ਰਹਮਚਾਰੀ॥*
*ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ॥ ਪੰਨਾ - 325*

ਗੁਰੂ ਘਰ ਦੇ ਵੇਦ ਵਿਆਸ ਭਾਈ ਗੁਰਦਾਸ ਜੀ ਸ੍ਰਿਸ਼ਟੀ ਰਚਨਾ ਬਾਰੇ ਫੁਰਮਾਨ ਕਰਦੇ ਹਨ -

*ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।*
*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।*
*ਭਾਈ ਗੁਰਦਾਸ ਜੀ ਦੀ ਵਾਰ 26/2*

ਸ੍ਰਿਸ਼ਟੀ ਦੇ ਰਚਨਹਾਰ ਮਾਲਕ ਦੀ ਸੁੰਨ ਸਮਾਧਿ ਅਵਸਥਾ ਨੂੰ ਏਕੰਕਾਰ ਅਵਸਥਾ ਕਿਹਾ ਗਿਆ ਹੈ। ਫਿਰ ਏਕੰਕਾਰ ਤੋਂ ਇਕ ਸ਼ਬਦ ਧੁਨ ਹੋਈ, ਜਿਸਨੇ ਸਾਰੇ ਖੰਡਾਂ ਵਰਭੰਡਾਂ ਦੀ ਰਚਨਾ ਕੀਤੀ। ਇਸ ਧੁਨ ਦਾ ਨਾਮ 'ਓਂਕਾਰ' ਰੱਖਿਆ ਗਿਆ ਹੈ ਜਿਸ ਬਾਰੇ ਗੁਰੂ ਦਸਮੇਸ਼ ਪਿਤਾ ਜੀ 'ਬਚਿਤ੍ਰ ਨਾਟਕ' ਵਿਚ ਇਉਂ ਫੁਰਮਾਉਂਦੇ ਹਨ -

*ਪ੍ਰਿਥਮ ਕਾਲ ਜਬ ਕੀਆ ਪਸਾਰਾ॥*
*ਓਅੰਕਾਰ ਤੇ ਸ੍ਰਿਸਟਿ ਉਪਾਰਾ॥ (ਬਚਿਤਰ ਨਾਟਕ)*

ਗੁਰੂ ਨਾਨਕ ਦੇਵ ਜੀ ਬਾਣੀ ਅੰਦਰ ਇਉਂ ਫੁਰਮਾਨ ਕਰਦੇ ਹਨ –

*ਓਅੰਕਾਰਿ ਬ੍ਰਹਮਾ ਉਤਪਤਿ॥*
*ਓਅੰਕਾਰੁ ਕੀਆ ਜਿਨਿ ਚਿਤਿ॥*
*ਓਅੰਕਾਰਿ ਸੈਲ ਜੁਗ ਭਏ॥*
*ਓਅੰਕਾਰਿ ਬੇਦ ਨਿਰਮਏ॥*
*ਓਅੰਕਾਰਿ ਸਬਦਿ ਉਧਰੇ॥*
*ਓਅੰਕਾਰਿ ਗੁਰਮੁਖਿ ਤਰੇ॥* *ਪੰਨਾ – 929*

ਭਾਵ ਓਅੰਕਾਰ ਤੋਂ ਬ੍ਰਹਮਾ ਦੀ ਉਤਪਤੀ ਹੋਈ, ਓਅੰਕਾਰ ਨੇ ਹੀ ਸਾਰੀ ਚੇਤਨ ਸ੍ਰਿਸ਼ਟੀ ਰਚੀ ਹੈ, ਓਅੰਕਾਰ ਤੋਂ ਹੀ ਦੇਸ ਅਤੇ ਕਾਲ ਰਚੇ ਗਏ। ਓਅੰਕਾਰ ਤੋਂ ਹੀ ਵੇਦ ਆਦਿ ਦੀ ਰਚਨਾ ਹੋਈ। ਓਅੰਕਾਰ ਤੋਂ ਹੀ ਸ਼ਬਦ ਦੁਆਰਾ ਭਾਵ ਸਿਮਰਨ ਕਰਕੇ ਬੇਅੰਤ ਜੀਵ ਉਧਰ ਗਏ। ਓਅੰਕਾਰ ਨੂੰ ਲਖਣੇ ਕਰਕੇ ਹੀ ਬੇਅੰਤ ਗੁਰਮੁਖਿ ਸੰਸਾਰ ਸਮੁੰਦਰ ਵਿਚੋਂ ਪਾਰ ਹੋ ਗਏ।

ਇਹ ਓਂਕਾਰ ਦੀ ਧੁਨ, ਜਿਸ ਨੂੰ ਸ਼ਬਦ ਜਾਂ ਨਾਮ ਵੀ ਕਿਹਾ ਜਾਂਦਾ ਹੈ, ਸਾਰੀ ਸ੍ਰਿਸ਼ਟੀ ਵਿਚ ਓਤਪੋਤ ਹੈ। ਅਸਾਡੇ ਸਰੀਰਾਂ ਦੇ ਅੰਦਰ ਵੀ ਇਹੋ ਧੁਨ ਗੁਪਤ ਤੌਰ ਤੇ ਨਿਰੰਤਰ ਚਲ ਰਹੀ ਹੈ ਜਿਸ ਬਾਰੇ ਗੁਰੂ ਦਸਮੇਸ਼ ਪਿਤਾ ਜੀ ਅਕਾਲ ਉਸਤਤਿ ਵਿਚ ਇਉਂ ਫੁਰਮਾਨ ਕਰਦੇ ਹਨ–

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥*
*ਨ ਹਾਨ ਹੈ ਨ ਬਾਨ ਹੈ, ਸਮਾਨ ਰੂਪ ਜਾਨੀਐ॥*
*ਮਕੀਨ ਔ ਮਕਾਨ ਅਪ੍ਰਮਾਨ ਤੇਜ ਮਾਨੀਐ॥*
*ਅਕਾਲ ਉਸਤਤਿ*

ਇਸ ਤਰ੍ਹਾਂ ਇਹ ਨਾਮ ਦੀ ਧੁਨ ਕਰਕੇ ਹੀ ਅਸਾਡੇ ਅੰਦਰ ਜੀਵਨ ਦੀ ਰੌਂ ਰੁਮਕਦੀ ਹੈ ਤੇ ਅਸੀਂ ਉਸ ਮਾਲਕ ਦੀਆਂ ਕਠਪੁਤਲੀਆਂ ਹਾਂ। ਜਿਵੇਂ ਸਾਨੂੰ ਰੱਖਦਾ ਹੈ ਤਿਵੇਂ ਹੀ ਅਸੀਂ ਰਹਿੰਦੇ ਹਾਂ। ਸੰਸਾਰ ਵਿਚ ਉਸਦੇ ਬੜੇ ਹੀ ਕਰਾਰੇ ਹੁਕਮ ਦੀ ਕ੍ਰਿਆ ਚਲ ਰਹੀ ਹੈ। ਉਸਦੇ ਹੁਕਮ ਤੋਂ ਬਿਨਾਂ ਇਕ ਪਤਾ ਵੀ ਨਹੀਂ ਹਿੱਲ ਸਕਦਾ। ਅਨੇਕਾਂ ਪਾਤਾਲ, ਆਕਾਸ, ਦੀਪ, ਖੰਡ ਵਰਭੰਡ, ਚੰਦ, ਸੂਰਜ, ਧਰਤੀਆਂ ਉਸਦੇ ਹੁਕਮ ਵਿਚ ਚਲ ਰਹੀਆਂ ਹਨ। ਹੁਕਮ ਅੰਦਰ ਹੀ ਉਸਨੇ ਸ੍ਰਿਸ਼ਟੀ ਰਚੀ ਹੈ। ਹੁਕਮ ਅੰਦਰ ਹੀ ਉਹ ਇਸ ਨੂੰ ਮਿਟਾ ਦਿੰਦਾ ਹੈ ਅਤੇ ਆਪਣੇ ਹੁਕਮ ਨਾਲ ਹੀ ਉਹ ਜੀਵਾਂ ਨੂੰ ਆਪਣੇ ਨਾਲ ਮੇਲ ਲੈਂਦਾ ਹੈ। ਤੀਜੇ ਪਾਤਸ਼ਾਹ ਸਤਿਗੁਰੂ ਅਮਰਦਾਸ ਜੀ ਦਾ ਬਚਨ ਹੈ।

*ਪਾਤਾਲ ਪੁਰੀਆ ਲੋਅ ਆਕਾਰਾ॥*
*ਤਿਸੁ ਵਿਚਿ ਵਰਤੈ ਹੁਕਮੁ ਕਰਾਰਾ॥*
*ਹੁਕਮੇ ਸਾਜੇ ਹੁਕਮੇ ਢਾਹੇ ਹੁਕਮੇ ਮੇਲਿ ਮਿਲਾਇਦਾ॥*
*ਪੰਨਾ – 1060*

ਉਸਦੇ ਹੁਕਮ ਵਿਚ ਹੀ ਅਸੀਂ ਜੀਵ ਮਾਂ ਦੇ ਗਰਭ ਵਿਚ ਟਿਕਦੇ ਹਾਂ। ਹੁਕਮ ਵਿਚ ਉਹ ਮਾਂ ਦੇ ਪੇਟ ਵਿਚ ਜਠਰ ਅਗਨੀ ਵਿਚ ਸਾਨੂੰ ਪੁੱਠੇ ਲਮਕਿਆਂ ਨੂੰ ਵੀ ਹੱਥ ਦੇ ਕੇ ਰੱਖਦਾ ਹੈ। ਹੁਕਮ ਅਨੁਸਾਰ ਹੀ ਅਸੀਂ ਸੰਸਾਰ ਵਿਚ ਆਉਂਦੇ ਹਾਂ ਤੇ ਉਸਦੇ ਹੁਕਮ ਵਿਚ ਹੀ ਭਾਗਾਂ ਵਾਲੇ ਹੋ ਕੇ ਸਮਰੱਥ ਗੁਰੂ ਦੀ ਸ਼ਰਣ ਪੈ ਕੇ, ਇਥੋਂ ਜੀਵਨ-ਮਨੋਰਥ ਦੀ ਪ੍ਰਾਪਤੀ ਕਰਕੇ ਉਸਦੀ ਦਰਗਾਹ ਵਿਚ ਮਾਣ ਪਾਉਂਦੇ ਹਾਂ। ਸਤਿਗੁਰੂ ਨਾਨਕ ਦੇਵ ਜੀ ਉਚਾਰਣ ਕਰਦੇ ਹਨ –

*ਹੁਕਮੈ ਅੰਦਰਿ ਨਿੰਮਿਆ ਪਿਆਰੇ ਹੁਕਮੈ ਉਦਰ ਮਝਾਰਿ॥*
*ਹੁਕਮੈ ਅੰਦਰਿ ਜੰਮਿਆ ਪਿਆਰੇ ਊਧਉ ਸਿਰ ਕੈ ਭਾਰਿ॥*
*ਗੁਰਮੁਖਿ ਦਰਗਹ ਜਾਣੀਐ ਪਿਆਰੇ ਚਲੈ ਕਾਰਜ ਸਾਰਿ॥*
*ਪੰਨਾ – 636*

ਨਿਰਸੰਦੇਹ ਉਸਦਾ ਅਟੱਲ ਹੁਕਮ ਸਾਰੀ ਕਾਇਨਾਤ ਵਿਚ ਵਰਤ ਰਿਹਾ ਹੈ। ਪਰ ਸੰਸਾਰ ਵਿਚ ਐਸੇ ਵਿਰਲੇ ਹਨ ਜਿਹੜੇ ਉਸਦੇ ਹੁਕਮ ਨੂੰ ਸਤਿ ਕਰਕੇ ਮੰਨਦੇ ਹਨ। ਅਸਲ ਵਿਚ ਜਿਨ੍ਹਾਂ ਉਤੇ ਉਹ ਮਿਹਰ ਭਰੀ ਨਜ਼ਰ ਕਰਦਾ ਹੈ ਓਹੀ ਉਸਦੇ ਹੁਕਮ ਨੂੰ ਮਿੱਠਾ ਕਰਕੇ ਮੰਨਦੇ ਹਨ।

*ਹੁਕਮੁ ਭੀ ਤਿਨ੍ਹਾ ਮਨਾਇਸੀ ਜਿਨ੍ ਕਉ ਨਦਰਿ ਕਰੇਇ॥*
*ਹੁਕਮੁ ਮੰਨਿ ਸੁਖੁ ਪਾਇਆ ਪ੍ਰੇਮ ਸੁਹਾਗਣਿ ਹੋਇ॥*
*ਪੰਨਾ – 510*

ਜਿੰਨਾਂ ਚਿਰ ਅਸਾਨੂੰ ਉਹਦੇ ਹੁਕਮ ਦੀ ਵਹਿੰਦੀ ਰੌਂ ਵਿਚ ਆਪਣੇ ਆਪ ਨੂੰ ਸੁਰ ਕਰਨਾ ਨਹੀਂ ਆਉਂਦਾ, ਓਨਾਂ ਚਿਰ ਕਦੀ ਵੀ ਅਸਲ ਸੁਖ ਪ੍ਰਾਪਤ ਨਹੀਂ ਹੋ ਸਕਦਾ। ਜੇ ਸਮਰੱਥ ਗੁਰੂ ਕ੍ਰਿਪਾ ਕਰਕੇ ਸਾਨੂੰ ਹੁਕਮ ਵਿਚ ਤੁਰਨ ਦੀ ਸੋਝੀ ਬਖਸ਼ਿਸ਼ ਕਰ ਦੇਵੇ ਤਾਂ ਸੁਖ ਹੀ ਸੁਖ ਬਣ ਜਾਂਦਾ ਹੈ। ਪੰਚਮ ਪਾਤਸ਼ਾਹ ਜੀ ਉਚਾਰਨ ਕਰਦੇ ਹਨ –

*ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ॥*
*ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ॥*
*ਪੰਨਾ – 400*

ਸਤਿਗੁਰੂ ਨਾਨਕ ਮਹਾਰਾਜ ਜਪੁਜੀ ਸਾਹਿਬ ਦੀ ਅੰਮ੍ਰਿਤਮਈ ਬਾਣੀ ਵਿਚ ਸਾਨੂੰ ਉਸ ਮਾਲਕ ਦੀ ਦਰਗਾਹ ਵਿਚ ਸਚਿਆਰ ਬਣਨ ਦਾ ਵੱਲ ਸਿਖਾਉਂਦੇ ਹੋਏ ਉਪਦੇਸ਼ ਬਖਸ਼ਿਸ਼ ਕਰਦੇ ਹਨ ਕਿ ਹੇ ਭਾਈ! ਕਿਵੇਂ ਅਸੀਂ ਉਸ ਮਾਲਕ ਦੀ ਦਰਗਾਹ ਵਿਚ ਪ੍ਰਵਾਨ ਹੋ ਸਕਦੇ ਹਾਂ ਤੇ ਸਾਡੇ ਅੰਦਰੋਂ ਪ੍ਰਭੂ ਨਾਲੋਂ ਵਿਛੋੜਨ ਵਾਲੀ ਇਹ ਹਉਮੈ ਦੀ ਦੀਵਾਰ ਕਿਵੇਂ ਖਤਮ ਹੋ ਸਕਦੀ ਹੈ? ਬਚਨ ਹੈ –

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥*
*ਪੰਨਾ – 1*

ਇਸਦੇ ਜਵਾਬ ਵਿਚ ਆਪ ਜੀ ਬਖਸ਼ਿਸ਼ ਕਰਦੇ ਹਨ ਕਿ–

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥*
*ਪੰਨਾ – 1*

ਭਾਵ ਜੋ ਵਾਹਿਗੁਰੂ ਦੇ ਅਟੱਲ ਹੁਕਮ ਦੀ ਕ੍ਰਿਆ ਚਲ ਰਹੀ ਹੈ ਉਸ ਨੂੰ ਮਿੱਠਾ ਕਰਕੇ ਮੰਨਣਾ, ਸਦਾ ਹੀ ਉਸਦੀ ਰਜ਼ਾ ਵਿਚ ਰਾਜ਼ੀ ਰਹਿਣ ਨਾਲ ਅਸੀਂ ਮਾਲਕ ਦੀ ਦਰਗਾਹ ਵਿਚ ਪ੍ਰਵਾਨ ਚੜ੍ਹ ਸਕਦੇ ਹਾਂ ਤੇ ਮਾਲਕ ਤੋਂ ਵਿਛੋੜਨ ਵਾਲੀ ਹਉਮੈ ਦੀ ਦੀਵਾਰ ਟੁਟ ਜਾਂਦੀ ਹੈ।

(ਬਾਕੀ ਪੰਨਾ 54 ਤੇ)

# ਸੰਤ ਤੁਮਾਰੇ ਤੁਮਰੇ ਪ੍ਰੀਤਮ

***ਪ੍ਰੋ. ਗੁਰਦੇਵ ਸਿੰਘ***

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ – 20)*

## ਸਤਿਸੰਗ ਦਾ ਮਹਾਤਮ

ਇਕ ਘੜੀ 24 ਮਿੰਟ ਦੀ ਹੁੰਦੀ ਹੈ ਤੇ ਅੱਧੀ ਘੜੀ 12 ਮਿੰਟ ਦੀ, ਉਸ ਤੋਂ ਅੱਧੀ 6 ਮਿੰਟ ਤੇ ਉਸ ਤੋਂ ਅੱਧੀ ਤਿੰਨ ਮਿੰਟ ਹੋਇਆ ਕਰਦੀ ਹੈ। ਜੇਕਰ ਇੰਨੇ ਸਮੇਂ ਲਈ ਪ੍ਰਭੂ ਤੇ ਪ੍ਰਭੂ ਦੇ ਪਿਆਰੇ ਭਗਤਾਂ ਬਾਰੇ ਸਤਸੰਗ ਕੀਤਾ ਜਾਵੇ ਤੇ ਨਾਮ ਦੀ ਮਹਿਮਾ ਕੀਤੀ ਜਾਵੇ ਤਾਂ ਇਸ ਦਾ ਬਹੁਤ ਵੱਡਾ ਲਾਭ ਹੋਇਆ ਕਰਦਾ ਹੈ। ਇਸ ਦੀ ਮਹੱਤਤਾ ਨੂੰ ਸਮਝਣ ਵਾਸਤੇ ਬਾਬਾ ਜੀ ਇਕ ਸਾਖੀ ਸੁਣਾਇਆ ਕਰਦੇ ਸੀ ਕਿ ਇਕ ਸੇਠ ਸੀ ਜੋ ਪਿੰਡਾਂ ਵਿਚ ਲੋਕਾਂ ਨੂੰ ਵਿਆਜ ਤੇ ਪੈਸੇ ਆਦਿ ਦਿਆ ਕਰਦਾ ਸੀ ਅਤੇ ਜਦੋਂ ਫਸਲ ਆ ਜਾਂਦੀ, ਲੋਕਾਂ ਕੋਲ ਪੈਸਾ ਟਕਾ ਹੋ ਜਾਂਦਾ ਤਾਂ ਰਕਮ ਵਸੂਲ ਕਰਨ ਲਈ ਥਾਂ ਥਾਂ ਤੇ ਜਾ ਕੇ ਪੈਸਾ ਵਸੂਲ ਲੈਂਦਾ ਤੇ ਫੇਰ ਦੂਜੇ ਪਿੰਡ ਚਲਾ ਜਾਂਦਾ ਜਾਂ ਕਿਸੇ ਵੇਲੇ ਸਮੇਂ ਸਿਰ ਘਰ ਵੀ ਪਹੁੰਚ ਜਾਇਆ ਕਰਦਾ ਸੀ। ਇਕ ਦਿਨ ਦੀ ਗੱਲ ਹੈ ਕਿ ਇਸ ਨੂੰ ਉਗਰਾਹੀ ਕਰਦਿਆਂ ਅਚਾਨਕ ਇਸ ਦੇ ਘਰੋਂ ਸੁਨੇਹਾ ਆਇਆ ਕਿ ਉਗਰਾਹੀ ਦਾ ਕੰਮ ਵਿਚ ਹੀ ਛੱਡ ਕੇ ਤੁਰੰਤ ਘਰ ਪਹੁੰਚ ਜਾਵੇ। ਜਦੋਂ ਇਹ ਸੁਨੇਹਾ ਮਿਲਿਆ ਤਾਂ ਰਾਤ ਪੈ ਗਈ। ਇਸ ਕੋਲ ਉਗਰਾਹੀ ਹੋਈ ਮਾਇਆ ਵੀ ਸੀ ਤੇ ਇਕ ਗਠੜੀ ਵੀ ਸੀ ਤੇ ਇਸ ਨੇ ਫੈਸਲਾ ਕੀਤਾ ਕਿ ਇਸ ਵੇਲੇ ਤੁਰ ਕੇ ਪਿੰਡ ਪਹੁੰਚਣਾ ਹੀ ਠੀਕ ਹੈ, ਪਰ ਰਾਤ ਹੋ ਗਈ ਹੈ। ਜੇ ਮੈਂ ਇਕੱਲਾ ਗਿਆ ਤਾਂ ਐਸਾ ਨਾ ਹੋਵੇ ਕਿ ਰਸਤੇ ਵਿਚ ਮੈਨੂੰ ਕੋਈ ਚੋਰ ਉਚੱਕਾ ਮਿਲ ਜਾਵੇ, ਮੈਨੂੰ ਮਾਰ ਦੇਵੇ ਤੇ ਮੇਰੀ ਮਾਇਆ ਵੀ ਖੋਹ ਲਵੇ। ਇਸ ਤੋਂ ਬੇਹਤਰ ਹੈ ਕਿ ਇਥੋਂ ਕਿਸੇ ਬੰਦੇ ਨੂੰ ਨਾਲ ਲੈ ਲਵਾਂ, ਉਸ ਨੂੰ ਮਜ਼ਦੂਰੀ ਦੇ ਪੈਸੇ ਦੇ ਦਿਆਂਗਾ ਤੇ ਮੇਰਾ ਸਾਥ ਹੋ ਜਾਵੇਗਾ। ਦੋਵੇਂ ਜਣੇ ਗਲ ਬਾਤ ਕਰਦਿਆਂ ਸਫਰ ਤੈਅ ਕਰ ਲਵਾਂਗੇ, ਨਾਲ ਬੁਲਾਰਾ ਹੁੰਦਾ ਰਹੇਗਾ, ਕੋਈ ਨੇੜੇ ਨਹੀਂ ਆਵੇਗਾ ਤੇ ਜਾਨ ਦਾ ਖਤਰਾ ਵੀ ਨਹੀਂ ਰਹੇਗਾ। ਉਸ ਨੇ ਪਿੰਡ ਵਿਚ ਕਈ ਬੰਦਿਆਂ ਨੂੰ ਪੁਛਿਆ ਕਿ ਇਸ ਤਰ੍ਹਾਂ ਮੇਰੇ ਨਾਲ ਜਾਣਾ ਹੈ, ਸਵੇਰੇ ਤੜਕੇ ਤਕ ਘਰ ਪਹੁੰਚ ਜਾਣਾ ਹੈ। ਪਰ ਰਾਤ ਦਾ ਸਮਾਂ ਹੋਣ ਕਰਕੇ ਕੋਈ ਵੀ ਉਸ ਦੇ ਨਾਲ ਜਾਣ ਨੂੰ ਤਿਆਰ ਨਹੀਂ ਸੀ। ਉਸ ਨੇ ਬਥੇਰਾ ਕਿਹਾ ਕਿ ਮੈਂ ਦੁਗਣੀ ਮਜ਼ਦੂਰੀ ਦਿਆਂਗਾ ਪਰ ਕੋਈ ਤਿਆਰ ਨਾ ਹੋਵੇ। ਸੇਠ ਬਹੁਤ ਪ੍ਰੇਸ਼ਾਨ ਸੀ। ਉਸ ਨੇ ਪੁਛਿਆ, ਇਥੇ ਅਜਿਹਾ ਹੋਰ ਵੀ ਕੋਈ ਬੰਦਾ ਹੈ ਜੋ ਰਾਤ ਦੇ ਸਮੇਂ ਮੇਰੇ ਨਾਲ ਟੁਰ ਸਕਦਾ ਹੈ? ਵਿਚੋਂ ਹੀ ਇਕ ਜਣੇ ਨੇ ਦੱਸਿਆ ਕਿ ਐਥੇ ਇਕ ਗੁਰੂ ਨਾਨਕ ਮਹਾਰਾਜ ਦਾ ਸਿਖ ਰਹਿੰਦਾ ਹੈ, ਉਹ ਬਹੁਤ ਪਰਉਪਕਾਰੀ ਹੈ ਤੇ ਭਜਨ ਬੰਦਗੀ ਕਰਨ ਵਾਲਾ ਹੈ ਤੇ ਹਰ ਵੇਲੇ ਜਿਹੜਾ ਵੀ ਉਸ ਨੂੰ ਮਿਲੇ, ਗੁਰੂ ਦੀ, ਪ੍ਰਮੇਸ਼ਰ ਦੀ ਹੀ ਗੱਲ ਕਰਦਾ ਰਹਿੰਦਾ ਹੈ। ਇਸ ਵੇਲੇ ਤਾਂ ਕੇਵਲ ਉਹ ਹੀ ਤੁਹਾਡੇ ਨਾਲ ਜਾ ਸਕਦਾ ਹੈ। ਸੇਠ ਉਸ ਸਿਖ ਦੇ ਘਰ ਪਹੁੰਚਿਆ ਤੇ ਬੇਨਤੀ ਕੀਤੀ ਕਿ ਮੈਂ ਆਪਣੇ ਪਿੰਡ ਇਸੇ ਵਕਤ ਜਾਣਾ ਚਾਹੁੰਦਾ ਹਾਂ, ਰਾਤ ਦਾ ਹਨ੍ਹੇਰਾ ਹੈ, ਮੈਨੂੰ ਤੁਹਾਡਾ ਸਾਥ ਚਾਹੀਦਾ ਹੈ ਤੇ ਤੁਹਾਨੂੰ ਮੂੰਹ ਮੰਗੀ ਮਜ਼ਦੂਰੀ ਦੇਣ ਨੂੰ ਤਿਆਰ ਹਾਂ। ਗੁਰਸਿਖ ਕਹਿਣ ਲੱਗਿਆ, "ਸੇਠ ਜੀ! ਮਜ਼ਦੂਰੀ ਦੀ ਕੋਈ ਗੱਲ ਨਹੀਂ, ਜੋ ਮੁਨਾਸਬ ਹੋਵੇ ਦੇ ਦੇਣਾ ਤੇ ਫਾਲਤੂ ਦੀ ਲੋੜ ਨਹੀਂ। ਜੋ ਮਿਹਨਤਾਨਾ ਬਣਦਾ ਹੋਵੇ ਓਨਾਂ ਹੀ ਦੇ ਦੇਣਾ, ਮੈਂ ਉਸ ਵਿਚ ਹੀ ਖੁਸ਼ ਹਾਂ। ਹੁਣ ਤੁਸੀਂ ਤੁਰੋ, ਤੁਸੀਂ ਲੰਮਾ ਸਫਰ ਦੱਸਿਆ ਹੈ, ਝਟ ਪਟ ਚਲਣਾ ਚਾਹੀਦਾ ਹੈ। ਗੁਰਸਿਖ ਅਗੇ ਅਗੇ ਤੇ ਸੇਠ ਪਿਛੇ ਪਿਛੇ ਤੁਰਿਆ ਜਾ ਰਿਹਾ ਹੈ। ਪਿੰਡ ਦੇ ਬਾਹਰ ਨਿਕਲਦਿਆਂ ਹੀ ਰਾਤ ਦੇ ਹਨ੍ਹੇਰੇ ਦਾ ਸਨਾਟਾ ਛਾਇਆ ਹੋਇਆ ਹੈ, ਗਿਦੜਾਂ ਤੇ ਉਲੂਆਂ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਹਨ ਤੇ ਕਿਧਰੇ ਚਮਗਾਦੜਾਂ ਦੇ ਝੁਰਮੁਟ ਚੀਂ-ਚੀਂ ਦਾ ਸ਼ੋਰ ਕਰ ਰਹੇ ਹਨ ਤੇ ਸੇਠ ਬਹੁਤ ਸਹਿਮਿਆ ਹੋਇਆ ਸੀ। ਉਸ ਨੇ ਸੋਚਿਆ, ਬਾਹਰਲੀਆਂ ਆਵਾਜ਼ਾਂ ਤੇ ਰਾਤ ਦੇ ਹਨ੍ਹੇਰੇ ਤੋਂ ਡਰ ਲੱਗ ਰਿਹਾ ਹੈ, ਕਿਉਂ ਨਾ ਗੁਰਸਿਖ ਦੇ ਨਾਲ ਕੋਈ ਗਲ ਬਾਤ ਕਰੀਏ। ਕਹਿਣ ਲੱਗਾ, "ਭਾਈ! ਤੂੰ ਚੁਪ ਚਾਪ ਤੁਰਿਆ ਜਾ ਰਿਹਾ ਹੈਂ, ਕੋਈ ਬਾਤ ਸੁਣਾ ਜਿਸ ਨਾਲ ਸਫਰ ਵੀ ਅਸਾਨੀ ਨਾਲ ਤੈਅ ਹੋ ਜਾਵੇ। ਤੁਸੀਂ ਆਪਣੇ ਪਿੰਡ ਦੀ ਹੀ ਕੋਈ ਗਲ ਸੁਣਾਓ, ਕੋਈ ਸਾਕ ਸੰਬੰਧੀਆਂ ਦੀ, ਆਂਢੀਆਂ ਗੁਆਂਢੀਆਂ ਦੀ ਕਿਉਂਕਿ ਸੰਸਾਰ ਵਿਚ ਤਾਂ ਅਨੇਕਾਂ ਕਿਸਮ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ ਹਨ। ਗੁਰਸਿਖ ਕਹਿਣ ਲੱਗਿਆ, ਸੇਠ ਜੀ! ਸੰਸਾਰ ਦੀਆਂ ਗੱਲਾਂ ਤੋਂ ਕੀ ਲੈਣਾ ਹੈ, ਇਥੇ ਤਾਂ ਨਿੰਦਿਆ, ਚੁਗਲੀ, ਈਰਖਾ, ਬਖੀਲੀ ਦਾ ਵਰਤਾਰਾ ਹੈ। ਮੈਨੂੰ ਜਿਹੜਾ ਕੰਮ ਮੇਰੇ ਗੁਰੂ ਨੇ ਦੱਸਿਆ ਹੈ ਉਹ ਕਰਦਾ ਜਾ ਰਿਹਾ ਹਾਂ ਤੇ ਮੈਨੂੰ ਸਫਰ ਦਾ ਵੀ ਪਤਾ ਨਹੀਂ ਲੱਗਦਾ, ਨਾ ਥਕੇਵਾਂ ਭਾਸਦਾ ਹੈ ਤੇ ਨਾ ਅਕੇਵਾਂ ਲਗਦਾ ਹੈ। ਸੇਠ ਹੈਰਾਨ ਹੋ ਗਿਆ, ਕਹਿਣ ਲੱਗਿਆ, ਭਾਈ ਅਸੀਂ ਗ੍ਰਹਿਸਤੀ ਬੰਦੇ ਹਾਂ, ਸੰਸਾਰ ਵਿਚ ਹੀ ਅਸੀਂ ਰਹਿਣਾ ਹੈ, ਸੰਸਾਰ ਨਾਲ ਹੀ ਲੈਣ ਦੇਣ ਹੈ ਤੇ ਫੇਰ ਸੰਸਾਰ ਦੀਆਂ ਗੱਲਾਂ ਕਰਨ ਤੋਂ ਕਾਹਦਾ ਸੰਕੋਚ, ਤੁਸੀਂ ਕਿਸੇ ਦੀ ਵੀ, ਚੋਰੀ, ਯਾਰੀ, ਦਗਾ, ਫਰੇਬ, ਧੋਖਾਧੜੀ ਦੀ ਕੋਈ ਵੀ ਗੱਲ ਸੁਣਾ ਦਿਓ, ਕਿਉਂਕਿ ਇਹੋ ਜਿਹੀਆਂ ਗੱਲਾਂ ਕਰਕੇ ਮਨ ਥਕੇਵਾਂ ਨਹੀਂ ਮੰਨਦਾ, ਨਾ ਹੀ ਨੀਂਦ ਆਉਂਦੀ ਹੈ। ਗੁਰਸਿਖ ਇਨੀ ਗੱਲ ਸੁਣ ਕੇ ਖਲੋ ਗਿਆ ਤੇ ਸੇਠ ਜੀ ਨੂੰ ਕਹਿਣ ਲੱਗਿਆ, ਆਹ ਲਵੋ ਆਪਣੀ ਗਠੜੀ ਤੇ ਮੈਂ ਵਾਪਸ ਚਲਿਆ ਹਾਂ। ਸੇਠ ਹੱਕਾ ਬੱਕਾ ਰਹਿ ਗਿਆ। ਪੁਛਣ ਲੱਗਿਆ ਕਿ ਐਸੀ ਕੀ ਗੱਲ ਹੈ ਕਿ ਤੁਸੀਂ ਵਾਪਸ ਜਾ ਰਹੇ ਹੋ, ਤੁਸੀਂ ਤਾਂ ਮੇਰੇ ਨਾਲ ਮੇਰੇ ਪਿੰਡ ਜਾਣ ਦਾ ਵਾਅਦਾ ਕੀਤਾ ਸੀ। ਗੁਰਸਿਖ ਕਹਿਣ ਲੱਗਿਆ, ਠੀਕ ਹੈ ਮੈਂ ਵਾਅਦਾ ਕੀਤਾ ਸੀ, ਪਰ ਮੈਂ ਤੁਹਾਨੂੰ ਕਿਸੇ ਦੀ ਨਿੰਦਿਆ ਜਾਂ ਹੋਰ ਦੁਨੀਆਂਦਾਰੀ ਦੀਆਂ ਫਜ਼ੂਲ ਗੱਲਾਂ ਨਹੀਂ ਸੁਣਾ ਸਕਦਾ ਕਿਉਂਕਿ ਇਹ ਗੱਲਾਂ ਮੈਨੂੰ ਆਉਂਦੀਆਂ ਹੀ ਨਹੀਂ ਤੇ ਨਾ ਹੀ ਮੇਰੇ ਗੁਰੂ ਨੇ ਇਹ ਸਿਖਿਆ ਮੈਨੂੰ ਦਿਤੀ ਹੈ। ਮੇਰੇ ਗੁਰੂ ਦਾ ਤਾਂ ਫੁਰਮਾਨ ਹੈ ਕਿ ਨਿੰਦਿਆ ਕਰਨ ਵਾਲੇ ਦਾ ਦਰਗਾਹ ਵਿਚ ਜਾ ਕੇ ਮੂੰਹ ਕਾਲਾ ਕੀਤਾ ਜਾਂਦਾ ਹੈ ਅਤੇ ਉਸ ਨੂੰ ਨਰਕਾਂ ਵਿਚ ਸੁਟ ਦਿਤਾ ਜਾਂਦਾ ਹੈ –

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥*
*ਪੰਨਾ - 755*

ਕਿਸੇ ਦੀ ਨਿੰਦਿਆ ਕਰਨਾ, ਦੂਸਰਿਆਂ ਦੇ ਔਗੁਣ ਚਿਤਾਰਨਾ ਮੂਰਖ ਬੰਦਿਆਂ ਦਾ ਕੰਮ ਹੋਇਆ ਕਰਦਾ ਹੈ ਬਲਕਿ ਮੂਰਖ ਤੋਂ ਉਪਰਲਾ ਦਰਜਾ ਉਨ੍ਹਾਂ ਬੰਦਿਆਂ ਦਾ ਹੁੰਦਾ ਹੈ, ਜਿਹੜੇ ਇਹੋ ਜਿਹਾ ਕਰਦੇ ਹਨ। ਇਸ ਕਰਕੇ ਮੈਂ ਕਿਸੇ ਦੀ ਨਿੰਦਿਆ ਨਹੀਂ ਕਰ ਸਕਦਾ। ਤੂੰ ਸਮੇਂ ਦੀ ਗੱਲ ਕਰਦਾ ਹੈਂ, ਮੇਰਾ ਤਾਂ ਸਮਾਂ ਬਹੁਤ ਵਧੀਆ ਬੀਤ ਰਿਹਾ ਹੈ ਤੇ ਮੈਨੂੰ ਬੜਾ ਅਨੰਦ ਆ ਰਿਹਾ ਹੈ ਕਿਉਂਕਿ ਮੈਂ ਤਾਂ ਪ੍ਰਭੂ ਦਾ ਭਜਨ ਕਰਦਾ ਜਾ ਰਿਹਾ ਹਾਂ। ਖੱਬੇ ਪੈਰ ਨਾਲ ਸਤਿਨਾਮ ਤੇ ਸੱਜੇ ਪੈਰ ਨਾਲ ਵਾਹਿਗੁਰੂ ਕਹਿੰਦਾ ਹੋਇਆ ਮੈਂ ਕਦਮ ਧਰਦਾ ਚਲਿਆ ਜਾ ਰਿਹਾ ਸੀ। ਮੈਨੂੰ ਕੋਈ ਥਕੇਵਾਂ ਨਹੀਂ ਮਹਿਸੂਸ ਹੁੰਦਾ, ਮੈਂ ਤਾਂ ਅਨੰਦ ਵਿਚ ਜਾ ਰਿਹਾ ਸੀ। ਸੇਠ ਗਿੜ-ਗਿੜਾ ਕੇ ਕਹਿਣ ਲੱਗਿਆ, ਗੁਰਸਿਖ ਜੀ! ਮੇਰੀ ਗਲਤੀ ਮੁਆਫ ਕਰਨਾ, ਮੈਨੂੰ ਪਤਾ ਨਹੀਂ ਸੀ। ਤੁਸੀਂ ਮੈਨੂੰ ਉਹ ਸੁਣਾ ਦਿਓ ਜੋ ਤੁਹਾਨੂੰ ਚੰਗਾ ਲਗਦਾ ਹੈ, ਉਹ ਮੈਂ ਸੁਣਦਾ ਰਹਾਂਗਾ। ਇੰਨਾ ਸੁਣ ਕੇ ਗੁਰਸਿਖ ਫੇਰ ਤੁਰ ਪਿਆ। ਗੁਰਸਿਖ ਨੇ ਸੇਠ ਨੂੰ ਗੁਰੂ ਨਾਨਕ ਦੇਵ ਜੀ ਬਾਰੇ ਅਨੇਕਾਂ ਬਚਨ ਸਰਵਣ ਕਰਾਉਣੇ ਸ਼ੁਰੂ ਕੀਤੇ ਕਿ ਕਿਸ ਤਰ੍ਹਾਂ ਨਾਲ ਗੁਰੂ ਮਹਾਰਾਜ ਇਸ ਕਲਜੁਗ ਵਿਚ ਪ੍ਰਗਟ ਹੋ ਕੇ ਸੰਸਾਰ ਦਾ ਉਧਾਰ ਕਰਨ ਵਾਸਤੇ ਆਏ ਹਨ। ਆਪ ਹੀ ਨਿਰੰਕਾਰ ਗੁਰੂ ਨਾਨਕ ਦਾ ਰੂਪ ਧਾਰ ਕੇ ਇਸ ਸੰਸਾਰ ਵਿਚ ਆਇਆ ਹੈ ਤਾਂ ਕਿ ਸਭ ਨੂੰ ਨਾਮ ਬਾਨੀ ਨਾਲ ਜੋੜ ਕੇ ਸੰਗਤ ਦੇ ਰੂਪ ਵਿਚ ਨਾਮ ਦੇ ਬੇੜੇ ਵਿਚ ਬਿਠਾ ਕੇ ਇਸ ਭਵਸਾਗਰ ਤੋਂ ਪਾਰ ਕਰ ਦਿਤਾ ਜਾਵੇ ਤੇ ਜਨਮ ਮਰਨ ਦੇ ਬੰਧਨਾ ਤੋਂ ਮੁਕਤ ਕੀਤਾ ਜਾਵੇ ਕਿਉਂਕਿ ਸੰਸਾਰ ਨਾਮ ਤੋਂ ਵਿਛੜ ਕੇ ਦੁਖੀ ਹੋ ਰਿਹਾ ਹੈ।

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*
*ਪੰਨਾ - 1396*

ਜਿਹੜਾ ਵੀ ਗੁਰੂ ਨਾਨਕ ਦੀ ਬਾਨੀ ਨਾਲ ਜੁੜ ਗਿਆ ਅਤੇ ਜਿਸ ਨੂੰ ਵੀ ਗੁਰੂ ਦੀ ਸੰਗਤ ਪ੍ਰਾਪਤ ਹੋ ਗਈ, ਉਸ ਦਾ ਬੇੜਾ ਪਾਰ ਹੋ ਜਾਵੇਗਾ।

ਗੁਰੂ ਨਾਨਕ ਜੀ ਨੇ ਵੱਡੇ ਵੱਡੇ ਚੋਰਾਂ ਨੂੰ, ਠੱਗਾਂ ਨੂੰ ਅਤੇ ਆਦਮਖੋਰ ਰਾਖਸ਼ਾਂ ਨੂੰ ਪਲ ਵਿਚ ਸੰਤ ਬਣਾ ਦਿਤਾ। ਗੁਰੂ ਜੀ ਸਾਰੇ ਸੰਸਾਰ ਵਿਚ ਪ੍ਰਮੇਸ਼ਰ ਦੇ ਨਾਮ ਦਾ ਛਿਟਾ ਦੇ ਰਹੇ ਹਨ ਅਤੇ ਨਾਮ ਹੀ ਜਪਾ ਰਹੇ ਹਨ, ਸਭ ਨੂੰ ਨਾਮ ਦੀ ਦਾਤ ਦੇ ਕੇ ਪ੍ਰਭੂ ਨਾਲ ਜੋੜ ਰਹੇ ਹਨ ਅਤੇ ਨਾਮ ਜਪਣ ਤੇ ਹੀ ਜ਼ੋਰ ਦਿੰਦੇ ਹਨ ਕਿ ਮਨੁਖਾ ਜਨਮ ਨਾਮ ਜਪਣ ਵਾਸਤੇ ਮਿਲਿਆ ਹੈ ਤੇ ਇਹ ਅਮੋਲਕ ਜਨਮ ਚੁਰਾਸੀ ਲੱਖ ਜੂਨੀਆਂ ਤੋਂ ਬਾਅਦ ਪ੍ਰਾਪਤ ਹੋਇਆ ਹੈ। ਇਸ ਨੂੰ ਅਜਾਈਂ ਨਹੀਂ ਗਵਾਉਣਾ ਚਾਹੀਦਾ। ਗੁਰੂ ਜੀ ਦਾ ਫੁਰਮਾਨ ਹੈ ਕਿ ਸਭ ਤੇ ਦਇਆ ਕਰਨੀ ਚਾਹੀਦੀ ਹੈ, ਕਿਸੇ ਨੂੰ ਦੁਖ ਨਹੀਂ ਦੇਣਾ ਚਾਹੀਦਾ, ਅਨਿਆਇ ਨਹੀਂ ਕਰਨਾ ਚਾਹੀਦਾ। ਇੰਜ ਕਰਨ ਨਾਲ ਮਨੁਖ ਮਾੜੇ ਕਰਮ ਬੀਜ ਲੈਂਦਾ ਹੈ ਤੇ ਫੇਰ ਮਾੜੇ ਕਰਮਾਂ ਨੂੰ ਭੋਗਣ ਵਾਸਤੇ ਬਾਰ ਬਾਰ ਜਨਮ ਲੈਣਾ ਪੈਂਦਾ ਹੈ ਤੇ ਧ੍ਰਿਗਦ ਜੂਨੀਆਂ ਭੋਗਣੀਆਂ ਪੈਂਦੀਆਂ ਹਨ। ਇਸ ਸਰੀਰ ਰੂਪੀ ਖੇਤ ਵਿਚ ਜੋ ਬੀਜੋਗੇ, ਓਹੀ ਵੱਢਣਾ ਪਵੇਗਾ।

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*
*ਪੰਨਾ - 134*

ਜੇ ਕੋਈ ਕਿਸਾਨ ਆਪਣੇ ਖੇਤ ਵਿਚ ਕਿਕਰਾਂ ਦੇ ਬੀਜ, ਬੀਜ ਦੇਵੇ ਤਾਂ ਉਸ ਤੋਂ ਕਿਕਰਾਂ ਹੀ ਪੈਦਾ ਹੋਣਗੀਆਂ, ਉਸ ਨੂੰ ਅੰਗੂਰ ਨਹੀਂ ਲੱਗ ਸਕਦੇ। ਕਿਕਰਾਂ ਦੇ ਬੀਜ ਬੀਜ ਕੇ ਅੰਗੂਰਾਂ ਦੀ ਆਸ ਕਰਨ ਵਾਲਾ ਬੰਦਾ ਮੂਰਖ ਆਖਿਆ ਜਾਂਦਾ ਹੈ ਕਿਉਂਕਿ ਜਦੋਂ ਬੀਜਣ ਦਾ ਸਮਾਂ ਸੀ ਉਸ ਵੇਲੇ ਉਸ ਨੇ ਧਿਆਨ ਨਹੀਂ ਦਿਤਾ ਤੇ ਕਿਕਰਾਂ ਰੂਪੀ ਮਾੜੇ ਕਰਮ ਬੀਜਦਾ ਰਿਹਾ ਤੇ ਫੇਰ ਜਦੋਂ ਇਨ੍ਹਾਂ ਨੂੰ ਭੁਗਤਣਾ ਪਵੇਗਾ, ਫੇਰ ਦੁਖੀ ਹੋਵੇਗਾ।

*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥*
*ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥ ਪੰਨਾ - 1380*

ਗੁਰਸਿਖ ਇਸ ਤਰ੍ਹਾਂ ਨਾਲ ਸੇਠ ਨੂੰ ਬਚਨ ਸੁਣਾਉਂਦਿਆਂ ਹੋਇਆਂ ਤੁਰਿਆ ਜਾ ਰਿਹਾ ਸੀ ਤਾਂ ਸੇਠ ਕਹਿਣ ਲੱਗਿਆ ਕਿ ਭਾਈ ਜੀ! ਤੁਹਾਡੀ ਬਹੁਤ ਮਿਹਰਬਾਨੀ, ਤੁਹਾਡੇ ਬਚਨ ਬੜੇ ਗਹੁ ਨਾਲ ਸੁਣੇ ਹਨ ਪਰ ਪਹਿਲਾਂ ਤਾਂ ਮੈਨੂੰ ਇਸ ਬਾਰੇ ਪਤਾ ਹੀ ਨਹੀਂ ਸੀ, ਬਸ ਮੈਂ ਤਾਂ ਸਮਝਦਾ ਸੀ ਕਿ ਜਿਵੇਂ ਬਨਸਪਤੀ ਪੈਦਾ ਹੁੰਦੀ ਹੈ, ਇਸੇ ਤਰ੍ਹਾਂ ਇਨਸਾਨ ਪੈਦਾ ਹੁੰਦਾ ਹੈ, ਆਪਣੀ ਉਮਰ ਭੋਗ ਕੇ ਖਤਮ ਹੋ ਜਾਂਦਾ ਹੈ ਤੇ ਇਥੇ ਕੀਤੇ ਚੰਗੇ ਮਾੜੇ ਕਰਮਾਂ ਦਾ ਕੋਈ ਲੇਖਾ ਜੋਖਾ ਨਹੀਂ ਹੋਇਆ ਕਰਦਾ। ਮੈਂ ਤਾਂ ਸਮਝਦਾ ਸੀ ਕਿ ਜੋ ਕੁਝ ਵੀ ਹੈ, ਉਹ ਪੈਸਾ ਟਕਾ, ਧਨ ਦੌਲਤ ਹੀ ਹੁੰਦੀ ਹੈ, ਬਸ ਇਥੇ ਆ ਕੇ ਖਾਓ, ਪੀਓ, ਬਾਲ ਬੱਚੇ ਪਾਲੋ ਅਤੇ ਹਰ ਜਾਇਜ਼ ਤੇ ਨਜਾਇਜ਼ ਤਰੀਕੇ ਨਾਲ ਧਨ ਇਕੱਠਾ ਕਰਕੇ ਬੱਚਿਆਂ ਵਾਸਤੇ ਛੱਡ ਜਾਵੋ। ਪਰ ਹੁਣ ਪਤਾ ਲੱਗਿਐ ਕਿ ਦਰਗਾਹ ਵਿਚ ਵੀ ਲੇਖੇ ਦੇਣੇ ਪੈਣਗੇ। ਕੀ ਇਹ ਸੱਚ ਹੈ? ਗੁਰਸਿਖ ਕਹਿਣ ਲੱਗਿਆ, ਸੇਠ ਜੀ! ਮੈਂ ਤਾਂ ਤੁਹਾਨੂੰ ਆਪਣੇ ਗੁਰੂ ਦਾ ਉਪਦੇਸ਼ ਸਰਵਣ ਕਰਵਾਇਆ ਹੈ, ਅਗੇ ਜਿਵੇਂ ਤੁਸੀਂ ਕਰਨਾ ਹੈ ਤੁਹਾਡੀ ਮਰਜ਼ੀ ਹੈ। ਖੈਰ ਹੁਣ ਮੈਂ ਵਾਪਸ ਜਾਣਾ ਹੈ, ਮੇਰਾ ਵੀ ਪੰਧ ਲੰਮਾ ਹੈ, ਵੇਲੇ ਸਿਰ ਪਹੁੰਚ ਕੇ ਕਿਰਤ ਕਰਨੀ ਹੈ ਤੇ ਤੁਸੀਂ ਮੈਨੂੰ ਆਗਿਆ ਦਿਓ। ਸੇਠ ਨੇ ਜੋ ਮੁਨਾਸਬ ਮਜ਼ਦੂਰੀ ਬਣਦੀ ਸੀ, ਉਸ ਤੋਂ ਵੱਧ ਦੇਣੀ ਚਾਹੀ ਪਰੰਤੂ ਗੁਰਸਿਖ ਕਹਿਣ ਲੱਗਿਆ, ਜਿੰਨੀ ਮੁਨਾਸਬ ਹੈ ਓਨੀ ਹੀ ਲਵਾਂਗਾ। 'ਸੱਤ ਕਰਤਾਰ' ਦਾ ਬਚਨ ਕਹਿ ਕੇ ਸੇਠ ਤੋਂ ਵਿਦਾ ਲਈ ਤੇ ਆਪਣੇ ਰਸਤੇ ਟੁਰ ਪਿਆ।

ਇਹ ਗੁਰਸਿਖ ਕਰਨੀ ਕਮਾਈ ਵਾਲਾ ਸੀ। ਹਾਲੇ ਸੌ ਕਦਮ ਹੀ ਤੁਰਿਆ ਸੀ ਕਿ ਵਾਪਸ ਆ ਕੇ ਸੇਠ ਦਾ ਦਰਵਾਜ਼ਾ ਖੜਕਾਇਆ। ਉਸ ਨੇ ਦੇਖਿਆ ਤੇ ਪੁਛਿਆ, ਕੀ ਗੱਲ ਤੁਸੀਂ ਵਾਪਸ ਕਿਉਂ ਆ ਗਏ? ਜੇ ਤੁਸੀਂ ਆਰਾਮ ਕਰਨਾ ਹੈ, ਆਰਾਮ ਕਰ ਲਵੋ, ਜੇ ਮਜ਼ਦੂਰੀ ਘੱਟ ਹੈ ਹੋਰ ਲੈ ਲਵੋ। ਗੁਰਸਿਖ ਕਹਿਣ ਲੱਗਾ, ਸੇਠ ਜੀ! ਇਹ ਗਲ ਨਹੀਂ, ਮੈਂ ਤਾਂ ਤੁਹਾਨੂੰ ਇਕ ਬਹੁਤ ਭੇਦ ਦੀ ਗੱਲ ਦੱਸਣ ਆਇਆ ਹਾਂ। ਕਹਿਣ ਲੱਗਿਆ, ਕੀ? ਸੇਠ ਜੀ! ਤੁਸੀਂ ਅੱਜ ਤੋਂ ਸੱਤ ਦਿਨ ਬਾਅਦ ਇਹ ਸਰੀਰ ਛੱਡ ਜਾਣਾ ਹੈ ਭਾਵ ਤੁਹਾਡੀ ਮੌਤ ਹੋ ਜਾਣੀ ਹੈ ਤੇ ਤੁਹਾਨੂੰ ਜਮਦੂਤ ਲੈਣ

ਵਾਸਤੇ ਆਉਣਗੇ। ਵੈਸੇ ਤਾਂ ਪਾਪੀ ਬੰਦਿਆਂ ਨੂੰ ਇਹ ਮਾਰਦੇ ਕੁਟਦੇ ਲੈ ਕੇ ਜਾਇਆ ਕਰਦੇ ਹਨ, ਪਰ ਤੁਹਾਡੇ ਨਾਲ ਥੋੜ੍ਹੀ ਨਰਮੀ ਵਰਤਣਗੇ ਤੇ ਧਰਮ ਰਾਜ ਦੇ ਪੇਸ਼ ਕਰਕੇ, ਤੁਹਾਡੇ ਕਰਮਾਂ ਦਾ ਲੇਖਾ ਜੋਖਾ ਹੋਵੇਗਾ ਤੇ ਤੁਹਾਥੋਂ ਪੁਛਿਆ ਜਾਵੇਗਾ ਕਿ ਪਹਿਲਾਂ ਤੈਨੂੰ ਪਾਪ ਕਰਮ ਦਾ ਫਲ ਭੁਗਤਾਈਏ ਭਾਵ ਨਰਕਾਂ ਵਿਚ ਸੁਟੀਏ ਕਿ ਤੈਨੂੰ ਪੁੰਨ ਕਰਮ ਦਾ ਫਲ ਭੁਗਤਾਈਏ। ਸੇਠ ਜੀ! ਤੁਸੀਂ ਕਹਿ ਦੇਣਾ ਕਿ ਪਹਿਲਾਂ ਪੁੰਨ ਕਰਮ ਦਾ ਫਲ ਚਾਹੀਦਾ ਹੈ ਤੇ ਮੈਨੂੰ ਸੰਤ ਮੰਡਲ ਵਿਚ ਭੇਜ ਦਿਓ। ਗੁਰਸਿਖ ਇੰਨੇ ਬਚਨ ਕਹਿ ਕੇ ਤੁਰ ਪਿਆ। ਸੇਠ ਨੂੰ ਤਾਂ ਫਿਕਰ ਪੈ ਗਿਆ ਤੇ ਹਰ ਵਕਤ ਗੁਰਸਿਖ ਦੇ ਬਚਨ ਉਸ ਦੇ ਕੰਨਾਂ ਵਿਚ ਸੁਣਦੇ ਹਨ ਕਿ ਮੈਂ ਕਿੰਨਾ ਵੱਡਾ ਗੁਨਹਗਾਰ ਤੇ ਪਾਪੀ ਹਾਂ। ਆਖਰ ਉਹ ਸਮਾਂ ਵੀ ਆ ਗਿਆ ਜੋ ਸਭ ਤੇ ਆਉਣਾ ਹੈ। ਜਮਦੂਤ ਆਏ ਤੇ ਇਸ ਦੇ ਸੂਖਸ਼ਮ ਸ਼ਰੀਰ ਨੂੰ ਦਰਗਾਹ ਵਿਚ ਧਰਮਰਾਜ ਦੇ ਸਾਮ੍ਹਣੇ ਪੇਸ਼ ਕਰ ਦਿਤਾ। ਧਰਮਰਾਜ ਨੇ ਚਿਤਰ ਗੁਪਤ ਨੂੰ ਕਿਹਾ ਕਿ ਇਸ ਦਾ ਹਿਸਾਬ ਦੇਖੋ। ਉਹ ਕਹਿਣ ਲੱਗਿਆ ਕਿ ਇਸ ਦੇ ਤਾਂ ਸਾਰੇ ਪਾਪ ਹੀ ਪਾਪ ਹਨ, ਇਸ ਨੇ ਕੋਈ ਚੰਗਾ ਕੰਮ ਨਹੀਂ ਕੀਤਾ। ਹਾਂ, ਇਕ ਪੁੰਨ ਦਾ ਕੰਮ ਕੀਤਾ ਹੈ ਕਿ ਇਸ ਨੇ ਗੁਰੂ ਨਾਨਕ ਦੇ ਸਿਖ ਦੀ ਸੰਗਤ ਕਰਕੇ ਉਸ ਦੇ ਮੁਖੋਂ ਸਤਸੰਗ ਸਰਵਣ ਕੀਤਾ ਹੈ, ਕੇਵਲ ਇਤਨਾ ਹੀ ਇਸ ਦਾ ਪੁੰਨ ਕਰਮ ਹੈ। ਧਰਮ ਰਾਜ ਪੁਛਣ ਲੱਗਿਆ ਕਿ ਪਹਿਲਾਂ ਤੂੰ ਪਾਪ ਕਰਮ ਦਾ ਫਲ ਭੋਗਣਾ ਹੈ ਜਾਂ ਪੁੰਨ ਕਰਮ ਦਾ? ਕਹਿਣ ਲੱਗਿਆ ਕਿ ਪੁੰਨ ਦਾ ਫਲ ਦੇਣ ਦੀ ਕਿਰਪਾ ਕਰੋ ਤੇ ਮੈਨੂੰ ਸੰਤ ਮੰਡਲ ਦੇ ਦਰਸ਼ਨ ਕਰਵਾ ਦਿਓ। ਦੂਤਾਂ ਨੂੰ ਕਿਹਾ ਕਿ ਇਸ ਨੂੰ ਸਿਰਫ ਅੱਧੀ ਘੜੀ ਵਾਸਤੇ ਸੰਤ ਮੰਡਲ ਵਿਚ ਲੈ ਜਾਉ। ਦੂਤ ਨੇ ਇਸ ਨੂੰ ਲਿਜਾ ਕੇ ਸੰਤ ਮੰਡਲ ਵਿਚ ਛੱਡ ਦਿਤਾ ਤੇ ਆਪ ਬਾਹਰ ਖੜ੍ਹੇ ਹੋ ਗਏ ਅਤੇ ਇਸ ਨੂੰ ਤਾੜ ਕੇ ਕਿਹਾ ਕਿ ਜਦੋਂ ਤੇਰਾ ਸਮਾਂ ਖਤਮ ਹੋਇਆ, ਅਸੀਂ ਤੈਨੂੰ ਇਸ਼ਾਰਾ ਕਰਾਂਗੇ, ਉਸੇ ਵੇਲੇ ਆ ਜਾਵੀਂ। ਕਹਿਣ ਲੱਗਿਆ, ਠੀਕ ਹੈ, ਮੈਂ ਉਸੇ ਵੇਲੇ ਵਾਪਸ ਆ ਜਾਵਾਂਗਾ। ਜਿਸ ਵੇਲੇ ਇਹ ਅੰਦਰ ਪਹੁੰਚਿਆ ਤਾਂ ਉਥੇ ਤਾਂ ਅਨੰਦ ਹੀ ਅਨੰਦ ਹੈ, ਸਾਰੇ ਸਾਧੂ, ਸੰਤ, ਮੁਕਤ ਆਤਮਾਵਾਂ ਦਾ ਵਾਸਾ ਉਸ ਮੰਡਲ ਵਿਚ ਹੈ, ਹਰੀ ਜਸ ਕੀਰਤਨ ਤੇ ਮਹਿਮਾਂ ਦੀਆਂ ਅਨਹਦ ਧੁਨਾਂ ਵਜ ਰਹੀਆਂ ਹਨ ਤੇ ਅਕਹਿ ਮਸਤੀ ਹੈ। ਸਾਹਮਣੇ ਕੀ ਦੇਖਦਾ ਹੈ ਕਿ ਉਹੀ ਗੁਰਸਿਖ ਵੀ ਉਥੇ ਬਿਰਾਜਮਾਨ ਹੈ ਜਿਸ ਨੇ ਇਸ ਦੀ ਮਜ਼ਦੂਰੀ ਕੀਤੀ ਸੀ। ਦੇਖ ਕੇ ਪ੍ਰਣਾਮ ਕੀਤੀ ਤੇ ਉਨ੍ਹਾਂ ਨੇ ਬਿਠਾ ਲਿਆ। ਕਹਿਣ ਲੱਗੇ, ਇਥੇ ਹੀ ਬੈਠਾ ਰਹਿ। ਪਰੰਤੂ ਉਹ ਥੋੜ੍ਹੀ ਥੋੜ੍ਹੀ ਦੇਰ ਬਾਅਦ ਬਾਹਰ ਖੜ੍ਹੇ ਜਮਦੂਤਾਂ ਵੱਲ ਦੇਖੀ ਜਾ ਰਿਹਾ ਹੈ। ਗੁਰਸਿਖ ਕਹਿਣ ਲੱਗਿਆ, ਪ੍ਰੇਮੀਆਂ! ਬਾਹਰ ਕੀ ਬਾਰ ਬਾਰ ਦੇਖ ਰਿਹਾ ਹੈਂ, ਇਥੇ ਦਾ ਅਨੰਦ ਮਾਣ। ਕਹਿਣ ਲੱਗਿਆ ਕਿ ਬਾਹਰ ਧਰਮਰਾਜ ਦੇ ਜਮਦੂਤ ਖੜ੍ਹੇ ਹਨ ਤੇ ਮੈਨੂੰ ਇਸ਼ਾਰਾ ਕਰ ਰਹੇ ਹਨ ਕਿ ਤੇਰਾ ਟਾਈਮ ਖਤਮ ਹੋਣ ਵਾਲਾ ਹੈ, ਬਾਹਰ ਆ ਜਾ। ਗੁਰਸਿਖ ਕਹਿਣ ਲੱਗਿਆ, "ਪ੍ਰੇਮੀਆਂ! ਹੁਣ ਤੂੰ ਜਿਥੇ ਆਉਣਾ ਸੀ ਆ ਗਿਆ, ਇਥੇ ਆ ਕੇ ਬਾਹਰ ਨਹੀਂ ਜਾਈਦਾ। ਜਿਹੜੀ ਤੂੰ ਜਮਦੂਤਾਂ ਦੀ ਗੱਲ ਕਰਦਾ ਹੈਂ, ਉਨ੍ਹਾਂ ਦੀ ਇਥੇ ਆਉਣ ਦੀ ਕੋਈ ਤਾਕਤ ਨਹੀਂ, ਕਿਉਂਕਿ ਇਥੇ ਹਰੀ ਕੀਰਤਨ ਹੋ ਰਿਹਾ ਹੈ ਤੇ ਪ੍ਰਮੇਸ਼ਰ ਦੇ ਪਿਆਰੇ ਸੰਤਾਂ ਦਾ ਮੰਡਲ ਹੈ, ਉਨ੍ਹਾਂ ਨੂੰ ਇਥੇ ਆਉਣ ਦਾ ਹੁਕਮ ਨਹੀਂ ਹੈ, ਉਹ ਆਪ ਹੀ ਵਾਪਸ ਚਲੇ ਜਾਣਗੇ।"

***ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ॥***
***ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥***
***ਪੰਨਾ - 256***

ਸੋ ਪਿਆਰਿਓ! ਥੋੜ੍ਹੇ ਸਮੇਂ ਦਾ ਸਤਸੰਗ ਕਰਨ ਦਾ ਉਸ ਸੇਠ ਨੂੰ ਕਿਡਾ ਵੱਡਾ ਫਲ ਪ੍ਰਾਪਤ ਹੋਇਆ ਕਿ ਸੰਤ ਮੰਡਲ ਵਿਚ ਵਾਸਾ ਮਿਲ ਗਿਆ, ਜਿਥੇ ਵੱਡੀ ਵੱਡੀ ਘਾਲਣਾ ਕਰਕੇ ਸੰਤ ਮਹਾਂਪੁਰਸ਼ ਜਾਂਦੇ ਹਨ, ਉਥੇ ਸਦਾ ਦਾ ਨਿਵਾਸ ਮਿਲ ਗਿਆ। ਇਸ ਕਰਕੇ ਆਪ ਸਾਰਿਆਂ ਨੂੰ ਬੇਨਤੀ ਕੀਤੀ ਹੈ ਕਿ ਆਪ ਭਾਵੇਂ ਕਿਸੇ ਵੀ ਸੰਪਰਦਾ ਨਾਲ ਸੰਬੰਧ ਰਖਦੇ ਹੋਵੋ, ਕੋਈ ਫਰਕ ਨਹੀਂ ਪੈਂਦਾ, ਆਪਾਂ ਇਥੇ ਰਲ ਮਿਲ ਕੇ ਹਰ ਰੋਜ਼ ਅੱਧੀ ਛੁਟੀ ਵੇਲੇ ਸਤਸੰਗ, ਨਾਮ ਦੀ ਵਿਚਾਰ ਕਰਿਆ ਕਰਾਂਗੇ ਜਿਸ ਦਾ ਫਲ ਆਪ ਸਾਰਿਆਂ ਨੇ ਸੁਣ ਹੀ ਲਿਆ ਹੈ। ਸਾਰਿਆਂ ਨੇ ਇਕ ਜ਼ੁਬਾਨ ਹੋ ਕੇ ਹਾਮੀ ਭਰੀ ਕਿ ਅਸੀਂ ਹਰ ਰੋਜ਼ ਇਸ ਵਿਚ ਸ਼ਾਮਲ ਹੋਣ ਵਾਸਤੇ ਬੈਠਿਆ ਕਰਾਂਗੇ।

## ਅੱਧੀ ਛੁੱਟੀ ਵੇਲੇ ਸਤਿਸੰਗ ਨਾਮ ਤੇ ਵਿਚਾਰ

ਆਪ ਜੀ ਦੱਸਿਆ ਕਰਦੇ ਸੀ ਕਿ ਜਿੰਨਾਂ ਚਿਰ ਮੈਂ ਸਕੱਤਰੇਤ ਦੀ ਸਰਵਿਸ ਕੀਤੀ, ਓਨਾਂ ਚਿਰ ਹਰ ਰੋਜ਼ ਅੱਧੀ ਛੁਟੀ ਸਮੇਂ ਸਾਰੇ ਪ੍ਰੇਮੀ ਇਕੱਤਰ ਹੋ ਕੇ ਬਹਿ ਜਾਂਦੇ ਅਤੇ ਸਤਸੰਗ ਰੂਪੀ ਵਿਚਾਰ ਸ਼ੁਰੂ ਹੋ ਜਾਇਆ ਕਰਦੀ ਸੀ। ਸਾਰੇ ਮੁਲਾਜ਼ਮ ਪੜ੍ਹੇ ਲਿਖੇ ਤੇ ਜਗਿਆਸੂ ਹੋਇਆ ਕਰਦੇ ਸਨ ਸਾਰੇ ਆਪੋ ਆਪਣੇ ਸਵਾਲ ਘਰਾਂ ਤੋਂ ਲਿਖ ਕੇ ਲਿਆਇਆ ਕਰਦੇ ਸਨ। ਵਾਰੀ ਵਾਰੀ ਬਾਬਾ ਜੀ ਨੂੰ ਪੁਛਿਆ ਕਰਦੇ ਸਨ ਅਤੇ ਬਾਬਾ ਜੀ ਸਾਰਿਆਂ ਦੇ ਜਵਾਬ ਦੇ ਕੇ ਪੂਰੀ ਤਸੱਲੀ ਕਰਵਾ ਦਿਆ ਕਰਦੇ ਸਨ। ਖਾਸ ਕਰਕੇ ਸਾਰੀਆਂ ਵਿਚਾਰਾਂ ਨਾਮ ਤੇ ਕੇਂਦਰਿਤ ਹੋਇਆ ਕਰਦੀਆਂ ਸਨ। ਬਾਬਾ ਜੀ ਨੇ ਦੱਸਿਆ ਸੀ ਕਿ ਇਹ ਸਾਰੇ ਸਤਸੰਗੀ ਭਾਵੇਂ ਵੱਖ ਵੱਖ ਨਾਲ ਤੁਅੱਲਕ ਰਖਦੇ ਸਨ ਪਰੰਤੂ ਸਾਰੇ ਨਾਮ ਜਪਿਆ ਕਰਦੇ ਸਨ, ਇਸ ਕਰਕੇ ਹੀ ਸਾਰੇ ਦਿਲਚਸਪੀ ਰਖਦੇ ਸਨ। ਮਜ਼ਹਬ ਭਾਵੇਂ ਕੋਈ ਵੀ ਹੋਵੇ, ਸੰਪਰਦਾ ਭਾਵੇਂ ਕੋਈ ਵੀ ਹੋਵੇ ਪਰ ਸਾਰਿਆਂ ਦਾ ਟੀਚਾ ਇਕੋ ਹੋਇਆ ਕਰਦਾ ਹੈ ਕਿ ਪ੍ਰਭੂ ਪ੍ਰਾਪਤੀ ਕਿਵੇਂ ਹੋਵੇ।

ਸੋ ਜਗਿਆਸੂ ਪ੍ਰੇਮੀ ਜਦੋਂ ਨਾਮ ਬਾਰੇ ਕੋਈ ਸਵਾਲ ਕਰਦੇ ਤਾਂ ਆਪ ਜੀ ਉਸ ਦਾ ਜਵਾਬ ਗੁਰਮਤਿ ਅਨੁਸਾਰ ਦੇ ਕੇ ਤਸੱਲੀ ਕਰਵਾ ਦਿੰਦੇ ਸੀ। ਇਕ ਪ੍ਰੇਮੀ ਨੇ ਸਵਾਲ ਕੀਤਾ ਕਿ ਨਾਮ ਕੀ ਹੈ? ਇਹਨਾਂ ਸਵਾਲਾਂ ਦੇ ਜਵਾਬ ਕੇਵਲ ਟੂਕ ਮਾਤਰ ਦਿਤੇ ਜਾ ਰਹੇ ਹਨ। ਬਾਬਾ ਜੀ ਦਸਦੇ ਕਿ ਨਾਮ ਇਕ ਪਰੀਪੂਰਣ ਸ਼ਕਤੀ ਹੈ ਜੋ ਸਾਰੇ ਬ੍ਰਹਿਮੰਡ ਵਿਚ ਸਮਾਈ ਹੋਈ ਹੈ ਤੇ ਉਸ ਸ਼ਕਤੀ ਨੇ ਇਕ ਤੋਂ ਅਨੇਕ ਦਾ ਵਰਤਾਰਾ ਕੀਤਾ ਹੈ। ਉਸ ਨੂੰ ਕੋਈ ਬਿਆਨ ਨਹੀਂ ਕਰ ਸਕਦਾ। ਪਹਿਲੀ ਅਵਸਥਾ ਧੁੰਦੂਕਾਰ ਦੀ ਹੈ -

*ਅਰਬਦ ਨਰਬਦ ਧੁੰਧੂਕਾਰਾ॥*
*ਧਰਣਿ ਨ ਗਗਨਾ ਹੁਕਮੁ ਅਪਾਰਾ॥* *ਪੰਨਾ - 1035*

ਵਾਹਿਗੁਰੂ ਨੇ ਆਪਣੀ ਮੌਜ ਵਿਚ ਆ ਕੇ ਓਅੰਕਾਰ ਦੀ ਧੁਨੀ ਨਾਲ ਇਸ ਜਗਤ ਦੀ ਰਚਨਾ ਕੀਤੀ ਤੇ ਉਹ ਧੁਨ ਨਿਰੰਤਰ ਇਸ ਜਗਤ ਵਿਚ ਪਰੀਪੂਰਨ ਰੂਪ ਵਿਚ ਗੂੰਜ ਰਹੀ ਹੈ ਅਤੇ ਗੂੰਜਦੀ ਰਹੇਗੀ।

*ਪ੍ਰਥਮੇ ਓਅੰਕਾਰ ਤਿਨ ਕਹਾ॥*
*ਸੋ ਧੁਨ ਪੂਰ ਜਗਤ ਮੋ ਰਹਾ॥*

*ਨਿਰੰਕਾਰੁ ਅਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।*
*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।*
*ਭਾਈ ਗੁਰਦਾਸ ਜੀ ਦੀ ਵਾਰ 26/2*

ਇਸ ਪਵਿਤਰ ਪਾਵਨ ਸਵਰੂਪ ਦੀ ਵਿਆਖਿਆ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਮੂਲ ਮੰਤਰ ਵਿਚ ਕੀਤੀ ਹੈ ਅਤੇ ਇਹ ਵੀ ਸੰਸਾਰ ਨੂੰ ਦਸਿਆ ਕਿ ਉਹ ਅਗੰਮੀ ਸ਼ਕਤੀ ਇਕੋ ਹੀ ਹੈ ਇਸੇ ਕਰਕੇ ਆਪ ਜੀ ਨੇ ਪਹਿਲੇ 'ਏਕਾ' ਲਗਾਇਆ - ੧ਓ। ਉਸ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ।

*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥* *ਪੰਨਾ - 1291*

ਸਾਰੇ ਖੰਡ ਤੇ ਬ੍ਰਹਿਮੰਡ ਨਾਮ ਤੋਂ ਹੀ ਬਣੇ ਹਨ ਅਤੇ ਸਾਰਾ ਪਸਾਰਾ ਕੇਵਲ ਨਾਮ ਨੇ ਹੀ ਧਾਰਨ ਕੀਤਾ ਹੋਇਆ ਹੈ।

*ਨਾਮ ਕੇ ਧਾਰੇ ਸਗਲੇ ਜੰਤ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ॥* *ਪੰਨਾ - 284*

ਉਹ ਨਿਰਾਕਾਰ ਤੇ ਨਿਰਗੁਣ ਸੱਤਾ, ਸੰਸਾਰ ਬਣਨ ਤੋਂ ਪਹਿਲਾਂ ਵੀ ਸੀ ਅਤੇ ਉਸ ਤੋਂ ਪਹਿਲੇ ਜੁਗਾਂ ਵਿਚ ਵੀ ਓਹੀ ਸੱਤਾ ਸੀ ਅਤੇ ਇਸ ਵਕਤ ਵੀ ਓਹੀ ਸਤਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਵੀ ਉਹ ਪਰੀਪੂਰਨ ਸੱਤਾ ਜਿਸ ਨੂੰ ਨਾਮ ਕਹਿੰਦੇ ਹਨ ਉਹ ਹੀ ਰਹੇਗੀ।

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥* *ਪੰਨਾ - 1*

ਨਾਮ ਤੋਂ ਹੀ ਸਭ ਸ੍ਰਿਸ਼ਟੀ ਪੈਦਾ ਹੁੰਦੀ ਹੈ, ਨਾਮ ਤੋਂ ਵਿਨਾਸ਼ ਹੁੰਦੀ ਹੈ ਅਤੇ ਨਾਮ ਤੋਂ ਹੀ ਉਸ ਪਰੀਪੂਰਨ ਸਤਾ ਵਿਚ ਸਮਾਈ ਹੋ ਜਾਂਦੀ ਹੈ।

*ਨਾਮੇ ਉਪਜੈ ਨਾਮੇ ਬਿਨਸੈ ਨਾਮੇ ਸਚਿ ਸਮਾਏ॥*
*ਪੰਨਾ - 246*

ਨਾਮ ਦਾ ਵਾਸਾ ਪ੍ਰਕਿਰਤੀ ਦੇ ਕਣ ਕਣ ਵਿਚ, ਪਸ਼ੂਆਂ ਪੰਛੀਆਂ ਵਿਚ ਵੀ ਹੈ ਤੇ ਮਨੁਖਾ ਸਰੀਰ ਦੇ ਅੰਦਰ ਵੀ ਹੈ।

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥* *ਪੰਨਾ - 293*

ਪ੍ਰਕਿਰਤੀ ਜੜ੍ਹ ਰੂਪ ਹੋਣ ਕਰਕੇ ਇਸ ਨੂੰ ਪਤਾ ਨਹੀਂ। ਪੰਛੀਆਂ ਵਿਚ ਚੇਤਨਤਾ ਤਾਂ ਹੈ ਪਰ ਗਿਆਨ ਨਹੀਂ ਪਰੰਤੂ ਉਸ ਨਾਮ ਸ਼ਕਤੀ ਕਰਕੇ ਉਹਨਾਂ ਵਿਚ ਜੀਵਨ ਦੀ ਰੌ ਰੁਮਕਦੀ ਹੈ। ਮਨੁਖ ਪੰਜੀ ਪ੍ਰਕਿਰਤੀਆਂ ਦਾ ਸੁਮੇਲ ਹੈ। ਇਸ ਨੂੰ ਬਾਹਰਲਾ ਤਾਂ ਪਤਾ ਹੈ, ਸੰਸਾਰ ਦਾ ਪਤਾ ਹੈ, ਆਪਣੇ ਸਾਕ ਸੰਬੰਧੀਆਂ ਦਾ ਪਤਾ ਹੈ, ਕਿਤਾਬੀ ਪੜ੍ਹਾਈ ਦਾ ਪਤਾ ਹੈ ਪਰੰਤੂ ਇਸ ਨੂੰ ਇਹ ਨਹੀਂ ਪਤਾ ਕਿ ਮੇਰੇ ਅੰਦਰ ਅੰਮ੍ਰਿਤ ਦਾ ਕੁੰਡ ਹੈ। ਇਸ ਨੂੰ ਆਪਣੇ ਆਪ ਇਸ ਦਾ ਪਤਾ ਨਹੀਂ ਲਗਦਾ। ਪੰਜ ਚੋਰ ਇਸ ਨੂੰ ਹਰ ਵਕਤ ਲੁਟਦੇ ਰਹਿੰਦੇ ਹਨ। ਇਸ ਬਾਰੇ ਇਸ ਨੂੰ ਖਬਰ ਨਹੀਂ, ਇਹ ਕੇਵਲ ਗੁਰਮੁਖ ਜਾਣਦੇ ਹਨ।

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ॥*
*ਪੰਨਾ - 600*

ਨਾਮ ਦੀ ਸੋਝੀ ਕਿਥੋਂ ਪ੍ਰਾਪਤ ਹੁੰਦੀ ਹੈ?

*ਨਾਨਕ ਕੈ ਘਰਿ ਕੇਵਲ ਨਾਮੁ॥* *ਪੰਨਾ - 293*

ਗੁਰੂ ਨਾਨਕ ਪਾਤਸ਼ਾਹ ਦੇ ਘਰੋਂ ਕੇਵਲ ਨਾਮ ਹੀ ਮਿਲਦਾ ਹੈ ਅਤੇ ਵਾਹਿਗੁਰੂ ਜੀ ਤੋਂ ਇਹ ਭੰਡਾਰਾ ਗੁਰੂ ਪ੍ਰਮੇਸ਼ਰ ਦਾ ਰੂਪ ਧਾਰ ਕੇ ਗੁਰੂ ਨਾਨਕ ਦੇਵ ਜੀ ਸੰਸਾਰ ਵਿਚ ਵੰਡਣ ਵਾਸਤੇ ਲਿਆਏ ਅਤੇ ਸੰਸਾਰ ਦਾ ਉਧਾਰ ਕੀਤਾ। ਉਪਰੰਤ ਨੌਂ ਪਾਤਸ਼ਾਹੀਆਂ ਦੇ ਰੂਪ ਧਾਰ ਕੇ, ਦਸਵੇਂ ਜਾਮੇ ਵਿਚ ਖੰਡੇ ਬਾਟੇ ਦੇ ਰੂਪ ਵਿਚ ਪੰਜ ਪਿਆਰਿਆਂ ਰਾਹੀਂ, ਇਸ ਦਾਤ ਦੀ ਬਖਸ਼ਿਸ਼ ਦਾ ਰਾਹ ਪ੍ਰਚਲਤ ਕੀਤਾ ਅਤੇ ਗੁਰਬਾਣੀ ਦੇ ਰੂਪ ਵਿਚ ਨਾਮ ਦੇ ਭੰਡਾਰੇ ਨੂੰ ਗੁਰੂ ਗਰੰਥ ਸਾਹਿਬ ਵਿਚ ਕਲਮਬੰਦ ਕਰਕੇ ਇਸ ਨੂੰ ਗੁਰੂ ਦਾ ਦਰਜਾ ਦੇ ਕੇ ਸਨਮਾਨਿਤ ਕੀਤਾ। ਗੁਰਮੁਖਾਂ ਦੀ ਸੰਗਤ ਕਰਕੇ ਨਾਮ ਵਿਚ ਚੜ੍ਹਾਈ ਕਰਨ ਦਾ ਹੁਕਮ ਕੀਤਾ। ਗੁਰਬਾਣੀ ਦੇ ਭੇਦ ਨੂੰ ਸਮਝਣ ਲਈ ਆਤਮ ਰਸ ਨੂੰ ਜਾਨਣ ਵਾਲੇ ਅਭੇਦ ਪੁਰਸ਼ ਦੀ ਸੰਗਤ ਕਰਨ ਦਾ ਆਦੇਸ਼ ਹਰ ਗੁਰਸਿਖ ਨੂੰ ਹੈ। ਨਾਮ ਕੇਵਲ ਪੂਰਨ ਸਤਿਗੁਰੂ ਹੀ ਦੇ ਸਕਦਾ ਹੈ -

*ਹਰਿ ਅਉਖਧੁ ਸਭ ਘਟ ਹੈ ਭਾਈ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ॥* *ਪੰਨਾ - 259*

*ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ॥*
*ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ॥*
*ਪੰਨਾ - 40*

ਨਾਮ ਜਪਣ ਦਾ ਕੀ ਫਾਇਦਾ ਹੈ?

ਪਰਮੇਸ਼ਰ ਦਾ ਨਾਮ ਸਿਮਰਨ ਕਰਨ ਵਾਲਾ ਜਦੋਂ ਸੰਸਾਰ ਤੋਂ ਜਾਂਦਾ ਹੈ ਤਾਂ ਧੰਨ ਧੰਨ ਹੁੰਦੀ ਹੈ ਤੇ ਦਰਗਾਹ ਵਿਚ ਮਾਣ ਪ੍ਰਾਪਤ ਹੁੰਦਾ ਹੈ।

*ਰੇ ਰੇ ਦਰਗਹ ਕਹੈ ਨ ਕੋਊ॥*
*ਆਉ ਬੈਠੁ ਆਦਰੁ ਸਭ ਦੇਊ॥* *ਪੰਨਾ - 252*
*ਧੰਨਿ ਧੰਨਿ ਕਹੈ ਸਭੁ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥* *ਪੰਨਾ - 283*

*ਰਾਮ ਨਾਮ ਜਪਿ ਹਿਰਦੇ ਮਾਹਿ॥*
*ਨਾਨਕ ਪਤਿ ਸੇਤੀ ਘਰਿ ਜਾਹਿ॥* *ਪੰਨਾ - 283*

ਸਾਰੇ ਦੁਖਾਂ, ਕਲੇਸ਼ਾਂ ਤੇ ਬੀਮਾਰੀਆਂ ਦਾ ਇਲਾਜ ਕੇਵਲ ਨਾਮ ਹੈ ਅਤੇ ਵਾਹਿਗੁਰੂ ਦੇ ਗੁਣ ਗਾਇਨ ਕਰਨ ਨਾਲ ਖੇੜਾ ਤੇ ਖੁਸ਼ੀ ਪ੍ਰਾਪਤੀ ਹੁੰਦੀ ਹੈ।

***ਸਰਬ ਰੋਗ ਕਾ ਅਉਖਦੁ ਨਾਮੁ॥***
***ਕਲਿਆਣ ਰੂਪ ਮੰਗਲ ਗੁਣ ਗਾਮ॥*** ***ਪੰਨਾ – 274***

ਸੰਸਾਰ ਵਿਚ ਲੋੜੀਂਦੀਆਂ ਸਾਰੀਆਂ ਵਸਤਾਂ ਪ੍ਰਭੂ ਦਾ ਨਾਮ ਜਪ ਕੇ ਪ੍ਰਾਪਤ ਹੋ ਜਾਂਦੀਆਂ ਹਨ।

***ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ॥***
***ਪੰਨਾ – 714***

ਜਿਸ ਦੇ ਹਿਰਦੇ ਵਿਚ ਨਾਮ ਦਾ ਵਾਸਾ ਹੋ ਜਾਂਦਾ ਹੈ, ਉਹ ਸਾਰੀ ਸ੍ਰਿਸ਼ਟੀ ਦਾ ਬਾਦਸ਼ਾਹ ਹੈ।

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥***
***ਜਾਤਿ ਨ ਪਤਿ ਨ ਆਦਰੋ***
***ਉਦਿਆਨ ਭ੍ਰਮਿੰਨਾ॥***
***ਮਿਤ੍ਰ ਨ ਇਠ ਧਨ ਰੂਪਹੀਣ***
***ਕਿਛੁ ਸਾਕੁ ਨ ਸਿੰਨਾ॥***
***ਰਾਜਾ ਸਗਲੀ ਸ੍ਰਿਸਟਿ ਕਾ***
***ਹਰਿ ਨਾਮਿ ਮਨੁ ਭਿੰਨਾ॥***
***ਪੰਨਾ – 707***

ਜਿਹੜਾ ਹਰ ਵੇਲੇ ਪ੍ਰਭੂ ਦੀ ਸਿਫਤ ਸਲਾਹ ਕਰਦਾ ਹੈ, ਉਹ ਬਾਦਸ਼ਾਹਾਂ ਦਾ ਬਾਦਸ਼ਾਹ ਹੈ।

***ਜਿਸ ਨੋ ਬਖਸੇ ਸਿਫਤਿ ਸਾਲਾਹ॥***
***ਨਾਨਕ ਪਾਤਿਸਾਹੀ ਪਾਤਿਸਾਹੁ॥***
***ਪੰਨਾ – 5***

ਜਿਸ ਨੂੰ ਨਾਮ ਦੀ ਪ੍ਰਾਪਤੀ ਨਹੀਂ ਹੋਈ ਤੇ ਨਾ ਹੀ ਵਿਧੀ ਪੂਰਬਕ ਗੁਰੂ ਧਾਰਨ ਕੀਤਾ ਹੈ, ਉਸ ਦਾ ਕੀ ਬਣੇਗਾ?

ਜਿਨ੍ਹਾਂ ਨੇ ਹਾਲੇ ਗੁਰੂ ਧਾਰਨ ਨਹੀਂ ਕੀਤਾ ਅਤੇ ਗੁਰੂ ਮੰਤਰ ਹੀ ਨਹੀਂ ਲਿਆ, ਉਨ੍ਹਾਂ ਦੀ ਤੁਲਨਾ ਗੁਰੂ ਮਹਾਰਾਜ ਜੀ ਨੇ ਜਾਨਵਰਾਂ ਨਾਲ ਕੀਤੀ ਹੈ ਅਤੇ ਉਨ੍ਹਾਂ ਦੇ ਜੀਵਨ ਨੂੰ ਧਿਰਕਾਰ ਕਿਹਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ –

***ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥***
***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥***
***ਪੰਨਾ – 1357***

ਇਹ ਮਨੁਖਾ ਜਨਮ ਕੇਵਲ ਨਾਮ ਜਪਣ ਵਾਸਤੇ ਹੀ ਮਿਲਿਆ ਹੈ ਕਿਉਂਕਿ ਇਸ ਦੇਹੀ ਦੇ ਦੁਆਰਾ ਹੀ ਪ੍ਰਭੂ ਨੂੰ ਮਿਲਿਆ ਜਾ ਸਕਦਾ ਹੈ। ਨਾਮ ਤੋਂ ਬਿਨਾਂ ਹੋਰ ਸਾਰੇ ਕੰਮ ਵਿਅਰਥ ਹਨ।

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ***
***ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***
***ਪੰਨਾ – 12***

ਮਨੁਖਾ ਜਨਮ ਧਾਰ ਕੇ ਜਿਸ ਨੇ ਨਾਮ ਨਹੀਂ ਜਪਿਆ, ਉਹ ਆਪਣੀ ਮੌਤ ਆਪ ਹੀ ਸਹੇੜਦਾ ਹੈ। ਉਸ ਦੀ ਆਤਮਿਕ ਤੌਰ ਤੇ ਮ੍ਰਿਤੂ ਹੋ ਜਾਂਦੀ ਹੈ।

***ਨਾਮੁ ਨ ਜਪਹਿ ਤੇ ਆਤਮ ਘਾਤੀ॥***
***ਪੰਨਾ – 188***

ਸੰਤ ਬਾਬਾ ਵਰਿਆਮ ਸਿੰਘ ਜੀ

ਚੰਦਨ, ਚੰਦਰਮਾ ਤੇ ਸਰਦਿ ਰੁਤ ਠੰਢੇ ਹਨ ਪਰੰਤੂ ਮਨ ਦੀ ਤਪਸ਼ ਨੂੰ ਨਹੀਂ ਮਿਟਾ ਸਕਦੇ। ਇਸ ਦੇ ਉਲਟ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨ ਨਾਲ ਮਨ ਸ਼ਾਂਤ ਚਿਤ ਅਤੇ ਠੰਢਾ ਹੋ ਜਾਂਦਾ ਹੈ ਤੇ ਠਹਿਰਾਅ ਵਿਚ ਆ ਜਾਂਦਾ ਹੈ, ਘੁੰਮਣ ਘੇਰੀਆਂ ਵਿਚੋਂ ਕੱਢ ਕੇ ਸ਼ੀਤਲ ਕਰ ਦਿੰਦਾ ਹੈ, ਜਿਸ ਦੇ ਬਾਰੇ ਫੁਰਮਾਨ ਹੈ –

***ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ॥***
***ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ॥***
***ਪੰਨਾ – 709***

ਕਲਜੁਗ ਦੀ ਹਨ੍ਹੇਰੀ ਕਰਕੇ ਦੁਨੀਆਂ ਵਿਚ ਤਪਸ਼ ਹੈ ਅਤੇ ਅੱਗ ਦੀ ਤਰ੍ਹਾਂ ਤੱਤੀ ਹੈ ਪਰੰਤੂ ਪਰਮੇਸ਼ਰ ਦਾ ਨਾਮ ਠੰਢਾ ਹੈ।

***ਆਤਸ ਦੁਨੀਆ ਖੁਨਕ ਨਾਮੁ ਖੁਦਾਇਆ॥***
***ਪੰਨਾ – 1291***

ਦੁਨੀਆਂਦਾਰੀ ਦੇ ਹੋਰ ਸਾਰੇ ਕੰਮ ਜਿਵੇਂ ਪੈਸਾ ਟਕਾ ਕਮਾਉਣਾ, ਜਇਦਾਦਾਂ ਬਣਾਉਣੀਆਂ, ਵੱਡੇ ਵੱਡੇ ਅਹੁਦੇ ਹਾਸਲ ਕਰ ਲੈਣੇ, ਧੀਆਂ ਪੁੱਤਰਾਂ, ਰਿਸ਼ਤੇਦਾਰਾਂ ਦੇ ਸੰਬੰਧ, ਕੁਟੰਬ ਆਦਿ ਦੇ ਧੰਧੇ ਕਰਦੇ ਰਹਿਣਾ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿਚ ਆ ਕੇ ਕਰਮ ਕਰਦੇ ਰਹਿਣਾ, ਇਨ੍ਹਾਂ ਸਾਰਿਆਂ ਕਰਕੇ ਧਰਮ ਰਾਇ ਦੇ ਜਮਦੂਤ ਲੈ ਜਾਇਆ ਕਰਦੇ ਹਨ। ਧਰਮਰਾਜ ਦੀ ਕਚਿਹਰੀ ਵਿਚ ਪੇਸ਼ ਹੋਣਾ ਪੈਂਦਾ ਹੈ ਕਿਉਂਕਿ ਉਸ ਨੇ ਇਹੀ ਸਵਾਲ ਕਰਨਾ ਹੈ ਕਿ ਤੈਨੂੰ ਨਾਮ ਜਪਣ ਲਈ ਭੇਜਿਆ ਸੀ, ਨਾਮ ਕਿਉਂ ਨਹੀਂ ਜਪਿਆ?

***ਅਵਰ ਕਰਤੂਤਿ ਸਗਲੀ ਜਮੁ ਡਾਨੈ॥***
***ਗੋਬਿੰਦ ਭਜਨ ਬਿਨੁ ਤਿਲੁ ਨਹੀ ਮਾਨੈ॥*** ***ਪੰਨਾ – 266***

ਇਸ ਲਈ ਨਾਮ ਤੋਂ ਬਗੈਰ ਜਿੰਨਾਂ ਵੀ ਕਾਰ ਵਿਹਾਰ ਕਰਨਾ ਹੈ ਉਹ ਮ੍ਰਿਤਕ ਨੂੰ ਸ਼ਿੰਗਾਰਨ ਦੀ ਨਿਆਂਈਂ ਹੋਇਆ ਕਰਦਾ ਹੈ।

***ਨਾਮ ਬਿਨਾ ਜੇਤਾ ਬਿਉਹਾਰੁ॥***

*ਜਿਉ ਮਿਰਤਕ ਮਿਥਿਆ ਸੀਗਾਰੁ॥ ਪੰਨਾ - 240*

ਨਾਮ ਤੋਂ ਬਿਨਾਂ ਪਹਿਨਣ ਤੇ ਖਾਣ ਇਸ ਤਰ੍ਹਾਂ ਹੈ ਜਿਵੇਂ ਕੁਤਾ ਜੂਠੇ ਬਰਤਨਾਂ ਵਿਚੋਂ ਜੂਠ ਖਾਂਦਾ ਹੈ -

*ਨਾਮ ਬਿਨਾ ਜੋ ਪਹਿਰੈ ਖਾਇ॥*
*ਜਿਉ ਕੂਕਰ ਜੂਠਨ ਮਹਿ ਪਾਇ॥ ਪੰਨਾ - 240*

ਮਨੁਖਾ ਸਰੀਰ ਪ੍ਰਾਪਤ ਕਰਕੇ ਵੀ ਜਿਹੜੇ ਨਾਮ ਨਹੀਂ ਜਪਦੇ, ਉਹ ਇਸ ਧਰਤੀ ਤੇ ਭਾਰੂ ਹਨ ਕਿਉਂਕਿ ਉਹਨਾਂ ਨੇ ਪ੍ਰਭੂ ਦਾ ਨਾਮ ਵਿਸਾਰ ਦਿਤਾ।

*ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ॥*
*ਪੰਨਾ - 488*

ਸੰਸਾਰ ਤੇ ਆ ਕੇ ਜੋ ਮਨੁਖ ਠੱਗੀਆਂ ਕਰਦੇ ਹਨ, ਧੋਖੇ ਕਰਦੇ ਹਨ, ਪਰ ਉਹ ਆਪ ਹੀ ਲੋਭ, ਮੋਹ ਵਸ ਹੋ ਕੇ ਠੱਗੇ ਜਾਂਦੇ ਹਨ, ਉਨ੍ਹਾਂ ਨੂੰ ਦਰਗਾਹ ਵਿਚ ਸਿਰ ਨੀਵਾਂ ਕਰਨਾ ਪੈਂਦਾ ਹੈ। ਜਨਮ ਹਾਰ ਕੇ ਚਲੇ ਜਾਂਦੇ ਹਨ।

*ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥*
*ਪੰਨਾ - 463*

ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਐਸੇ ਮਨੁਖਾਂ ਨਾਲੋਂ ਤਾਂ ਪਸ਼ੂ ਚੰਗੇ ਹਨ ਜੋ ਰੁਖਾ ਸੁਖਾ ਘਾਹ ਖਾ ਕੇ, ਖਲ ਖਾ ਕੇ ਅੰਮ੍ਰਿਤ ਰੂਪੀ ਦੁਧ ਦਿੰਦੇ ਹਨ -

*ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥*
*ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥*
*ਪੰਨਾ - 489*

### ਨਾਮ ਜਪਣਾ ਕਿਉਂ ਜ਼ਰੂਰੀ ਹੈ ਤੇ ਨਾਮ ਦੀ ਮਹਿਮਾ ਕੀ ਹੈ?

ਇਸ ਬਾਰੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਮਨੁਖ ਸੰਸਾਰ ਵਿਚ ਕੇਵਲ ਨਾਮ ਜਪਣ ਵਾਸਤੇ ਹੀ ਆਇਆ ਹੈ ਪਰੰਤੂ ਜਨਮ ਹੁੰਦਿਆਂ ਸਾਰ ਹੀ ਇਸ ਨੂੰ ਤ੍ਰਿਗੁਣੀ ਮਾਇਆ ਨੇ ਮੋਹ ਲਿਆ ਅਤੇ ਮਾਇਆ ਦੀਆਂ ਭੂਲ ਭੁਲਾਈਆਂ ਵਿਚ ਇਸ ਨੂੰ ਸਭ ਕੁਝ ਭੁਲ ਗਿਆ। ਵੈਰ, ਵਿਰੋਧ, ਕਾਮ, ਕ੍ਰੋਧ, ਲੋਭ, ਮੋਹ ਦੇ ਚਿਕੜ ਵਿਚ ਫਸ ਕੇ ਅਨੇਕਾਂ ਜਨਮ ਇਸ ਦੇ ਲੰਘ ਗਏ।

*ਯਾ ਜੁਗ ਮਹਿ ਏਕਹਿ ਕਉ ਆਇਆ॥*
*ਜਨਮਤ ਮੋਹਿਓ ਮੋਹਨੀ ਮਾਇਆ॥ ਪੰਨਾ - 251*

ਮਾਤਾ ਦੇ ਗਰਭ ਵਿਚ ਇਸ ਦੀ ਲਿਵ ਪ੍ਰਭੂ ਨਾਲ ਲੱਗੀ ਹੋਈ ਸੀ, ਉਹ ਟੁਟ ਗਈ।

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*
*ਪੰਨਾ - 921*

ਇਸ ਦੇ ਫਲਸਰੂਪ ਇਹ ਜਨਮ ਮਰਨ ਦੇ ਚਕਰ ਵਿਚ ਫਸ ਗਿਆ।

*ਬੈਰ ਬਿਰੋਧ ਕਾਮ ਕ੍ਰੋਧ ਮੋਹ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥ ਪੰਨਾ - 267*

ਇਹ ਪਰਮਾਤਮਾ ਦੀ ਜੋਤ ਤੋਂ ਪੈਦਾ ਹੋ ਕੇ ਜੀਵ ਆਤਮਾ ਬਣਿਆ ਤੇ ਫੇਰ ਇਸ ਤੋਂ ਵੀ ਹੇਠਾਂ ਇਹ ਜੀਵ ਬਣ ਗਿਆ ਅਤੇ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਸਮਝਣ ਲਗ ਪਿਆ। ਹੁਣ ਇਸ ਨੂੰ ਵਾਪਸ ਆਪਣੇ ਸਰੋਤ ਪ੍ਰਭੂ ਵਿਚ ਲੀਨ ਹੋਣ ਦੀ ਲੋੜ ਹੈ ਜਿਥੋਂ ਇਹ ਪੈਦਾ ਹੋਇਆ ਸੀ। ਇਸ ਨੂੰ ਆਪਣੇ ਆਤਮ ਸਰੂਪ ਦਾ ਅਨੁਭਵ ਕਰਨਾ ਪਵੇਗਾ। ਇਸ ਸਾਰੀ ਕਿਰਿਆ ਲਈ ਇਸ ਨੂੰ ਨਾਮ ਜਪਣ ਦੀ ਲੋੜ ਹੈ।

ਨਾਮ ਇਸ ਜੀਵ ਨੂੰ ਹਰ ਮੁਸੀਬਤ ਤੋਂ ਬਰੀ ਕਰਨ ਦੇ ਸਮੱਰਥ ਹੈ। ਜਿਵੇਂ ਹਾਥੀ ਨੇ ਅਰਦਾਸ ਕੀਤੀ ਸੀ ਕਿ ਹੇ ਪ੍ਰਭੂ! ਮੈਨੂੰ ਤੰਦੂਏ ਨੇ ਫੜ ਲਿਆ, ਮੇਰਾ ਹੁਣ ਬਲ ਨਹੀਂ ਚਲਦਾ, ਮੇਰੀ ਸਹਾਇਤਾ ਕਰੋ। ਝਟਪਟ ਉਸ ਦੇ ਬੰਧਨ ਟੁੱਟ ਗਏ ਅਤੇ ਪਾਣੀ 'ਚੋਂ ਸਹੀ ਸਲਾਮਤ ਬਾਹਰ ਆ ਗਿਆ।

*ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ॥*
*ਪੰਨਾ - 632*

ਅੰਤ ਦੇ ਸਮੇਂ ਜੇ ਇਕ ਵਾਰ ਵੀ ਪ੍ਰਭੂ ਦੇ ਨਾਮ ਦੀ ਸੋਝੀ ਆ ਜਾਵੇ ਤਾਂ ਵੀ ਉਸ ਦਾ ਉਧਾਰ ਹੋ ਜਾਂਦਾ ਹੈ ਭਾਵ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ ਜਿਵੇਂ ਕਿ ਅਜਾਮਲ ਨੂੰ ਸੋਝੀ ਆਈ ਸੀ।

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥*
*ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥*
*ਪੰਨਾ - 902*

### ਨਾਮ ਦੀ ਰਹਿਤ ਕੀ ਹੁੰਦੀ ਹੈ?

ਜਿਸ ਤਰ੍ਹਾਂ ਗੁਰਸਿਖ ਨੂੰ ਬਾਹਰਲੀ ਰਹਿਤ ਅਪਨਾਉਣ ਦਾ ਹੁਕਮ ਹੈ ਕਿ ਪੰਜ ਕਕਾਰਾਂ ਦਾ ਧਾਰਨੀ ਹੋਵੇ, ਨਿਤਨੇਮ ਵਿਚ ਪੱਕਾ ਹੋਵੇ, ਅੰਮ੍ਰਿਤ ਵੇਲੇ ਜਾਗ ਕੇ, ਇਸ਼ਨਾਨ ਕਰਕੇ ਗੁਰਮੰਤਰ ਦਾ ਜਾਪ ਢਾਈ ਘੰਟੇ ਕਰੇ ਭਾਵ ਸਮੇਂ ਦਾ ਦਸਵੰਧ ਵੀ ਦੇਵੇ ਅਤੇ ਕਿਰਤ ਕਮਾਈ ਵਿਚੋਂ ਵੀ ਦਸਵੰਧ ਗੁਰੂ ਕਾਰਜਾਂ ਵਿਚ ਦੇ ਕੇ ਮਾਇਆ ਸਫਲ ਕਰੇ। ਗੁਰਮੁਖਾਂ ਦੀ ਸੰਗਤ ਕਰਦਾ ਰਹੇ ਅਤੇ ਸਤਸੰਗਤ ਰੂਪੀ ਕਿਲੇ ਵਿਚ ਰਹਿ ਕੇ ਵਿਸ਼ੇ ਵਿਕਾਰਾਂ ਤੋਂ ਦੂਰ ਰਹਿਣ ਦੀ ਲਗਾਤਾਰ ਕੋਸ਼ਿਸ਼ ਕਰੇ, ਸਾਕਤਾਂ ਤੇ ਨਿਗੁਰਿਆਂ ਦੀ ਸੰਗਤ ਤੋਂ ਦੂਰ ਰਹੇ। ਸੰਸਾਰ ਵਿਚ ਵਿਚਰਦਿਆਂ ਹੋਇਆਂ ਕਰੁਣਾ, ਮੁਦਤਾ, ਮੈਤਰੀ ਤੇ ਉਪੇਖਿਆ ਧਾਰਦਾ ਹੋਇਆ ਸਮ ਬਿਰਤੀ ਧਾਰਨ ਕਰੇ ਅਤੇ ਰਾਗ, ਦ੍ਵੈਸ਼ ਰੂਪੀ ਬਿਰਤੀ ਦਾ ਤਿਆਗ ਕਰਨ ਲਈ ਸਦਾ ਯਤਨਸ਼ੀਲ ਰਹੇ।

ਆਪਣੇ ਅੰਦਰ ਧਰਮ ਦੇ ਸ਼ੁਭ ਗੁਣਾਂ ਦਾ ਪਰਵੇਸ਼ ਕਰਵਾਉਂਦਾ ਰਹੇ ਕਿਉਂਕਿ ਧਰਮ ਨਾਲ ਆਪਣੇ ਅੰਦਰ ਹੀ ਨਹੀਂ ਸਗੋਂ ਸਾਰੇ ਆਲੇ ਦੁਆਲੇ ਤੇ ਸੰਸਾਰ ਅੰਦਰ ਸ਼ਾਂਤੀ ਫੈਲ ਸਕਦੀ ਹੈ। ਆਪਣੇ ਸੰਪਰਕ ਵਿਚ ਆਉਣ ਵਾਲੇ ਬੰਦਿਆਂ ਨਾਲ ਐਸਾ ਵਿਵਹਾਰ ਕਰਨਾ ਜਿਸ ਨਾਲ ਕਿਸੇ ਨੂੰ ਦੁਖ ਜਾਂ ਠੇਸ ਨਾ ਪਹੁੰਚੇ ਸਗੋਂ ਸਾਰਿਆਂ ਨੂੰ ਸੁਖ ਤੇ ਸ਼ਾਂਤੀ ਮਿਲੇ। ਮਨੁਖ ਨੂੰ ਦੁਨੀਆਂ ਵਿਚ ਆ ਕੇ ਉਹ ਕਰਮ ਕਰਨੇ ਚਾਹੀਦੇ ਹਨ ਜਿਸ ਨਾਲ ਇਸ ਨੂੰ ਦੀਨ ਤੇ ਦੁਨੀਆਂ ਵਿਚ ਸੁਖ ਮਿਲੇ ਅਤੇ ਸੰਸਾਰ ਅੰਦਰ ਸ਼ਾਂਤੀ ਦਾ ਵਰਤਾਰਾ ਹੋ ਜਾਵੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ

ਬਚਿਤਰ ਨਾਟਕ ਵਿਚ ਫੁਰਮਾਨ ਕੀਤਾ ਹੈ ਕਿ ਅਕਾਲ ਪੁਰਖ ਨੇ ਉਨ੍ਹਾਂ ਨੂੰ ਸੰਸਾਰ ਵਿਚ ਧਰਮ ਦਾ ਰਾਹ ਚਲਾਉਣ ਲਈ ਭੇਜਿਆ ਹੈ।

***ਜਾਹਿ ਤਹਾ ਤੈ ਧਰਮ ਚਲਾਇ॥***
***ਕਬੁਧ ਕਰਨ ਤੇ ਲੋਕ ਹਟਾਇ॥***

ਐਸਾ ਜੀਵਨ ਅਪਨਾਉਣ ਲਈ ਹੇਠ ਲਿਖੇ ਸ਼ੁਭ ਗੁਣ ਹੋਣੇ ਜ਼ਰੂਰੀ ਹਨ।

**ਧੀਰਜ** – ਅਨੇਕਾਂ ਤਰ੍ਹਾਂ ਦੇ ਕਸ਼ਟ ਆਉਣ ਤੇ ਸ਼ਾਂਤ ਤੇ ਅਡੋਲ ਚਿਤ ਰੱਖਣ ਵਾਲੀ ਸ਼ਕਤੀ ਨੂੰ ਧੀਰਜ ਆਖਦੇ ਹਨ। ਆਤਮਿਕ ਉਨਤੀ ਲਈ ਧੀਰਜ ਦੇ ਧਾਰਨੀ ਹੋਣਾ ਅਤੀ ਜ਼ਰੂਰੀ ਹੈ।

**ਖਿਮਾ** – ਕਿਸੇ ਦੇ ਕੀਤੇ ਹੋਏ ਗੁਨਾਹ ਨੂੰ ਮੁਆਫ ਕਰ ਦੇਣ ਨੂੰ ਖਿਮਾ ਕਹਿੰਦੇ ਹਨ ਜਿਸ ਬਾਰੇ ਮਹਾਰਾਜ ਜੀ ਦਾ ਫੁਰਮਾਨ ਹੈ –

***ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ॥***
***ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ॥***
***ਪੰਨਾ – 937***

**ਦਯਾ** – ਕਿਸੇ ਦੇ ਦੁਖ ਨੂੰ ਨਾ ਸਹਾਰ ਸਕਣਾ ਅਤੇ ਉਸ ਦੀ ਪੀੜਾ ਨੂੰ ਹਰਨ ਕਰਨ ਵਾਲੀ ਸ਼ਕਤੀ ਨੂੰ ਦਯਾ ਆਖਦੇ ਹਨ ਜਿਸ ਬਾਰੇ ਫੁਰਮਾਨ ਹੈ –

***ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥***
***ਪੰਨਾ – 136***

**ਸੰਤੋਖ** – ਜੀਅ ਭਰ ਕੇ ਮਿਹਨਤ ਕਰਨੀ ਅਤੇ ਜੋ ਕੁਝ ਵੀ ਉਸ ਤੋਂ ਪ੍ਰਾਪਤ ਹੋਇਆ, ਉਸ ਵਿਚ ਸੰਤੁਸ਼ਟੀ ਰੱਖਣੀ।

**ਉਦਮ** – ਆਪਣੇ ਮਨੁਖੀ ਜਾਮੇ ਦੇ ਫਰਜ਼ ਨੂੰ ਤੱਤਪਰ ਹੋ ਕੇ ਨਿਭਾਉਣਾ ਤੇ ਆਲਸ ਤੋਂ ਦੂਰ ਰਹਿਣਾ। ਇਸ ਨੂੰ ਉਦਮ ਕਹਿੰਦੇ ਹਨ –

***ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥***
***ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥***
***ਪੰਨਾ – 522***

**ਸ਼ੀਲ** – ਵਿਸ਼ੇ ਵਾਸ਼ਨਾਵਾਂ ਦੀਆਂ ਲਹਿਰਾਂ ਵਿਚ ਸਥਿਰ ਤੇ ਅਡੋਲ ਰਹਿਣ ਨੂੰ ਸ਼ੀਲ ਆਖਦੇ ਹਨ।

**ਸੌਚ (ਪਵਿੱਤਰਤਾ)** – ਇਹ ਦੋ ਤਰ੍ਹਾਂ ਦੀ ਹੈ – ਇਕ ਬਾਹਰਲੀ ਪਵਿੱਤਰਤਾ ਜਿਵੇਂ ਕਿ ਸਰੀਰ ਦੀ ਪਵਿਤਰਤਾ, ਬਸਤਰਾਂ, ਘਰ ਤੇ ਆਲੇ ਦੁਆਲੇ ਦੀ ਪਵਿੱਤਰਤਾ। ਦੂਜੀ ਹੈ ਅੰਤਸ਼ਕਰਣ ਦੀ ਪਵਿੱਤਰਤਾ; ਮਨ, ਬਚਨ ਤੇ ਕਰਮ ਨਾਲ ਪਵਿੱਤਰ ਜੀਵਨ ਬਤੀਤ ਕਰਨਾ। ਪਰਾਈ ਨਿੰਦਿਆ, ਚੁਗਲੀ, ਈਰਖਾ, ਬਖੀਲੀ ਦਾ ਪੂਰਨ ਤਿਆਗ ਕਰਨਾ ਅਤੇ ਸਰਬਤ ਦਾ ਭਲਾ ਮੰਗਣਾ।

**ਬੁਧੀ ਤੇ ਵਿਦਿਆ** – ਇਨ੍ਹਾਂ ਨੂੰ ਸੰਸਾਰ ਦੇ ਭਲੇ ਲਈ ਵਰਤਣਾ –

***ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥***
***ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥***
***ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ॥***
***ਪੰਨਾ – 1245***

ਇਸ ਤਰ੍ਹਾਂ ਨਾਮ ਨਾਲ ਸੰਬੰਧਤ ਹੋਰ ਅਨੇਕਾਂ ਸਵਾਲ ਕੀਤੇ ਜਾਇਆ ਕਰਦੇ ਸਨ ਜਿਵੇਂ ਕਿ ਇਹ ਜੀਵ ਪ੍ਰਮੇਸ਼ਰ ਦੀ ਅੰਸ ਹੁੰਦਾ ਹੋਇਆ ਵੀ ਫਿਰ ਕਿਉਂ ਦੁਖੀ ਹੈ, ਇਸ ਦੇ ਦੁਖਾਂ ਦਾ ਖਾਤਮਾ ਕਿਵੇਂ ਹੋ ਸਕਦਾ ਹੈ ਇਤਆਦਿ। ਬਾਬਾ ਜੀ ਨੇ ਇਹੋ ਜਿਹੇ ਹੋਰ ਅਨੇਕਾਂ ਸਵਾਲਾਂ ਦੇ ਜਵਾਬ ਉਸ ਸਤਸੰਗ ਵਿਚ ਦਿਤੇ ਸਨ। ਮੈਂ ਤਾਂ ਕੇਵਲ ਟੂਕ ਮਾਤਰ ਹੀ ਲਿਖਿਆ ਹੈ ਪਰੰਤੂ ਮਹਾਂਪੁਰਸ਼ਾਂ ਦੁਆਰਾ ਲਿਖਤ ਪੁਸਤਕਾਂ ਤੇ ਆਤਮ ਮਾਰਗ ਮੈਗਜ਼ੀਨ ਅਤੇ ਉਨ੍ਹਾਂ ਦੁਆਰਾ ਬਣਾਈਆਂ ਹੋਈਆਂ ਆਡੀਓ, ਵੀਡੀਓ ਕੈਸਟਾਂ ਵਿਚ ਇਨ੍ਹਾਂ ਦੇ ਜਵਾਬ ਬਹੁਤ ਹੀ ਵਿਸਥਾਰ ਤੇ ਵੇਰਵੇ ਸਹਿਤ ਲਿਖੇ ਗਏ ਹਨ।

ਜਿਸ ਤਰ੍ਹਾਂ ਨਾਲ ਬਾਬਾ ਜੀ ਨੌਕਰੀ ਕਰਦਿਆਂ ਹੋਇਆਂ ਵੀ ਦੁਪਿਹਰ ਦੇ ਸਮੇਂ ਸਤਸੰਗ ਕਰਿਆ ਕਰਦੇ ਸੀ, ਉਸੇ ਤਰ੍ਹਾਂ ਆਪ ਜੀ ਨੇ ਸਤਿਸੰਗ ਦਾ ਇਕ ਹੋਰ ਮੰਡਲ ਵੀ ਕਾਇਮ ਕੀਤਾ ਹੋਇਆ ਸੀ ਜੋ ਕਿ ਹਰ ਐਤਵਾਰ ਨੂੰ ਤੇ ਛੁਟੀ ਵਾਲੇ ਦਿਨ 15 ਸੈਕਟਰ ਦੇ ਗੁਰਦੁਆਰਾ ਸਾਹਿਬ ਵਿਚ ਹੋਇਆ ਕਰਦਾ ਸੀ। ਉਸ ਸਮੇਂ 15 ਸੈਕਟਰ ਇਸ ਤਰ੍ਹਾਂ ਆਬਾਦ ਨਹੀਂ ਸੀ। ਇਥੇ ਪਿੰਡ ਵਿਚ ਇਹ ਗੁਰਦੁਆਰਾ ਸੀ। ਬਾਬਾ ਜੀ, ਬੀਜੀ ਤੇ ਸਾਰੇ ਸਾਥੀ ਅੰਮ੍ਰਿਤ ਵੇਲੇ ਤਿੰਨ ਸਾਢੇ ਤਿੰਨ ਵਜੇ ਤੋਂ ਪੁਜਣੇ ਸ਼ੁਰੂ ਹੋ ਜਾਂਦੇ ਸਨ ਅਤੇ ਸਾਢੇ ਚਾਰ ਵਜੇ ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋਇਆ ਕਰਦਾ ਸੀ। ਬਾਬਾ ਜੀ ਦੱਸਿਆ ਕਰਦੇ ਸੀ ਕਿ ਜਿਹੜਾ ਵੀ ਪਹਿਲਾਂ ਪਹੁੰਚਦਾ, ਮਿੰਨੀ ਜਿਹੀ ਲਾਲਟੈਨ ਦੀ ਰੋਸ਼ਨੀ ਵਿਚ, ਕੰਧ ਵੱਲ ਨੂੰ ਮੂੰਹ ਕਰਕੇ ਚੌਂਕੜਾ ਮਾਰ ਕੇ ਬੈਠ ਜਾਂਦਾ ਤੇ ਭਜਨ ਕਰਨ ਲੱਗ ਜਾਂਦਾ ਸੀ। ਇਸੇ ਤਰ੍ਹਾਂ ਵਾਰੋ ਵਾਰੀ ਸਭ ਮਾਈ, ਭਾਈ ਬੈਠ ਜਾਂਦੇ ਅਤੇ ਕੋਈ ਕਿਸੇ ਨਾਲ ਗੱਲ ਨਹੀਂ ਸੀ ਕਰਦਾ ਤੇ ਨਾ ਹੀ ਬੁਲਾਉਂਦਾ ਸੀ। ਆਪਣੀ ਆਪਣੀ ਥਾਂ ਤੇ ਬੈਠੇ ਭਜਨ ਵਿਚ ਮਸਤ ਹੋ ਜਾਇਆ ਕਰਦੇ ਸੀ। ਗੁਰਦੁਆਰੇ ਦੇ ਹਾਲ ਵਿਚ ਨਾਮ ਦੀ ਸੁਗੰਧੀ ਫੈਲ ਜਾਇਆ ਕਰਦੀ ਸੀ, ਸਾਰਿਆਂ ਦੇ ਨੇਤਰ ਬੰਦ ਹੁੰਦੇ ਅਤੇ ਅਕਹਿ ਰਸ ਵਿਚ ਪ੍ਰਭੂ ਦੀ ਯਾਦ ਵਿਚ ਲੀਨ ਹੋ ਕੇ ਬੈਠਿਆ ਕਰਦੇ ਸੀ। ਇਕ ਪ੍ਰੇਮੀ ਦੀ ਡਿਊਟੀ ਲੱਗੀ ਹੁੰਦੀ ਸੀ, ਉਹ ਗੁਰੂ ਗ੍ਰੰਥ ਸਾਹਿਬ ਦੇ ਤਾਬਿਆ ਬੈਠ ਜਾਂਦਾ ਸੀ। ਜਦੋਂ ਪੰਜ ਵੱਜਣ ਵਾਲੇ ਹੁੰਦੇ, ਉਸ ਨੇ ਪ੍ਰਕਾਸ਼ ਕਰਕੇ, ਵਾਕ ਲੈ ਲੈਣਾ, ਉਸ ਵਕਤ ਸਾਰੇ ਸਾਵਧਾਨ ਹੋ ਕੇ ਸਰਵਣ ਕਰਦੇ। ਅਰਦਾਸ ਤੋਂ ਬਾਅਦ ਢੋਲਕੀ, ਛੈਣੇ ਤੇ ਵਾਜਾ ਆਦਿ ਸਾਜ ਰੱਖ ਦਿਤੇ ਜਾਂਦੇ ਅਤੇ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਜਾਂਦਾ। ਆਸਾ ਜੀ ਦੀ ਵਾਰ ਦਾ ਕੀਰਤਨ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਸਮਾਪਤ ਹੋ ਜਾਂਦਾ, ਉਪਰੰਤ ਅਰਦਾਸ ਹੁੰਦੀ ਅਤੇ ਸਮਾਪਤੀ ਤੇ ਕਿਸੇ ਨਾਲ ਗੱਲਬਾਤ ਕੀਤੇ ਬਗੈਰ ਹੀ ਅਨੰਦ ਵਿਚ ਮਗਨ ਰਹਿੰਦੇ। ਉਸ ਵੇਲੇ ਉਥੇ ਕੁਦਰਤੀ ਵਾਤਾਵਰਣ ਸੀ, ਦਰਖਤ ਸਨ, ਝਾੜੀਆਂ ਸਨ, ਸਰਕੜੇ ਸਨ, ਸਾਰੇ ਇਕ ਦੂਜੇ ਤੋਂ ਦੂਰ ਬੈਠ ਕੇ ਫੇਰ ਭਜਨ ਵਿਚ

(ਬਾਕੀ ਪੰਨਾ 54 ਤੇ)

# ਸਾਈ ਨਾਮੁ ਅਮੋਲੁ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂਹਾਨੀ ਮਿਸ਼ਨ।***

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ - 31)*

ਗੁਰੂ ਮਹਾਰਾਜ ਦਾ ਫੁਰਮਾਨ ਹੈ -

***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ॥ ਪੰਨਾ - 283***

ਨਾਲ ਹੀ ਗੁਰੂ ਮਹਾਰਾਜ ਕਹਿੰਦੇ ਹਨ ਕਿ ਇਹੋ ਜਿਹੀ ਲਾਹੇ ਦੀ ਚੀਜ਼ ਵਿਰਲੇ ਮਨੁੱਖਾਂ ਨੂੰ ਹੀ ਪ੍ਰਾਪਤ ਹੁੰਦੀ ਹੈ-

***ਇਹੁ ਵਾਪਾਰੁ ਵਿਰਲਾ ਵਾਪਾਰੈ॥***
***ਨਾਨਕ ਤਾ ਕੈ ਸਦ ਬਲਿਹਾਰੈ॥***
***ਪੰਨਾ - 283***

ਵਿਰਲੇ ਵਿਰਲੇ ਵਪਾਰੀ ਹਨ ਨਾਮ ਦੇ। ਸੋ ਇਸ ਤਰ੍ਹਾਂ ਦੇ ਨਾਲ ਉਹ ਬੱਚਾ ਸੁਖਦੇਵ ਕਹਿਣ ਲੱਗਿਆ ਆਪਣੇ ਪਿਤਾ ਨੂੰ ਕਿ ਪਿਤਾ ਜੀ! ਮੈਨੂੰ 100 ਜਨਮ ਦਾ ਗਿਆਨ ਹੈ। ਮੈਂ ਤੁਹਾਡੇ ਕੋਲ ਅਰਜ ਕਰਦਾ ਹਾਂ, ਤੁਸੀਂ ਦੇਖ ਲਿਓ, ਆਪੇ ਹੀ ਫੈਸਲਾ ਕਰ ਦਿਓ ਕਿ ਮੈਨੂੰ ਨਾਮ ਜਪਣਾ ਚਾਹੀਦਾ ਹੈ ਕਿ ਨਹੀਂ।

ਦੱਸਿਆ ਉਸ ਨੇ ਕਿ ਮੈਂ ਇਕ ਜਨਮ ਵਿਚ ਖੋਤੇ ਦੀ ਜੂਨੀ ਵਿਚ ਸੀ। ਮੇਰਾ ਮਾਲਕ ਬੜਾ ਗਰੀਬ ਸੀ। ਅਜੇ ਮੇਰੀ ਉਮਰ ਕੱਚੀ ਸੀ, ਮੇਰੀ ਪਿੱਠ ਤੇ ਉਸੇ ਵੇਲੇ ਇੱਟਾਂ-ਮਿੱਟੀ ਵਗੈਰਾ ਲੱਦਣੀ ਸ਼ੁਰੂ ਕਰ ਦਿੱਤੀ। ਗਰੀਬ ਸੀ, ਵਿਚਾਰੇ ਦਾ ਗੁਜ਼ਾਰਾ ਨਹੀਂ ਸੀ ਚਲਦਾ। ਮੈਂ ਵੀ ਕਮਜ਼ੋਰ ਸੀ, ਮੇਰੀਆਂ ਲੱਤਾਂ ਭਿੜਨ ਲੱਗ ਗਈਆਂ, ਕਮਾਨ ਵਰਗੀ ਮੇਰੀ ਪਿੱਠ ਹੋ ਗਈ, ਲਾਗਾ ਲੱਗ ਗਿਆ ਤੇ ਕਾਵਾਂ ਨੇ ਆ ਕੇ ਬਹੁਤ ਦੁਖੀ ਕਰਿਆ। ਮੇਰਾ ਮਾਲਕ ਰਾਤ ਨੂੰ ਮੈਨੂੰ ਖਾਣ ਨੂੰ ਕੁਝ ਨਾ ਦੇਵੇ ਤੇ ਰੂੜੀਆਂ ਤੇ ਛੱਡ ਦੇਵੇ। ਮੈਂ ਨਾਲੇ ਰੋਵਾਂ ਤੇ ਨਾਲੇ ਗੋਹੇ ਨਾਲ ਲਿਬੜੇ ਹੋਏ ਟਾਂਡੇ ਖਾਵਾਂ। ਉਸ ਤੋਂ ਬਾਅਦ ਉਸ ਨੇ ਮੈਨੂੰ ਧੋਬੀ ਨੂੰ ਵੇਚ ਦਿੱਤਾ - ਥੋੜ੍ਹੇ ਜਿਹੇ ਪੈਸੇ ਲੈ ਕੇ। ਉਸ ਧੋਬੀ ਨੇ ਮੇਰੇ ਉਤੇ ਗਿੱਲੇ ਕੱਪੜੇ ਲਦਣੇ ਸ਼ੁਰੂ ਕਰ ਦਿੱਤੇ ਤੇ ਧੋਬੀਘਾਟ ਤੱਕ ਬਹੁਤ ਮੁਸ਼ਕਲ ਨਾਲ ਮੈਂ ਲੈ ਕੇ ਜਾਂਦਾ। ਮੈਂ ਹੌਲੀ ਤੁਰਦਾ ਸੀ, ਉਹ ਕੁੱਟੀ ਜਾਂਦਾ ਸੀ ਮੈਨੂੰ।

ਇਕ ਦਿਨ ਇਹੋ ਜਿਹੇ ਥਾਂ ਲੈ ਗਿਆ ਜਿਥੇ ਦਲਦਲ ਸੀ। ਜਦੋਂ ਮੈਂ ਉਸ ਵਿਚ ਵੜਿਆ, ਮੈਂ ਫਸ ਗਿਆ, ਬਥੇਰਾ ਜ਼ੋਰ ਲਾਇਆ, ਜਿੰਨਾਂ ਜ਼ੋਰ ਲਾਵਾਂ, ਉਨਾਂ ਥੱਲੇ ਨੂੰ ਜਾਵਾਂ। ਉਸ ਧੋਬੀ ਨੇ ਮੇਰਾ ਖਹਿੜਾ ਹੀ ਛੱਡ ਦਿੱਤਾ। ਮੈਨੂੰ ਖਾਣ ਨੂੰ ਤਾਂ ਕੋਈ ਕੁਝ ਦਿੰਦਾ ਨਹੀਂ ਸੀ, ਮੈਂ ਵਾੜਾਂ ਵਿਚ ਜਾ ਕੇ ਜੀਭ ਦੇ ਨਾਲ ਘਾਹ ਦੀਆਂ ਤਿੜ੍ਹਾਂ ਤੋੜ ਕੇ ਖਾਣੀਆਂ, ਮੇਰੀ ਜੀਭ ਦੇ ਉਤੇ ਵੀ ਕੰਡੇ ਲਗ ਗਏ, ਮੇਰੇ ਨੱਕ ਤੇ ਵੀ ਕੰਡੇ ਲੱਗ ਗਏ, ਮੈਂ ਬਹੁਤ ਦੁਖੀ ਹੋਇਆ। ਉਥੇ ਕੋਲ ਹੀ ਇਕ ਡੰਡੀ (ਕੱਚਾ ਰਸਤਾ) ਜਾਂਦੀ ਸੀ, ਲੰਘਣ ਵਾਲਿਆਂ ਨੇ ਮੇਰੇ ਤੇ ਰਹਿਮ ਨਹੀਂ ਕਰਿਆ, ਮੇਰਾ ਦਰਦ ਨਹੀਂ ਦੇਖਿਆ, ਮੇਰੀ ਪਿੱਠ ਤੇ ਪੈਰ ਰੱਖ ਕੇ ਛਾਲ ਮਾਰਦੇ ਸੀ, ਮੈਂ ਹੋਰ ਹੇਠਾਂ ਚਲਿਆ ਗਿਆ। ਕਾਵਾਂ ਨੇ ਆ ਕੇ ਚੰਗੀ ਤਰ੍ਹਾਂ ਹੀ ਬੇਖੌਫ ਹੋ ਕੇ ਮੈਨੂੰ ਖਾਣਾ ਸ਼ੁਰੂ ਕਰ ਦਿੱਤਾ। ਕਹਿਣ ਲੱਗਿਆ, ਪਿਤਾ ਜੀ! ਜਿਉਂ ਜਿਉਂ ਮੈਂ ਤਕਲੀਫ ਪਾਉਂਦਾ ਸੀ, ਹਿਲਦਾ ਸੀ, ਅਖੀਰ ਮੇਰਾ ਮੂੰਹ ਹੀ ਨੰਗਾ ਰਹਿ ਗਿਆ ਬਾਕੀ ਮੈਂ ਸਾਰਾ ਦਲਦਲ ਵਿਚ ਚਲਿਆ ਗਿਆ, ਕਿਸੇ ਨੇ ਨਾ ਮੈਨੂੰ ਕੱਢਿਆ। ਫੇਰ ਮੇਰੇ ਮੂੰਹ ਵਿਚ ਵੀ ਗਾਰਾ ਪੈਣ ਲੱਗ ਗਿਆ, ਅੱਖਾਂ ਮੇਰੀਆਂ ਜੀਉਂਦੇ ਦੀਆਂ ਹੀ ਖਾ ਗਏ ਕਾਂ। ਗਾਰਾ ਮੇਰੇ ਨੱਕ ਵਿਚ ਪੈ ਗਿਆ ਤੇ ਮੈਂ ਦਮ ਘੁਟ ਕੇ ਮਰ ਗਿਆ। ਰੋਣ ਲੱਗ ਗਿਆ ਐਨੀ ਗੱਲ ਦੱਸ ਕੇ।

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੇ ਭਾਈ ਮਰਦਾਨਾ ਜੀ

ਹੁਣ ਤੁਸੀਂ ਦਸੋ ਕਿ ਮੈਂ ਇਹੋ ਜਿਹੇ ਤਕਲੀਫਾਂ ਵਾਲੇ ਜਨਮਾਂ ਵਿਚੋਂ ਲੰਘ ਕੇ ਆਇਆ ਹਾਂ ਤੇ ਹੁਣ ਮੈਨੂੰ ਸੋਝੀ ਹੈ। ਮਾਤਾ ਦੇ ਪੇਟ ਵਿਚ ਕਿਉਂਕਿ ਇਥੇ ਮਾਇਆ ਨਹੀਂ ਮੇਰੇ ਤੇ ਪਈ, ਮੈਨੂੰ ਸਾਰੇ ਹੀ ਯਾਦ ਹਨ ਪਿਛਲੇ ਜਨਮ। ਮੈਂ ਇਕ ਤੋਤੇ ਦੇ ਜਨਮ ਵਿਚ ਹੁੰਦੇ ਹੋਏ ਨੇ ਅਮਰਕਥਾ

ਸੁਣੀ ਸੀ। ਜਿਹੜੀ ਅੰਮ੍ਰਿਤ ਦੀ ਕਥਾ, ਮਿਰਤੂ ਰਹਿਤ ਹੋਣ ਦੀ ਮੈਂ ਸੁਣੀ, ਕਥਾ ਪ੍ਰਮੇਸ਼ਰ ਦੀ, ਉਸ ਇਕ ਕਥਾ ਨੇ ਮੈਨੂੰ ਤੋਤੇ ਤੋਂ ਬੰਦਾ ਬਣਾ ਦਿੱਤਾ। ਸੋ ਹੁਣ ਤਾਂ ਮੈਂ ਨਾਮ ਜਪਾਂ। ਪਤਾ ਨਹੀਂ ਮੇਰੀ ਸਦਗਤੀ ਹੋ ਜਾਏਗੀ। ਪਿਤਾ ਤੋਂ ਛੁਟੀ ਲੈ ਕੇ ਚਲਿਆ ਗਿਆ, ਜਾ ਕੇ ਨਾਮ ਜਪਿਆ, ਕਿੱਡਾ ਵੱਡਾ ਰਿਸ਼ੀ ਹੋਇਆ।

ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, ਪਿਆਰਿਓ –

***ਪ੍ਰਾਣੀ ਤੂੰ ਆਇਆ ਲਾਹਾ ਲੈਣਿ॥***
***ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥***
***ਪੰਨਾ – 43***

ਤੇਰੇ ਕੋਲ ਸਮਾਂ ਨਹੀਂ ਹੈ, ਤੇਰੀ ਉਮਰ ਲੰਘਦੀ ਤੁਰੀ ਜਾ ਰਹੀ ਹੈ। ਜੇ ਹੁਣ ਨਾ ਤੂੰ ਉਸ ਨੂੰ ਸੰਭਾਲਿਆ ਤੇ ਫੇਰ ਤਾਂ ਹੋਰ ਮੁਸ਼ਕਲ ਹੋ ਜਾਏਗਾ। ਕਹਿੰਦੇ –

***ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥***
***ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥***
***ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥***
***ਪੰਨਾ – 372***

ਦੇਖੋ, ਅਸੀਂ ਕਹਿੰਦੇ ਹਾਂ ਕਿ ਅਸੀਂ ਤਾਂ ਅਕਲ ਵਾਲੇ ਹਾਂ। ਮਹਾਰਾਜ ਕਹਿੰਦੇ, ਤੁਸੀਂ ਤਾਂ ਮੂਰਖ ਵੀ ਹੋ ਤੇ ਨਾਲ ਅਗਿਆਨੀ ਵੀ। ਤੂੰ ਹਰੀ ਦੇ ਗੁਣ ਨਹੀਂ ਗਾਉਂਦਾ।

***ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥***
***ਪੰਨਾ – 372***

ਇਉਂ ਪੜ੍ਹ ਲਓ –

***ਧਾਰਨਾ – ਨਹੀਓਂ ਮਰਨ ਪਛਾਣਦਾ,***
***ਝੂਠੇ ਲਾਲਚ ਲੱਗ ਕੇ ਬੰਦਾ –2, 2.***
***ਝੂਠੇ ਲਾਲਚ ਲਗ ਕੇ ਬੰਦਾ –2, 2.***
***ਨਹੀਓਂ ਮਰਨ ਪਛਾਣਦਾ, .......... –2.***

***ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥***
***ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥***
***ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥***
***ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥***
***ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥***
***ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ॥***
***ਪੰਨਾ – 372***

ਅਜੇ ਵੀ ਕੁਝ ਨਹੀਂ ਵਿਗੜਿਆ, ਜੋ ਲੰਘ ਗਈ ਸੋ ਲੰਘ ਗਈ। ਸਾਡੇ ਮੂਹਰੇ ਮਿਸਾਲਾਂ ਨੇ ਕਿ ਅਜਾਮਲ ਨੇ ਇਕੋ ਵਾਰੀ 'ਨਾਰਾਇਣ' ਕਹਿ ਕੇ ਜਮਾਂ ਤੋਂ ਛੁਟਕਾਰਾ ਪਾ ਲਿਆ ਸੀ। ਜੇ ਸਾਨੂੰ ਥੋੜ੍ਹਾ ਜਿਹਾ ਸਮਾਂ ਮਿਲ ਕੇ ਪ੍ਰਮੇਸ਼ਰ ਵੱਲ ਸਾਡਾ ਚਿਤ ਚਲਿਆ ਗਿਆ ਫੇਰ ਤਾਂ ਛੁਟਕਾਰਾ ਹੋ ਹੀ ਜਾਏਗਾ। ਜਿਹੜਾ ਕੁਝ ਲੰਘ ਗਿਆ ਲੰਘ ਗਿਆ, ਬਥੇਰਾ ਕੁਝ ਨੁਕਸਾਨ ਕਰ ਲਿਆ। ਮਹਾਰਾਜ ਕਹਿੰਦੇ, ਹੁਣੇ ਸੰਭਲ ਜਾ, ਜਿਹੜੀ ਲੰਘ ਗਈ ਉਸ ਦਾ ਧਿਆਨ ਨਾ ਦੇਹ; ਚੰਗੀ ਲੰਘ ਗਈ ਮਾੜੀ ਲੰਘ ਗਈ। ਵਾਹਿਗੁਰੂ ਦਇਆਲ ਹੈ –

***ਸਦਾ ਸਦਾ ਸਦਾ ਦਇਆਲ॥***
***ਸਿਮਰਿ ਸਿਮਰਿ ਨਾਨਕ ਭਏ ਨਿਹਾਲੁ॥ ਪੰਨਾ – 275***

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਦੇ ਫੁਰਮਾਨ ਅਸੀਂ ਸੁਣਦੇ ਹਾਂ।

ਭਾਈ ਮਰਦਾਨਾ ਗੁਰੂ ਨਾਨਕ ਪਾਤਸ਼ਾਹ ਜੀ ਨਾਲ ਜਾ ਰਹੇ ਨੇ। ਜਾਂਦੇ ਜਾਂਦੇ ਕਹਿਣ ਲੱਗੇ ਕਿ ਸੱਚੇ ਪਾਤਸ਼ਾਹ! ਤੁਸੀਂ ਉਪਦੇਸ਼ ਬਹੁਤ ਦਿੰਦੇ ਹੋ, ਇਹ ਅਸਰ ਕਿਉਂ ਨਹੀਂ ਕਰਦਾ ਸਾਰਿਆਂ ਉਤੇ। ਲੋਕ ਉਦੋਂ ਉਦੋਂ ਥੋੜ੍ਹੀ ਦੇਰ ਭਗਤੀ ਕਰਦੇ ਹਨ ਫੇਰ ਮੈਂ ਦੇਖਿਆ ਹੈ, ਫੇਰ ਬੜੇ ਗਾਫਲ ਜਿਹੇ ਹੋਏ ਹੁੰਦੇ ਨੇ।

ਮਹਾਰਾਜ ਕਹਿੰਦੇ, "ਹਾਂ ਮਰਦਾਨਿਆਂ! ਕੀਮਤੀ ਚੀਜ਼ਾਂ ਦੀ ਕਦਰ ਸੰਸਾਰ ਜਾਣਦਾ ਨਹੀਂ। ਸੰਸਾਰ ਨੂੰ ਦਸੋ ਕਿ ਫਲਾਣੇ ਥਾਂ ਤੋਂ ਪੈਸੇ ਮਿਲਦੇ ਨੇ, ਅੰਮ੍ਰਿਤ ਵੇਲੇ 2 ਵਜੇ ਇਥੇ ਬਾਰਸ਼ ਹੋਏਗੀ ਪੈਸਿਆਂ ਦੀ, ਪੌਂਡਾਂ ਦੀ, ਅਸ਼ਰਫੀਆਂ ਦੀ, ਰੋਜ਼ ਹੋਏਗੀ ਜੇ ਕੋਈ ਸੌਂ ਗਿਆ ਤਾਂ ਕਹਿ ਦਿਓ। ਕਦੇ ਵੀ ਨਹੀਂ ਸੌਣਗੇ, ਉਸੇ ਵੇਲੇ ਸਾਰੇ ਹਾਜ਼ਰ ਹੋ ਜਾਇਆ ਕਰਨਗੇ ਪਰ ਇਨ੍ਹਾਂ ਨੂੰ ਪਤਾ ਨਹੀਂ ਕਿ ਨਾਮ ਕਿੰਨਾਂ ਕੀਮਤੀ ਹੈ, ਨਹੀਂ ਜਾਣਦੇ, ਨਾਮ ਦੀ ਕਦਰ ਨਹੀਂ ਪਤਾ। ਮਰਦਾਨਿਆ! ਇਸ ਕਰਕੇ ਸੰਸਾਰ ਗਾਫਲ ਹੋ ਕੇ ਆਪਣਾ ਜਨਮ ਗਵਾ ਰਿਹਾ ਹੈ। ਨਿੰਦਿਆ ਕਰੀ ਜਾਏਗਾ, ਚੁਗਲੀ ਕਰੀ ਜਾਏਗਾ, ਈਰਖਾ ਦੀਆਂ ਗੱਲਾਂ ਕਰੀ ਜਾਏਗਾ, ਬਿਮਾਰ ਹੋ ਜਾਏਗਾ, ਹਾਏ-ਹਾਏ ਕਰੀ ਜਾਏਗਾ, ਘਾਟੇ ਪਏ ਹੋਣਗੇ, ਸੋਚੀ ਜਾਏਗਾ ਪਰ ਕੀ ਮਜਾਲ ਕਿ ਨਾਮ ਜਪ ਲਏ ਹਾਲਾਂਕਿ ਨਾਮ ਸਾਰਿਆਂ ਦੁਖਾਂ ਦੀ ਦਾਰੂ ਹੋਇਆ ਕਰਦਾ ਹੈ।"

***ਸਰਬ ਰੋਗ ਕਾ ਅਉਖਦੁ ਨਾਮੁ॥ ਪੰਨਾ – 274***

ਕਹਿੰਦਾ, "ਮਹਾਰਾਜ! ਮੈਂ ਆਹੀ ਤਾਂ ਕਹਿੰਦਾ ਹਾਂ ਕਿ ਤੁਸੀਂ ਤਾਂ ਬਹੁਤ ਸਮਝਾਉਂਦੇ ਹੋ।"

ਕਹਿੰਦੇ, "ਮਰਦਾਨਿਆਂ! ਜਿਨ੍ਹਾਂ ਦੇ ਭਾਗ ਵਿਚ ਹੁੰਦਾ ਹੈ ਉਹ ਗੱਲ ਫੜ ਲੈਂਦੇ ਨੇ; ਭਾਗਾਂ ਤੋਂ ਜਿਹੜੇ ਹੀਣੇ ਹੁੰਦੇ ਨੇ, ਉਨ੍ਹਾਂ ਨੂੰ ਗੱਲ ਦਾ ਪਤਾ ਨਹੀਂ ਲਗਦਾ।"

ਕਹਿੰਦਾ, "ਮਹਾਰਾਜ! ਤੁਸੀਂ ਤਾਂ ਸਮਝਾਉਂਦੇ ਬਹੁਤ ਹੋ, ਮੈਂ ਤਾਂ ਆਹੀ ਪੁਛਦਾ ਹਾਂ।"

ਮਹਾਰਾਜ ਕਹਿੰਦੇ, "ਹਾਂ! ਆਦਮੀ ਦੇ ਮਨ ਦੀ ਰੁਚੀ ਹੋਇਆ ਕਰਦੀ ਹੈ। ਜਿਸ ਦੀ ਵਿਸ਼ੇ ਵਿਕਾਰਾਂ ਵੱਲ ਰੁਚੀ ਹੈ, ਉਹ ਨਾਮ ਦਾ ਗਾਹਕ ਨਹੀਂ ਹੋਇਆ ਕਰਦਾ।" ਕਹਿੰਦੇ, ਚੰਗਾ ਤੈਨੂੰ ਫੇਰ ਸਮਝਾਵਾਂਗੇ ਅਮਲੀ ਤੌਰ ਤੇ।

ਚਲਦੇ-ਚਲਦੇ ਅੱਜ ਇਕ ਨਗਰ ਕੋਲ ਆ ਗਏ

ਜਿਸ ਦਾ ਨਾਂ ਪਾਟਲੀ ਪੁੱਤਰ ਹੁੰਦਾ ਸੀ। ਅੱਜ ਕੱਲ੍ਹ ਪਟਨਾ ਕਹਿੰਦੇ ਨੇ, ਹੁਣ ਫੇਰ ਪਾਟਲੀ ਪੁੱਤਰ ਰੱਖਣ ਨੂੰ ਫਿਰਦੇ ਨੇ। ਮਹਾਰਾਜ ਕਹਿੰਦੇ, ਔਹ ਦੇਖ ਸਾਹਮਣੇ ਉਚੀਆਂ ਅਟਾਰੀਆਂ ਦੇ ਕਿੰਗਰੇ ਦਿਸਦੇ ਨੇ, ਮਮਟੀਆਂ ਦਿਸਦੀਆਂ ਨੇ।"

ਕਹਿੰਦਾ, "ਹਾਂ ਜੀ!"

ਮਹਾਰਾਜ ਕਹਿੰਦੇ, "ਇਉਂ ਕਰ! ਆਹੀ ਬੜਾ ਸੋਹਣਾ ਥਾਂ ਹੈ ਖੱਬੇ ਹੱਥ, ਅਸੀਂ ਐਥੇ ਬੈਠਾਂਗੇ – ਮੈਂ ਤੇ ਭਾਈ ਬਾਲਾ। ਤੂੰ ਪ੍ਰਸ਼ਾਦਾ ਛਕ ਆ।"

ਹੱਸ ਪਿਆ। ਮਹਾਰਾਜ ਕਹਿੰਦੇ, "ਕੀ ਗੱਲ, ਹਸਦਾ ਹੈਂ ਮਰਦਾਨਿਆਂ!"

ਕਹਿੰਦਾ, "ਸੱਚੇ ਪਾਤਸ਼ਾਹ! ਤੁਸੀਂ ਤਾਂ ਇਉਂ ਕਹਿ ਦਿੱਤਾ ਜਿਵੇਂ ਉਥੇ ਕੋਈ ਮੇਰੇ ਲਈ ਪ੍ਰਸ਼ਾਦੇ ਲਈ ਬੈਠਾ ਹੁੰਦਾ ਹੈ।"

ਕਹਿੰਦੇ, "ਫੇਰ ਕਿਵੇਂ ਕਰਦਾ ਹੁੰਦਾ ਹੈ?"

ਕਹਿੰਦਾ, "ਮਹਾਰਾਜ! ਪਹਿਲਾਂ ਤਾਂ ਮੈਂ ਲੋਕਾਂ ਦੇ ਚਿਹਰਿਆਂ ਵੱਲ ਦੇਖਦਾ ਹਾਂ, ਮੈਨੂੰ ਚਿਹਰੇ ਪੜ੍ਹਨ ਦੀ ਜਾਂਚ ਆ ਗਈ। ਜਿਸ ਦਾ ਹਸਮੁਖ ਚਿਹਰਾ ਹੋਵੇ, ਮੱਥੇ ਤੇ ਘੁਟੀਆਂ ਨਾ ਜਿਸ ਨੇ ਪਾਈਆਂ ਹੋਣ, ਬੁਲ੍ਹਾਂ ਦੇ ਉਤੇ ਮੁਸਕਾਨ ਹੋਵੇ, ਅੱਖਾਂ ਦੇ ਵਿਚ ਰਸ ਹੋਵੇ, ਮੈਂ ਉਸ ਨੂੰ 'ਸਤਿ ਕਰਤਾਰ!' ਦੀ ਆਵਾਜ਼ ਦਿੰਦਾ ਹਾਂ। ਉਹ ਮੈਨੂੰ ਆਪਣੇ ਹਿਸਾਬ ਨਾਲ ਉਤਰ ਦਿੰਦਾ ਹੈ, ਫੇਰ ਪੁਛ ਲੈਂਦਾ ਹੈ ਕਿ ਭਾਈ! ਕਿਥੋਂ ਆਇਆ ਹੈਂ? ਥੋੜ੍ਹੀਆਂ ਬਹੁਤੀਆਂ ਗੱਲਾਂ ਆਪਦੀਆਂ ਕਰਦਾ ਹਾਂ, ਫੇਰ ਉਹ ਸ਼ਰਧਾਲੂ ਹੋ ਜਾਂਦਾ ਹੈ, ਫੇਰ ਕਹਿੰਦਾ ਹੈ ਪ੍ਰਸ਼ਾਦਾ ਛਕ ਲੈ। ਮੈਂ ਕਹਿ ਦਿੰਦਾ ਹਾਂ ਕਿ ਮੈਂ ਤਾਂ ਆਇਆ ਹੀ ਪ੍ਰਸ਼ਾਦਾ ਛੱਕਣ ਹਾਂ।"

ਕਹਿੰਦੇ, "ਭਲਾ ਮਰਦਾਨਿਆ! ਜੇ ਨਾ ਹੋਵੇ ਇਸ ਤਰ੍ਹਾਂ?"

ਕਹਿੰਦਾ, "ਫੇਰ ਮਹਾਰਾਜ! ਤੁਸੀਂ ਮੇਰੇ ਨਾਲ ਇਕ ਦਿਨ ਚਲਿਓ, ਤੁਹਾਨੂੰ ਪਤਾ ਲੱਗ ਜਾਏਗਾ ਕਿ ਬੀਬੀਆਂ ਕਿਵੇਂ ਗਾਲ੍ਹਾਂ ਕੱਢਦੀਆਂ ਨੇ – ਹੱਟਾ ਕੱਟਾ ਕੰਮ ਨਹੀਂ ਕਰਦਾ, ਤੜਕੇ ਹੀ ਆ ਗਿਆ; ਮੈਂ ਵਿਹਲੀ ਹਾਂ ਤੈਨੂੰ ਲਿਆ ਕੇ ਦੇਵਾਂ?" ਕਹਿੰਦਾ, "ਇਹੋ ਜਿਹੀਆਂ ਗੱਲਾਂ ਸੁਣਾਉਂਦੀਆਂ ਹਨ, ਮਹਾਰਾਜ! ਫੇਰ ਚੁੱਪ ਕਰ ਜਾਈਦਾ ਹੈ।"

ਮਹਾਰਾਜ ਜਲਾਲ ਵਿਚ ਆ ਗਏ। ਕਹਿੰਦੇ, "ਮਰਦਾਨਿਆਂ! ਨਿਰੰਕਾਰ ਦੀ ਕਰਦੇ ਹੋਈਏ ਚਾਕਰੀ, ਲੋਕਾਂ ਮੂਹਰੇ ਹੱਥ ਅੱਡਣਾ ਹੈ?"

ਚਰਨ ਕੱਢਿਆ ਖੜਾਂ ਵਿਚੋਂ, ਅਗੂੰਠੇ ਨਾਲ ਥੋੜ੍ਹੀ ਜਿਹੀ ਧਰਤੀ ਪੁੱਟੀ। ਕਹਿੰਦੇ, "ਆਹ ਚੁੱਕ ਲੈ, ਬੇਕੀਮਤੀ ਲਾਲ ਹੈ ਇਹ ਜਿਸ ਦੀ ਕੋਈ ਕੀਮਤ ਹੀ ਨਹੀਂ। ਜਾਹ! ਨਾਲੇ ਤਾਂ ਦਿਖਾ ਕੇ ਕੀਮਤ ਪੁਛ ਆ ਤੇ ਨਾਲੇ ਪ੍ਰਸ਼ਾਦਾ ਛਕ ਆ।"

ਮਰਦਾਨਾ ਜਾਂਦਾ ਜਾਂਦਾ ਸਬਜ਼ੀਫਰੋਸ਼ ਦੀ ਦੁਕਾਨ ਤੇ ਚਲਾ ਗਿਆ। ਬੜਾ ਕੰਮ ਚਲ ਰਿਹਾ ਹੈ, ਉਸ ਨੇ ਕਿਹਾ ਇਸ ਤੋਂ ਪੁਛ ਲੈਂਦੇ ਹਾਂ, ਸਿਆਣਾ ਬੰਦਾ ਲਗਦਾ ਹੈ। ਲਾਲ ਦਿਖਾਇਆ ਤੇ ਨਾਲ ਦੀ ਨਾਲ ਕਿਹਾ ਕਿ ਮੈਨੂੰ ਤੂੰ ਸਵਾ ਸੇਰ ਫਲ ਦੇ ਦੇ, ਚਾਹੇ ਆਪਣੀ ਸਬਜ਼ੀ, ਮੂਲੀਆਂ ਵਗੈਰਾ ਦੇ ਦੇ ਤੇ ਨਾਲੇ ਮੈਨੂੰ ਇਸ ਦੀ ਕੀਮਤ ਦੱਸ ਦੇ।

ਉਹ ਕਹਿਣ ਲੱਗਿਆ ਕਿ ਇਸ ਦੀ ਕਾਹਦੀ ਕੀਮਤ ਹੈ, ਇਹ ਤਾਂ ਐਵੇਂ ਇਕ ਪੱਥਰ ਇਥੋਂ ਚੁੱਕ ਲਿਆਂਦਾ ਤੂੰ ਕਿਤੋਂ ਰੋੜਾ ਜਿਹਾ, ਲਾਲ ਰੋੜਾ ਹੈ, ਹੋਰ ਕੀ ਹੈ ਇਹ। ਉਸ ਨਾਲ ਦੇ ਗ੍ਰਾਹਕ ਜੋ ਸੌਦਾ ਲੈ ਰਹੇ ਸੀ ਉਹ ਵੀ ਕਹਿਣ ਲੱਗੇ ਕਿ ਆਹ ਬੰਦਾ ਕੀਮਤ ਕੀ ਪੁਛਦਾ ਹੈ?

ਮਰਦਾਨੇ ਨੇ ਕਿਹਾ, "ਸ਼ਾਹ ਜੀ! ਬੜਾ ਹੀ ਕੀਮਤੀ ਲਾਲ ਹੈ।"

5-7 ਵਾਰੀ ਜਦੋਂ ਕਿਹਾ ਤਾਂ ਉਹ ਪੁੜਪੁੜੀ ਕੋਲ ਹੱਥ ਫੇਰਨ ਲਗ ਗਿਆ – ਦੂਜਿਆਂ ਨੂੰ ਦੱਸਣ ਵਾਸਤੇ ਕਿ ਦਿਮਾਗ ਠੀਕ ਨਹੀਂ ਇਸਦਾ। ਇਹੋ ਜਿਹੀਆਂ ਤਾਂ ਇਥੇ ਰੋੜੀਆਂ ਬਥੇਰੀਆਂ ਪਈਆਂ ਨੇ ਗੰਗਾ ਵਿਚ, ਲਾਲ ਪੱਥਰ ਜਿਹੇ ਵੀ ਹਨ ਬਥੇਰੇ, ਸਾਡੇ ਜੁਆਕ ਜਦੋਂ ਜਾਂਦੇ ਨੇ, ਜੇਬਾਂ ਭਰ ਲਿਆਉਂਦੇ ਨੇ।

ਕਹਿੰਦਾ, "ਚੰਗਾ! ਜੇ ਵੇਚਣਾ ਹੈ ਤਾਂ ਦੋ ਮੂਲੀਆਂ ਲੈ ਲੈ।"

ਹੈਰਾਨ ਹੋ ਗਿਆ ਕਿ ਗੁਰੂ ਸਾਹਿਬ ਦਾ ਬਚਨ ਤਾਂ ਝੂਠਾ ਨਹੀਂ ਹੁੰਦਾ। ਉਨ੍ਹਾਂ ਨੇ ਤਾਂ ਜਿਹੜੀ ਗੱਲ ਕਹਿ ਦਿੱਤੀ ਉਹ ਠੀਕ ਹੈ, ਇਸ ਨੂੰ ਹੀ ਨਹੀਂ ਪਤਾ। ਉਸ ਤੋਂ ਵਾਪਸ ਲੈ ਲਿਆ ਤੇ ਅਗੇ ਹਲਵਾਈ ਕੋਲ ਚਲਿਆ ਗਿਆ। ਇਹੀ ਗੱਲ ਹਲਵਾਈ ਨੂੰ ਕਹੀ। ਹਲਵਾਈ ਨੇ ਕਿਹਾ ਕਿ ਇਹ ਪਾਸਕੂ ਹੈ, ਤੂੰ ਅੱਧਾ ਸੇਰ ਮਿਠਾਈ ਲੈ ਲੈ। ਮੈਂ ਪਾਸਕੂ ਬੰਨ੍ਹ ਲਵਾਂਗਾ। ਏਨਾ ਕੁ ਹੀ ਘੱਟ ਹੈ ਮੇਰੀ ਤਕੜੀ ਵਿਚ।

ਕਹਿੰਦਾ, "ਨਹੀਂ ਸ਼ਾਹ ਜੀ! ਇਹ ਤਾਂ ਬਹੁਤ ਮਹਿੰਗਾ ਹੈ।" ਜਦੋਂ ਪੰਜ ਸੱਤ ਵਾਰੀ ਕਿਹਾ, ਉਹ ਸਾਰੇ ਕਹਿਣ ਲੱਗੇ, "ਸ਼ਾਹ ਜੀ! ਕੀ ਇਸ ਦੇ ਨਾਲ ਗੱਲਾਂ ਕਰਦੇ ਹੋ, ਕੋਈ ਦਿਮਾਗ ਦਾ ਹੌਲਾ ਬੰਦਾ ਆ ਗਿਆ।"

ਬਜਾਜ ਕੋਲ ਚਲਿਆ ਗਿਆ – ਕੱਪੜੇ ਦੀ ਦੁਕਾਨ ਤੇ, ਉਹ ਦੋ ਗਜ਼ ਕੱਪੜਾ ਦੇਵੇ। ਉਥੇ ਵੀ ਇਵੇਂ ਜਿਵੇਂ ਹੋਈ ਤੇ ਉਸ ਤੋਂ ਬਾਅਦ ਇਕ ਜੌਹਰੀ ਕੋਲ ਗਿਆ।

ਉਹ ਕਹਿਣ ਲੱਗਿਆ, "ਭਾਈ! 10/- ਰੁਪਏ ਮੁਲ ਹੈ ਇਸ ਦਾ, ਲੈ ਲੈ; ਦੇਵਾਂ?"

ਕਹਿਣ ਲੱਗਿਆ, "ਦੇਖੋ! ਮੂਲੀਆਂ ਪੈਸੇ ਦੀਆਂ, ਦੋ ਪੈਸੇ ਦੀ ਮਠਿਆਈ ਤੇ ਆਨੇ ਦਾ ਕੱਪੜਾ।"

ਉਦੋਂ ਬੇਅੰਤ ਸਸਤਾ ਹੁੰਦਾ ਸੀ। ਇਹ ਤਾਂ 10/- ਰੁਪਏ ਦੇ ਰਿਹਾ ਹੈ, ਬੜਾ ਇਸ ਨੇ ਇਕ ਦਮ ਫਰਕ ਪਾ ਦਿੱਤਾ।

ਕਹਿੰਦਾ, "ਸ਼ਾਹ ਜੀ! ਇਥੇ ਕੋਈ ਹੋਰ ਵੀ ਜੌਹਰੀ ਹੈ?"

ਕਹਿੰਦੇ, "ਹਾਂ, ਹੈ।"

ਅੱਗੇ ਗਿਆ, ਅਗਲੇ ਨੇ 100/- ਰੁਪਏ ਮੁਲ ਪਾ ਦਿੱਤਾ। ਉਸ ਤੋਂ ਬਾਅਦ ਇਕ ਜੌਹਰੀ ਦਾ ਪਤਾ ਲੱਗਿਆ ਕਿ ਸਾਲਸਰਾਏ ਨਾਮ ਦਾ ਇਕ ਜੌਹਰੀ ਰਹਿੰਦਾ ਹੈ, ਉਹ ਬੜਾ ਸਿਆਣਾ ਹੈ, ਉਹ ਤੈਨੂੰ ਸਹੀ ਮੁੱਲ ਦੱਸ ਦਏਗਾ।

ਉਥੇ ਜਾ ਆਵਾਜ਼ ਦਿਤੀ ਤਾਂ ਨੌਕਰ ਉਤਰ ਆਇਆ ਉਤੋਂ ਪਹਿਲੀ ਮੰਜ਼ਿਲ ਤੋਂ। ਆ ਕੇ ਕਹਿਣ ਲੱਗਿਆ, "ਭਾਈ! ਕੀ ਗੱਲ ਹੈ?"

ਕਹਿਣ ਲੱਗਿਆ, "ਸ਼ਾਹ ਜੀ! ਇਸ ਦਾ ਮੈਂ ਮੁੱਲ ਪੁਛਣਾ ਹੈ।"

ਕਹਿੰਦਾ, "ਤੇਰਾ ਨਾਉਂ ਕੀ ਹੈ?"

ਕਹਿੰਦੇ, "ਮਰਦਾਨਾ।"

ਕਹਿੰਦਾ, "ਦੇਸ਼ ਕਿਹੜਾ ਹੈ?"

ਕਹਿੰਦੇ, "ਸਾਡਾ ਮਧਰ ਦੇਸ਼ ਹੈ। ਪੰਜਾਬ, ਮਧਰ ਦੇਸ਼ ਉਸ ਨੂੰ ਕਹਿੰਦੇ ਨੇ, ਸਪਤ ਸਿਧੂੰ ਵੀ ਕਹਿੰਦੇ ਨੇ।"

ਕਹਿਣ ਲੱਗਿਆ, "ਮੈਂ ਸ਼ਾਹ ਜੀ ਨਹੀਂ ਹਾਂ, ਸ਼ਾਹ ਜੀ ਤਾਂ ਉਪਰ ਬੈਠੇ ਨੇ, ਉਹ ਸਹੀ ਮੁੱਲ ਦੱਸ ਦੇਣਗੇ।"

ਕਹਿੰਦਾ, "ਤੁਹਾਡੇ ਅਨੁਮਾਨ ਵਿਚ ਕਿੰਨਾ ਕੁ ਮੁੱਲ ਹੈ?"

ਕਹਿੰਦਾ, "ਮੇਰੇ ਅਨੁਮਾਨ ਵਿਚ ਤਾਂ ਬੇਅੰਤ ਹੈ।"

ਸ਼ਾਹ ਕੋਲ ਚਲੇ ਗਏ। ਕਹਿੰਦਾ, "ਸ਼ਾਹ ਜੀ! ਇਹ ਭਾਈ ਮਰਦਾਨਾ ਆਇਆ ਹੈ, ਆਹ ਕੋਈ ਚੀਜ਼ ਹੈ ਇਸ ਦੇ ਕੋਲ ਬੜੀ ਸੋਹਣੀ ਤੇ ਇਸ ਦਾ ਮੁੱਲ ਪੁਛਦਾ ਹੈ।"

ਕਹਿੰਦੇ, "ਤੂੰ ਦਸਿਆ ਨਹੀਂ?"

ਕਹਿੰਦਾ, "ਮੈਂ ਦੱਸਿਆ ਤਾਂ ਹੈ ਨਹੀਂ।"

ਕਹਿਦੇ, "ਹੁਣ ਦੱਸ ਦੇ।"

ਕਹਿੰਦਾ, "ਭਾਈ ਮਰਦਾਨਾ! ਇਹ 1000/- ਰੁਪਈਏ ਦਾ ਹੈ।"

ਉਸ ਵੇਲੇ ਦਾ ਹਜ਼ਾਰ ਰੁਪਿਆ ਹੁਣ ਦੇ ਦਸ ਲੱਖ ਵਰਗਾ ਹੈ। ਹੈਰਾਨ ਹੋ ਗਿਆ ਮਰਦਾਨਾ ਕਿ ਇਹ ਬੜਾ ਮੁੱਲ ਹੈ।

ਸ਼ਾਹ ਜੀ ਕਹਿੰਦਾ, "ਦਿਖਾਈ ਤਾਂ!"

ਜਦੋਂ ਸਾਲਸਰਾਇ ਨੇ ਫੜ ਕੇ ਚਾਨਣੇ ਵੱਲ ਕਰਿਆ ਤਾਂ ਹੈਰਾਨ ਹੋ ਗਿਆ ਕਿ ਇਸ ਦੇ ਵਿਚ ਤਾਂ ਬੇਅੰਤ ਹੀ ਰੰਗ ਨੇ। ਆਹ ਚੀਜ਼ ਤਾਂ ਦੁਨੀਆਂ ਵਿਚ ਮਿਲ ਹੀ ਨਹੀਂ ਸਕਦੀ। ਉਸ ਵੇਲੇ ਛਾਤੀ ਫੁੱਲ ਗਈ ਉਸ ਦੀ।

ਕਹਿੰਦਾ, "ਬੇਟਾ! ਜਲਦੀ ਕਰ 100/- ਰੁਪਈਆ ਕੱਢ ਤਜੌਰੀ ਵਿਚੋਂ।"

100/- ਰੁਪਈਆ ਕੱਢਿਆ, ਲਾਲ ਰੱਖ ਲਿਆ ਤੇ ਉਸ ਦੀ ਭੇਟਾ ਜਿਵੇਂ ਮੱਥਾ ਟੇਕੀਦਾ ਹੈ, ਇਸ ਤਰ੍ਹਾਂ 100/- ਰੁਪਿਆ ਭੇਟਾ ਕਰ ਦਿੱਤਾ।

ਮਰਦਾਨੇ ਨੇ ਕਿਹਾ ਕਿ ਮੈਂ ਮੁੱਲ ਤਾਂ ਵੇਚਣਾ ਨਹੀਂ। ਉਹ ਵੀ ਸਮਝ ਗਿਆ।

ਕਹਿਣ ਲੱਗੇ, "ਭਾਈ ਮਰਦਾਨਾ! ਇਹ ਤੁਹਾਡਾ ਹੈ ਜਾਂ ਕਿਸੇ ਹੋਰ ਦਾ ਹੈ?"

ਕਹਿੰਦੇ, "ਇਹ ਤਾਂ ਗੁਰੂ ਨਾਨਕ ਪਾਤਸ਼ਾਹ ਨੇ ਮੈਨੂੰ ਦਿੱਤਾ ਹੈ, ਮੈਂ ਤਾਂ ਮੁੱਲ ਹੀ ਪੁਛਣਾ ਹੈ ਇਸ ਦਾ।"

ਕਹਿੰਦਾ, "ਦੇਖ ਭਾਈ ਮਰਦਾਨਾ! ਇਹ 100/- ਰੁਪਿਆ ਮੈਂ ਦਰਸ਼ਨ ਭੇਟ ਦਿੱਤੀ ਹੈ ਕਿਉਂਕਿ ਸਾਡੇ ਬਜ਼ੁਰਗ ਇਹ ਕਹਿੰਦੇ ਸੀ ਕਿ ਦੁਨੀਆਂ ਦੇ ਅੰਦਰ ਇਕ ਨਾਯਾਬ, ਨਾ ਮਿਲਣ ਵਾਲਾ ਅਮੋਲਕ ਲਾਲ ਹੈ। ਜੇ ਕਿਤੇ ਉਸ ਦੇ ਦਰਸ਼ਨ ਹੋ ਜਾਣ ਤਾਂ ਆਹ ਨਿਸ਼ਾਨੀ ਹੈ ਉਸ ਦੀ ਤੇ ਉਸ ਵੇਲੇ 100/- ਰੁਪਿਆ ਮੱਥਾ ਟੇਕਿਓ। ਸੋ ਭਾਈ! ਜੇ ਤੂੰ ਵੇਚਣਾ ਹੈ ਤਾਂ ਮੈਂ ਇਸ ਦਾ ਮੁੱਲ ਨਹੀਂ ਪਾ ਸਕਦਾ, ਅਸੀਂ ਜੌਹਰੀ ਇਕੱਠੇ ਹੋਵਾਂਗੇ, ਤੁਹਾਨੂੰ 3-4 ਮਹੀਨੇ ਇਥੇ ਟਿਕਣਾ ਪਏਗਾ ਫੇਰ ਇਸ ਦਾ ਮੁੱਲ ਪੈ ਜਾਏਗਾ। ਤੂੰ ਇਉਂ ਦੱਸ ਕਿ ਗੁਰੂ ਨਾਨਕ ਓਹੀ ਤਾਂ ਨਹੀਂ ਜਿਹੜੇ ਸੰਸਾਰ ਦਾ ਉਧਾਰ ਕਰਦੇ ਨੇ?"

ਕਹਿੰਦੇ, "ਓਹੀ ਹਨ।"

ਕਹਿੰਦਾ, "ਮੇਰੇ ਤਾਂ ਭਾਗ ਜਾਗ ਪਏ। ਮੈਨੂੰ ਲਾਲ ਵੀ ਦੇਖਣ ਨੂੰ ਮਿਲ ਗਿਆ ਤੇ ਮੈਨੂੰ ਪ੍ਰਮੇਸ਼ਰ ਦਾ ਪਿਆਰਾ, ਜਿਸ ਦੀ ਅੱਜ ਕੱਲ੍ਹ ਸਾਰੇ ਮਹਿਕ ਫੈਲੀ ਹੋਈ ਹੈ, ਉਸ ਦੇ ਵੀ ਦਰਸ਼ਨ ਹੋ ਜਾਣਗੇ। ਕਿਉਂ ਭਾਈ ਮਰਦਾਨਾ! ਪ੍ਰਸ਼ਾਦਾ ਤਾਂ ਨਹੀਂ ਕਿਸੇ ਨੇ ਵਰਜਿਆ (ਪੁਛਿਆ)?"

ਕਹਿੰਦਾ, "ਨਹੀਂ।"

ਕਹਿੰਦਾ, "ਕਿੰਨੇ ਕੁ ਸਰੀਰ ਨੇ?"

ਕਹਿੰਦੇ, "ਕਦੇ ਕਦੇ ਸੈਂਕੜੇ ਵੀ ਹੋ ਜਾਂਦੇ ਨੇ, ਹੁਣ ਤਾਂ ਅਸੀਂ ਤਿੰਨੇ ਜਣੇ ਹਾਂ।"

ਸ਼ਾਹ ਨੇ ਨੌਕਰ ਨੂੰ ਕਿਹਾ, "ਬੇਟਾ ਅਧੱਰਕਾ! ਬਾਗ

ਵਿਚ ਜਾਹ, ਤਾਜ਼ੇ ਫਲ ਲਿਆ ਮਿਠੇ ਦੇਖ ਕੇ, ਮਠਿਆਈ ਲਿਆ ਵਧੀਆ, ਹੇਠਾਂ ਕਹਿ ਦੇ ਕਿ 8-10 ਬੰਦਿਆਂ ਦਾ ਪ੍ਰਸ਼ਾਦਾ ਛੇਤੀ ਤਿਆਰ ਕਰ ਦੇਣ।"

ਭਾਈ ਮਰਦਾਨੇ ਨੂੰ ਭੇਜ ਦਿੱਤਾ। ਇਹ ਪ੍ਰਸ਼ਾਦਾ ਤਿਆਰ ਕਰਵਾਉਣ ਲੱਗ ਗਿਆ।

ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, "ਮਰਦਾਨਿਆਂ! ਨਾਲੇ ਆਹ ਲਿਆਇਐਂ ਰੁਪਈਏ ਤੇ ਨਾਲੇ ਲਾਲ ਲਿਆਇਐਂ।"

ਕਹਿੰਦਾ, "ਸੱਚੇ ਪਾਤਸ਼ਾਹ! ਤੇਰੀਆਂ ਤੂੰ ਜਾਣ।"

ਕਹਿੰਦੇ, "ਕੀ ਗੱਲ?"

ਕਹਿੰਦਾ, "ਗੱਲ ਕੀ ਹੋਣੀ ਸੀ ਮਹਾਰਾਜ! ਮੈਂ ਤਾਂ ਹੈਰਾਨ ਹਾਂ। ਉਹ ਪਹਿਲਾ ਬੰਦਾ ਮਿਲਿਆ, ਮੈਂ ਕਿਹਾ ਇਹ ਬੜਾ ਸਿਆਣਾ ਹੈ, ਉਸ ਨੇ 2 ਮੂਲੀਆਂ ਇਸ ਦਾ ਮੁੱਲ ਪਾਇਆ। ਹਲਵਾਈ ਮਿਲਿਆ, ਉਸ ਨੇ ਅੱਧ ਸੇਰ ਮਠਿਆਈ ਮੁੱਲ ਪਾਇਆ। ਬਜਾਜ ਨੇ ਦੋ ਗਜ਼ ਕੱਪੜਾ, ਇਕ ਜੌਹਰੀ ਨੇ 10/- ਰੁਪਏ, ਇਕ ਨੇ 100/- ਰੁਪਏ।"

ਕਹਿੰਦਾ, "ਮੈਂ ਤਾਂ ਹੈਰਾਨ ਹੋ ਗਿਆ ਮਹਾਰਾਜ! ਇਕ ਜੌਹਰੀ ਮਿਲਿਆ ਜਿਸ ਦਾ ਨਾਮ ਸਾਲਸਰਾਇ ਹੈ, ਉਹ ਕਹਿੰਦਾ ਕਿ ਇਹ ਤਾਂ ਬੇਮੁਲੀ ਚੀਜ਼ ਹੈ, ਜੌਹਰੀਆਂ ਦਾ ਇਕੱਠ ਬੈਠੇਗਾ, ਪਤਾ ਨਹੀਂ ਕਿੰਨੇ ਕਰੋੜ ਦਾ ਹੋਵੇ, ਸਾਡੇ ਕੋਲ ਤਾਂ ਕੁਝ ਦੇਰ ਐਨਾ ਪੈਸਾ ਨਹੀਂ ਦੇਣ ਲਈ, ਪਰ ਇਹ ਜੇ ਵੇਚਣਾ ਹੈ ਤਾਂ ਤੁਹਾਨੂੰ ਟਿਕਣਾ ਪਏਗਾ।"

ਮਹਾਰਾਜ ਕਹਿੰਦੇ, "ਮਰਦਾਨਿਆਂ! ਤੂੰ ਦੱਸਣਾ ਸੀ ਹਲਵਾਈ ਨੂੰ ਤੇ ਉਨ੍ਹਾਂ ਨੂੰ।"

ਕਹਿੰਦਾ, "ਮਹਾਰਾਜ! ਮੈਂ ਕੀ ਦਸਦਾ, ਮੈਨੂੰ ਤਾਂ ਉਨ੍ਹਾਂ ਨੇ ਕਮਲਾ ਹੀ ਬਣਾ ਦਿਤਾ ਕਿ ਪਾਗਲ ਫਿਰਦਾ ਹੈ, ਮੇਰੇ ਨਾਲ ਤਾਂ ਮਖੌਲ ਕਰਨ ਲੱਗ ਗਏ।"

ਕਹਿੰਦੇ, "ਤੂੰ ਚੰਗੀ ਤਰ੍ਹਾਂ ਸਮਝਾਉਣਾ ਸੀ?"

ਕਹਿੰਦਾ, "ਮਹਾਰਾਜ! ਮੈਂ ਜ਼ੋਰ ਲਾ ਲਿਆ ਸਮਝਾ ਸਮਝਾ ਕੇ, ਜਿੰਨਾ ਸਮਝਾਉਣਾ ਸੀ ਏਨਾ ਹੀ ਸਮਝਦੇ ਸੀ ਕਿ ਕੋਈ ਅਖੌਤੀ ਬੰਦੇ ਨਾਲ ਵਾਹ ਪੈ ਗਿਆ, ਦੋ ਮੂਲੀਆਂ ਹੀ ਕਹਿ ਦਿੱਤਾ, ਹਲਵਾਈ ਨੇ ਅੱਧ ਸੇਰ ਮਠਿਆਈ ਕਹਿ ਦਿਤੀ, ਬਜਾਜ ਨੇ ਦੋ ਗਜ਼ ਕੱਪੜਾ ਕਹਿ ਦਿੱਤਾ।"

ਮਹਾਰਾਜ ਕਹਿੰਦੇ, "ਫੇਰ ਤੂੰ ਸਮਝਾਉਣਾ ਸੀ?"

ਕਹਿੰਦਾ, "ਮਹਾਰਾਜ! ਫੇਰ ਓਹੀ ਗੱਲ, ਮੈਂ ਤਾਂ ਸਾਰਾ ਜ਼ੋਰ ਲਾ ਲਿਆ।"

ਮਹਾਰਾਜ ਕਹਿੰਦੇ, "ਦੇਖ! ਕੀਮਤੀ ਚੀਜ਼ਾਂ ਦੀ ਜੋ ਕਦਰ ਹੈ, ਉਹ ਕਦਰਦਾਨਾਂ ਤੋਂ ਬਗੈਰ ਨਹੀਂ ਪਿਆ ਕਰਦੀ। ਜਿਸ ਤਰ੍ਹਾਂ ਦੇ ਨਾਲ ਲਾਲਾਂ ਦੀ ਕੀਮਤ ਪੂਰੇ ਜਾਣਕਾਰ ਜੌਹਰੀਆਂ ਤੋਂ ਬਿਨਾਂ ਕੋਈ ਪਾ ਨਹੀਂ ਸਕਦਾ, ਪਿਆਰਿਆ! ਇਉਂ ਨਾਮ ਦੀ ਕੀਮਤ ਨਾਮ ਜਪਣ ਵਾਲਿਆਂ ਤੋਂ ਬਿਨਾਂ ਦੂਜਾ ਪਾ ਨਹੀਂ ਸਕਦਾ, ਕਿੰਨਾ ਹੀ ਸੰਸਾਰ ਨੂੰ ਸਮਝਾਈ ਜਾਓ ਤੇ ਨਾਮ ਦੀ ਕੀਮਤ ਨਹੀਂ ਪੈਂਦੀ।"

ਉਸ ਵੇਲੇ ਸਾਲਸਰਾਇ ਵੀ ਪ੍ਰਸ਼ਾਦ ਪਾਣੀ ਲੈ ਕੇ ਆ ਗਿਆ। ਅਜੇ ਗੱਲਾਂ ਚਲਦੀਆਂ ਹੀ ਸੀ ਤੇ ਉਸ ਵੇਲੇ ਮਰਦਾਨਾ ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਤੁਸੀਂ ਐਨਾ ਸਮਝਾਉਂਦੇ ਹੋ।"

ਕਹਿੰਦੇ, "ਤੂੰ ਨਹੀਂ ਸਮਝਾਇਆ? ਤੂੰ ਕਿੰਨੇ ਬੰਦਿਆਂ ਨੂੰ ਸਮਝਾਇਆ, ਕੀਮਤ ਤਾਂ ਇਕ ਨੇ ਸਾਲਸਰਾਇ ਨੇ ਹੀ ਪਾਈ, ਬਾਕੀ ਤਾਂ ਪਾ ਨਾ ਸਕੇ। ਦੇਖ! ਜਿਸ ਤਰ੍ਹਾਂ ਲਾਲ ਦੀ ਕੀਮਤ ਪੂਰੇ ਜੌਹਰੀ ਤੋਂ ਬਿਨਾਂ ਕੋਈ ਨਹੀਂ ਜਾਣਦਾ, ਇਸੇ ਤਰ੍ਹਾਂ ਨਾਮ ਦੀ ਜੋ ਮਹਿਮਾ ਹੈ, ਉਹ ਨਾਮ ਜੱਪਣ ਵਾਲਿਆਂ ਤੋਂ ਬਿਨਾਂ ਕੋਈ ਨਹੀਂ ਜਾਣਦਾ।"

***ਧਾਰਨਾ - ਮਹਿਮਾ ਹਰਿ ਨਾਮ ਦੀ,***
***ਸੰਤਾਂ ਦੇ ਹਿਰਦੇ ਵਸਦੀ -2, 2.***
***ਸੰਤਾਂ ਦੇ ਹਿਰਦੇ ਵਸਦੀ -2, 2.***
***ਮਹਿਮਾ ਹਰਿ ਨਾਮ ਦੀ,............ -2.***

***ਨਾਮ ਕੀ ਮਹਿਮਾ ਸੰਤ ਰਿਦ ਵਸੈ॥***
***ਸੰਤ ਪ੍ਰਤਾਪਿ ਦੁਰਤੁ ਸਭੁ ਨਸੈ॥***
***ਸੰਤ ਕਾ ਸੰਗੁ ਵਡਭਾਗੀ ਪਾਈਐ॥***
***ਸੰਤ ਕੀ ਸੇਵਾ ਨਾਮੁ ਧਿਆਈਐ॥***
***ਨਾਮ ਤੁਲਿ ਕਛੁ ਅਵਰੁ ਨ ਹੋਇ॥***
***ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥ ਪੰਨਾ - 265***

ਮਹਾਰਾਜ ਕਹਿੰਦੇ, "ਸਾਲਸਰਾਏ! ਇਹ ਤੂੰ ਹੀਰੇ ਦੀ ਕੀਮਤ ਤਾਂ ਪਾ ਲਈ - ਲਾਲ ਦੀ, ਪਰ ਤੇਰੇ ਕੋਲ ਤਾਂ ਇਸ ਤੋਂ ਵੀ ਕੀਮਤੀ ਚੀਜ਼ਾਂ ਨੇ।"

ਕਹਿਣ ਲੱਗਿਆ, "ਮਹਾਰਾਜ! ਮੇਰੇ ਕੋਲ ਤਾਂ ਕੋਈ ਕੀਮਤੀ ਚੀਜ਼ ਨਹੀਂ ਹੈ।"

ਕਹਿੰਦੇ, "ਤੇਰੇ ਕੋਲ ਇਥੇ ਕੀਮਤੀ ਵਸਤਾਂ ਨੇ, ਉਥੋਂ ਤੋਸ਼ੇ ਖਾਨੇ ਦੀ ਗੱਲ ਨਾ ਕਰ। ਜਿਹੜਾ ਘਰ ਵਿਚ ਖਜ਼ਾਨਾ ਰੱਖਿਆ ਹੈ ਉਸ ਦੀ ਨਹੀਂ ਅਸੀਂ ਗੱਲ ਕਰਦੇ, ਅਸੀਂ ਕਹਿੰਦੇ ਹਾਂ ਕਿ ਤੇਰੇ ਕੋਲ ਇਸ ਸਮੇਂ ਵੀ ਬਹੁਤ ਕੀਮਤੀ ਚੀਜ਼ਾਂ ਨੇ।"

ਕਹਿੰਦਾ, "ਸੱਚੇ ਪਾਤਸ਼ਾਹ! ਮੈਂ ਸੱਚ ਬੋਲਦਾ ਹਾਂ, ਮੇਰੀ ਜੇਬ ਵਿਚ ਤਾਂ ਕੁਝ ਨਹੀਂ ਮੈਂ ਲੈ ਕੇ ਆਇਆ, ਮੇਰੇ ਕੋਲ ਤਾਂ ਕੀਮਤੀ ਚੀਜ਼ ਹੈ ਨਹੀਂ ਕੋਈ।"

ਮਹਾਰਾਜ ਕਹਿੰਦੇ, "ਦੇਖ, ਪਹਿਲਾਂ ਤੇਰੇ ਸੁਆਸ ਨੇ ਜਿਨ੍ਹਾਂ ਦੀ ਕੋਈ ਕੀਮਤ ਹੀ ਨਹੀਂ ਹੈ।"

ਸਿਕੰਦਰ ਬਾਦਸ਼ਾਹ ਜਦੋਂ ਹਿੰਦੋਸਤਾਨ ਤੋਂ ਵਾਪਸ ਹੋਇਆ, ਉਹ ਸਮੁੰਦਰ ਦੇ ਰਾਹ ਚਲਿਆ ਗਿਆ ਤੇ ਇਧਰ

ਸੜਕ ਅਜੇ ਬਣੀ ਨਹੀਂ ਸੀ ਹੋਈ, ਉਥੋਂ ਪੈਦਲ ਫੌਜਾਂ ਹੋ ਜਾਂਦੀਆਂ ਸੀ। ਅੱਗੇ ਜਾ ਕੇ ਸਿੰਕਦਰੀਆ ਵਗੈਰਾ ਤੋਂ ਫੇਰ ਜਹਾਜ਼ ਲੈ ਲੈਂਦੇ ਸੀ ਫੇਰ ਯੂਨਾਨ ਵਿਚ ਪਹੁੰਚ ਜਾਂਦੇ ਸੀ। 2 ਲੱਖ ਫੌਜ ਸੀ ਉਸ ਦੇ ਕੋਲ। 'ਬਾਬਲ ਕੁੰਟੀ' ਉਸ ਨੂੰ ਗਰਮ ਸਰਦ ਹੋ ਗਿਆ ਇਸ਼ਨਾਨ ਕਰਕੇ, ਬਿਮਾਰੀ ਵਧ ਗਈ ਬਹੁਤ, ਹਕੀਮਾਂ ਤੋਂ ਕੋਈ ਇਲਾਜ ਨਾ ਹੋਇਆ।

ਇਸਨੇ ਹਕੀਮਾਂ ਨੂੰ ਕਿਹਾ ਕਿ ਦੱਸੋ ਮੇਰਾ ਕੋਈ ਇਲਾਜ ਹੋ ਜਾਏਗਾ?"

ਕਹਿੰਦੇ, "ਮਹਾਰਾਜ! ਅਸੀਂ ਜ਼ੋਰ ਤਾਂ ਬਹੁਤ ਲਾ ਰਹੇ ਹਾਂ, ਦੇਖੋ ਜੇ ਦਵਾਈ ਲੱਗ ਗਈ।"

ਜੋਤਸ਼ੀਆਂ ਨੂੰ ਬੁਲਾ ਲਿਆ। ਕਹਿੰਦਾ, "ਮੇਰੀ ਮੌਤ ਕਦੋਂ ਹੋਏਗੀ?"

ਹਿਸਾਬ ਲਗਾਇਆ, ਬੜੇ ਸਿਆਣੇ ਜੋਤਸ਼ੀ ਸੀ। ਉਹ ਕਹਿਣ ਲੱਗੇ, "ਬਾਦਸ਼ਾਹ! ਤੇਰੀ ਮੌਤ ਉਦੋਂ ਹੋਏਗੀ ਜਦੋਂ ਧਰਤੀ ਲੋਹੇ ਦੀ ਬਣ ਜਾਏਗੀ ਤੇ ਅਸਮਾਨ ਸੋਨੇ ਦਾ ਬਣ ਜਾਏਗਾ।"

ਕਹਿੰਦਾ, "ਇਹ ਤਾਂ ਹੁੰਦਾ ਹੀ ਨਹੀਂ।"

ਕਹਿੰਦੇ, "ਸਾਡੇ ਕੋਲ ਤਾਂ ਹਿਸਾਬ ਕਿਤਾਬ ਵਿਚ, ਇਹੀ ਆਇਆ ਹੈ ਸਾਨੂੰ ਵੀ ਸਮਝ ਵਿਚ ਨਹੀਂ ਆ ਰਹੀ ਗੱਲ।"

ਅਖੀਰ ਚੁੱਪ ਕਰ ਗਿਆ। ਜਦੋਂ 2-4 ਦਿਨ ਤੁਰਿਆ ਹੀ ਗਿਆ ਤੇ ਡੋਲੀ ਵਿਚ ਪਾ ਕੇ ਉਸ ਨੂੰ ਲਈ ਜਾਂਦੇ ਨੇ। ਉਸ ਨੂੰ ਇਕ ਦਮ ਗਸ਼ ਪੈ ਗਈ, ਬਾਹਰ ਕੱਢ ਲਿਆ, ਕੱਢ ਕੇ ਜਦੋਂ ਧਰਤੀ ਤੇ ਪਾਇਆ ਤਾਂ ਧਰਤੀ ਗਰਮ, ਇਸ ਦਾ ਜ਼ਰਾਬਖਤਰ (ਲੋਹੇ ਦੀ ਵਰਦੀ) ਖੋਲ੍ਹਿਆ ਤੇ ਉਹ ਖੋਲ੍ਹ ਕੇ ਥੱਲੇ ਵਿਛਾ ਦਿੱਤਾ। ਮੂੰਹ ਤੇ ਧੁੱਪ ਆਉਂਦੀ ਸੀ, ਇਸ ਦੀ ਢਾਲ ਜਿਹੜੀ ਸੁਨਹਿਰੀ ਸੀ, ਸੋਨੇ ਰੰਗੀ, ਸੋਨੇ ਦੇ ਪੱਤਰੇ ਲੱਗੇ ਹੋਏ, ਉਹ ਬਰਛੇ ਤੇ ਟੰਗ ਕੇ ਇਸ ਦੇ ਮੂੰਹ ਦੇ ਉਤੇ ਛਾਂ ਕਰ ਦਿੱਤੀ, ਦਵਾਈਆਂ ਦੇਣ ਲੱਗ ਗਏ ਹਕੀਮ। ਮਨ ਉਦਾਸ ਹੋ ਗਿਆ ਉਸ ਦਾ ਕਿ ਹੈਂ! ਮੈਨੂੰ ਗਸ਼ ਪੈ ਗਈ ਮੈਂ ਗਿਰ ਗਿਆ, ਹੁਣ ਤਾਂ ਪਤਾ ਨਹੀਂ ਮੇਰਾ ਅੰਤ ਹੀ ਆ ਗਿਆ। ਉਸ ਨੇ ਵੈਦ ਨੂੰ ਕਿਹਾ ਕਿ ਤੁਸੀਂ ਇਲਾਜ ਕਰੋ ਕਿਉਂਕਿ ਮੈਨੂੰ ਲਗਦਾ ਹੈ ਕਿ ਮੇਰਾ ਆਖਰੀ ਸਮਾਂ ਆ ਗਿਆ ਹੈ। ਮੇਰੇ ਥੱਲੇ ਲੋਹਾ ਹੈ ਤੇ ਉਤੇ ਮੈਨੂੰ ਆਹ ਜਿਹੜੀ ਧੁੱਪ ਦਿਸਦੀ ਹੈ ਉਹ ਸੋਨੇ ਰੰਗੀ ਨਜ਼ਰ ਆ ਰਹੀ ਹੈ, ਮੇਰੀ ਢਾਲ ਦੇ ਨਾਲ ਟਕਰਾ ਕੇ ਰੋਸ਼ਨੀ ਸੋਨੇ ਰੰਗੀਆਂ ਕਿਰਨਾਂ ਬਣਾ ਰਹੀ ਹੈ - ਸੋਨੇ ਦੇ ਨਾਲ ਰਲ ਕੇ। ਤੁਸੀਂ ਮੈਨੂੰ ਕੋਈ ਦਵਾਈ ਦਿਓ ਕਿ ਮੈਂ ਆਪਣੀ ਮਾਂ ਨੂੰ ਮਿਲ ਲਵਾਂ। ਮੈਨੂੰ 12 ਸਾਲ ਹੋ ਗਏ, 20 ਸਾਲ ਦੀ ਉਮਰ ਵਿਚ ਨਿਕਲਿਆ ਸੀ, 32 ਸਾਲ ਦਾ ਹੋ ਗਿਆ ਤੇ ਮੈਨੂੰ ਇਕ ਵਾਰੀ ਮੇਰੀ ਮਾਂ ਨਾਲ ਮਿਲਾ ਦਿਓ, ਮੈਂ ਅੱਧਾ ਰਾਜ ਤੁਹਾਨੂੰ ਦੇਵਾਂਗਾ। ਉਹ ਹਕੀਮ ਚੁੱਪ ਕਰ ਰਹੇ। ਕਹਿੰਦਾ ਸਾਰਾ ਹੀ ਰਾਜ ਦੇ ਦੇਵਾਂਗਾ।

ਕਹਿਣ ਲੱਗੇ, "ਬਾਦਸ਼ਾਹ ਸਲਾਮਤ! ਜਿਹੜੀ ਤੇਰੀ ਗੰਢ ਸੀ ਨਾ ਸਮਾਨ ਪ੍ਰਾਣ ਦੀ, ਉਹ ਖੁਲ੍ਹ ਚੁਕੀ ਹੈ, ਹੁਣ ਤੇਰੇ ਥੋੜ੍ਹੇ ਜਿਹੇ ਸੁਆਸ ਰਹਿੰਦੇ ਨੇ ਤੇ ਸਾਰਾ ਰਾਜ ਤਾਂ ਕੀ, ਜੇ ਤੂੰ ਤਿੰਨਾਂ ਲੋਕਾਂ ਦਾ ਵੀ ਰਾਜ ਦੇਵੇਂ, ਅਸੀਂ ਤੈਨੂੰ ਹੁਣ ਇਕ ਵੀ ਸੁਆਸ ਫਾਲਤੂ ਨਹੀਂ ਦਿਵਾ ਸਕਦੇ।"

ਰੋਣ ਲੱਗ ਗਿਆ। ਕਹਿਣ ਲੱਗਿਆ, "ਮੇਰੇ ਇਕ ਗੱਲ ਅੱਜ ਸਮਝ ਵਿਚ ਆਈ ਹੈ, ਦੁਨੀਆਂ ਨੂੰ ਦੱਸ ਦਿਓ, ਉਹ ਇਹ ਹੈ ਕਿ ਮੇਰਾ ਇਕ ਸੁਆਸ ਤਿੰਨ ਲੋਕਾਂ ਦੇ ਰਾਜ ਤੋਂ ਵੀ ਮਹਿੰਗਾ ਹੈ; ਮੈਂ ਤਾਂ ਗੁਆ ਦਿੱਤੇ ਸੁਆਸ।" ਕਿੰਨੇ ਹੀ ਗੁਆਂਦੇ ਹਾਂ ਸਾਧ ਸੰਗਤ ਜੀ! 24000 ਸੁਆਸ ਰੋਜ਼ ਆਉਂਦਾ ਹੈ। ਇਸ ਦੇ ਵਿਚੋਂ ਨਿੰਦਿਆ ਦੇ ਹਿੱਸੇ ਕਿੰਨੇ ਜਾਂਦੇ ਨੇ, ਚੁਗਲੀਆਂ ਦੇ ਕਿੰਨੇ, ਚਿੰਤਾ ਦੇ ਵਿਚ ਕਿੰਨੇ ਜਾਂਦੇ ਨੇ, ਫਿਕਰਾਂ ਦੇ ਵਿਚ ਕਿੰਨੇ ਜਾਂਦੇ ਨੇ, ਤਣਾਓ ਵਿਚ ਕਿੰਨੇ ਜਾਂਦੇ ਨੇ, ਆਪ ਹੀ ਹਿਸਾਬ ਲਾ ਲਓ। ਮਹਾਰਾਜ ਕਹਿੰਦੇ ਹਰ ਵਕਤ ਜਿਵੇਂ ਘੜੀ ਟਿਕ-ਟਿਕ-ਟਿਕ ਕਰਦੀ ਹੈ, ਹਰ ਬੰਦਾ ਸੋਚਦਾ ਹੈ -

***ਚਿੰਤਤ ਹੀ ਦੀਸੈ ਸਭੁ ਕੋਇ॥***
***ਚੇਤਹਿ ਏਕੁ ਤਹੀ ਸੁਖੁ ਹੋਇ॥*** ***ਪੰਨਾ - 932***

24000 ਸੁਆਸ ਇਕ ਦਿਨ ਦਾ। ਉਮਰ ਜੇ 100 ਸਾਲ ਦੀ ਹੈ ਤਾਂ 88,66,00,000 (ਅਠਾਸੀ ਕਰੋੜ ਛਿਆਹਠ ਲੱਖ) ਸੁਆਸ, ਜੇ 75 ਸਾਲ ਦੀ ਹੈ ਤਾਂ 66,44,00,000 (ਛਿਆਹਠ ਕਰੋੜ ਚੁਤਾਲੀ ਲੱਖ) ਸੁਆਸ ਬਰਬਾਦ ਕਰ ਦਿੰਦੇ ਹਾਂ। ਕਿੰਨੀ ਉਮਰ ਪੈਂਦੀ ਹੈ ਲੇਖੇ ਦੇ ਵਿਚ -

***ਉਮਰ ਓਹਾ ਵਿਚ ਲੇਖੇ ਦੇ***
***ਜੋ ਯਾਦ ਸਾਂਈ ਵਿਚ ਗੁਜਰੇ,***
***ਪੈਂਦੀ ਮੁਜਰੇ।***
***ਨਹੀਂ ਤਾਂ ਸਾਨੂੰ ਹਾਸਲ ਕੀ ਹੈ***
***ਇਸ ਵਿਚ ਨੀਲੇ ਹੁਜਰੇ, ਸੰਝ ਤੇ ਫਜਰੇ।***

***ਭਾਈ ਵੀਰ ਸਿੰਘ***

ਜੇ ਕੋਈ ਨਿਤਨੇਮ ਕਰਨ ਲੱਗ ਜਾਵੇ ਢਾਈ ਘੰਟੇ ਦਾ ਤੇ ਉਸ ਨੂੰ ਸੁਰਤ ਆਈ ਹੋਵੇ, 75 ਸਾਲ ਦੀ ਉਮਰ ਹੋਵੇ ਤੇ ਇਕ ਦਿਨ ਚਾਹੇ ਬਿਮਾਰ ਹੋ ਗਿਆ, ਚਾਹੇ ਕੁਝ ਹੋ ਗਿਆ, ਢਾਈ ਘੰਟੇ ਉਸ ਨੇ ਨਾਮ ਜਪਣਾ ਹੀ ਜਪਣਾ ਹੈ ਤਾਂ ਉਸ ਦੀ ਉਮਰ ਲੇਖੇ ਵਿਚ 5,1/2 ਸਾਲ ਦੀ ਪਏਗੀ, ਬਾਕੀ ਜਿਹੜੀ ਸੀ 69,1/2 ਸਾਲ ਦੀ ਉਹ ਤਾਂ ਬਿਰਥਾ ਚਲੇ ਗਈ। ਕਿੰਨਾ ਨੁਕਸਾਨ ਆਦਮੀ ਕਰ ਜਾਂਦਾ ਹੈ। ਕਹਿਣ ਲੱਗਿਆ, ਜੇ ਮੈਨੂੰ ਪਹਿਲਾਂ ਪਤਾ ਹੁੰਦਾ ਕਿ ਮੇਰੇ ਸੁਆਸ ਦੀ ਐਨੀ ਕੀਮਤ ਹੈ, ਮੈਂ ਇਨ੍ਹਾਂ ਨੂੰ ਕਿਸੇ ਲੇਖੇ

ਵਿਚ ਲਾਉਂਦਾ। ਐਵੇਂ ਹੀ ਜੰਗਾਂ-ਯੁੱਧਾਂ ਵਿਚ ਲੜਦਾ ਰਿਹਾ ਤੇ ਮੈਂ ਤਾਂ ਹੁਣ ਮਰ ਹੀ ਜਾਣਾ ਹੈ, ਕਿਸੇ ਲੇਖੇ ਵਿਚ ਤਾਂ ਮੈਂ ਪਿਆ ਨਾ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ, "ਸਾਲਸਰਾਏ! ਦੇਖ ਤੇਰੇ ਸੁਆਸ ਖਾਲੀ ਜਾ ਰਹੇ ਨੇ, ਖਾਲੀ ਆ ਰਹੇ ਨੇ।" ਸੁਆਸ ਖਾਲੀ ਕਿਵੇਂ ਨਾ ਆਵੇ ਸਾਧ ਸੰਗਤ ਜੀ! ਸਾਨੂੰ ਵੀ ਨਹੀਂ ਪਤਾ। ਮਹਾਰਾਜ ਕਹਿੰਦੇ, ਨਾਮ ਨਾਲ ਲੱਦਿਆ ਹੋਇਆ ਸ੍ਵਾਸ ਅੰਦਰ ਨੂੰ ਜਾਵੇ, ਲੱਦਿਆ ਹੋਇਆ ਹੀ ਬਾਹਰ ਨੂੰ ਆਵੇ। ਕਹਿੰਦੇ, ਇਹ ਤਾਂ ਮਨ ਕਰਨ ਹੀ ਨਹੀਂ ਦਿੰਦਾ। ਕਹਿੰਦੇ ਪਹਿਰਾ ਲਾ ਦਿਓ। ਜਿਥੇ ਨੱਕ ਦੇ ਵਿਚੀਂ ਸਾਹ ਜਾਂਦਾ ਹੈ, ਨਾਸਕਾ ਹੈ, ਇਥੇ ਧਿਆਨ ਲਾ ਲਓ। ਸਿੱਧੀ ਜਿਹੀ ਮੈਂ ਗੱਲ ਦਸਦਾ ਹਾਂ ਜਿਹੜੀ ਬਹੁਤੀ ਹੀ ਸੁਖਾਲੀ ਹੈ। ਜਦੋਂ ਅੰਦਰ ਨੂੰ ਸਾਹ ਜਾਂਦਾ ਹੈ ਇਸ ਦੇ ਨਾਲ ਵਾਹਿਗੁਰੂ ਭਰ ਕੇ ਭੇਜੋ, ਖਾਲੀ ਸਾਹ ਨਾ ਭਰੋ; ਜਦੋਂ ਬਾਹਰ ਨੂੰ ਆਉਂਦਾ ਹੈ ਫੇਰ ਵੀ ਨਾਮ ਨਾਲ ਭਰਿਆ ਹੋਇਆ ਹੋਵੇ, ਪਹਿਰੇਦਾਰ ਦੇਖੇ ਕਿ ਸੁਆਸ ਨਾਮ ਨਾਲ ਲੱਦਿਆ ਹੋਇਆ ਆ ਰਿਹਾ ਹੈ ਜਾਂ ਖਾਲੀ ਜਾ ਰਿਹਾ ਹੈ ਜਾਂ ਕਿਸੇ ਕਚ-ਪਿਚ ਗੱਲਾਂ ਦੇ ਨਾਲ ਸੁਆਸ ਜਾ ਰਿਹੈ। ਸੋ ਜਦੋਂ ਆਦਮੀ ਪਹਿਰਾ ਦਿੰਦਾ ਹੈ - ਨਾਸਕਾ ਦੇ ਉਤੇ, ਤਾਂ ਉਸ ਨੂੰ ਪਤਾ ਹੈ, ਜਾਗਰਤ ਵਿਚ ਆ ਜਾਂਦਾ ਹੈ ਜਿਵੇਂ ਬਰਛਾ ਜਾ ਰਾਇਫਲ ਵਗੈਰਾ ਲੈ ਕੇ ਕੋਈ ਪਹਿਰੇਦਾਰ ਖੜ੍ਹਦਾ ਹੈ ਦਰਵਾਜ਼ੇ ਦੇ ਉਤੇ, ਇਸੇ ਤਰ੍ਹਾਂ ਆਪਣੀ ਸੁਰਤੀ ਨੂੰ ਦਰਵਾਜ਼ੇ ਦੇ ਉਤੇ ਖੜ੍ਹਾ ਦਿਓ ਕਿ ਨਹੀਂ, ਮੈਂ ਜਾਣ ਦੇਣਾ ਸੁਆਸ ਖਾਲੀ। ਸੁਖਾਲਾ ਤਰੀਕਾ ਇਹ ਹੁੰਦਾ ਹੈ ਕਿ 'ਵਾਹਿ' ਅੰਦਰ ਨੂੰ ਸ੍ਵਾਸ ਨਾਲ ਕਹਿ ਦਿਓ 'ਗੁਰੂ' ਬਾਹਰ ਨੂੰ ਕਹਿ ਦਿਓ। ਇਸ ਦੇ ਵਿਚ ਨਾ ਕੋਈ ਸ਼ਤੀਰ ਚੁਕਣਾ ਹੈ, ਨਾ ਕੋਈ ਰੌਲਾ ਪਾਉਣਾ ਹੈ; ਕੁਝ ਨਹੀਂ, ਸਿਧਾ ਹੀ ਹੈ। ਦੋ ਹਿੱਸੇ ਕਰ ਲਓ - 'ਵਾਹਿਗੁਰੂ' ਦੇ, ਸਿੱਧਾ ਜਿਹਾ ਹਿਸਾਬ ਹੈ ਕਿ ਅੰਦਰ ਨੂੰ ਸਾਹ ਜਾਂਦਾ ਹੈ ਤਾਂ 'ਵਾਹਿ' ਕਹਿ ਕੇ ਲੈ ਲਓ, ਬਾਹਰ ਨੂੰ ਆਉਂਦਾ ਹੈ ਤਾਂ 'ਗੁਰੂ' ਕਹਿ ਕੇ ਲੈ ਲਓ, ਲੇਖੇ ਵਿਚ ਲੱਗ ਗਿਆ ਸੁਆਸ। ਪਹਿਰਾ ਦੇਣ ਦੀ ਲੋੜ ਹੈ।

ਸੋ ਪਿਆਰਿਓ! ਸੰਸਾਰ ਨੂੰ ਪਤਾ ਹੁੰਦੈ ਕਿ ਨਾਮ ਕਿੱਡੀ ਵੱਡੀ ਚੀਜ਼ ਹੈ। ਮਹਾਰਾਜ ਕਹਿੰਦੇ, ਜੇ ਨਾਮ ਦੀ ਕੀਮਤ ਪੁਛਣੀ ਹੈ, ਪੁਛੋ ਤੁਸੀਂ ਭਗਤਾਂ ਨੂੰ।

***ਧਾਰਨਾ - ਨਾਮ ਜਪ ਕੇ ਲੱਖਾਂ ਦਾ ਹੋ ਗਿਆ,***
***ਨਾਮਾ ਅੱਧੀ ਦਮੜੀ ਦਾ -2, 2.***
***ਮੇਰੇ ਪਿਆਰੇ, ਨਾਮਾ ਅੱਧੀ ਦਮੜੀ ਦਾ -2, 2.***
***ਨਾਮ ਜਪ ਕੇ ਲੱਖਾਂ ਦਾ ਹੋ ਗਿਆ,... -2.***

***ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥***
***ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥***
***ਪੰਨਾ - 487***

ਆਹ ਜਿਵੇਂ ਬੈਂਕ ਵਾਲੇ ਤੁਹਾਡੀ ਹੱਦ ਬੰਨ੍ਹਦੇ ਨੇ ਕਿ ਐਨੇ ਦਾ ਖਾਦ ਲੈ ਸਕਦਾ ਹੈ, ਇਸ ਦੀ ਹਾਲਤ ਐਨੀ ਕੁ ਹੈ; ਬਹੁਤ ਜ਼ਿਆਦਾ ਜ਼ਮੀਨ ਹੋਵੇ ਤਾਂ ਬਹੁਤੀ ਵੱਡੀ ਹੱਦ ਹੁੰਦੀ ਹੈ, ਥੋੜ੍ਹੀ ਹੋਵੇ ਤਾਂ ਥੋੜ੍ਹੀ ਹੁੰਦੀ ਹੈ, ਉਸ ਨੂੰ ਥੋੜ੍ਹਾ ਕਰਜ਼ਾ ਮਿਲਦਾ ਹੈ, ਥੋੜ੍ਹਾ ਖਾਦ ਉਧਾਰ ਤੇ ਮਿਲਦਾ ਹੈ, ਇਵੇਂ ਜਿਵੇਂ ਮਹਾਰਾਜ ਕਹਿਣ ਲੱਗੇ, ਉਸ ਦੀ ਜਿਹੜੀ ਹੱਦ ਸੀ, ਉਸ ਦੀ ਜਿਹੜੀ ਆਰਥਿਕ ਕੀਮਤ, ਮਹੱਤਵ ਸੀ, ਉਹ ਅੱਧੀ ਦਮੜੀ ਦੀ ਸੀ। ਮਿਹਨਤ ਕਰਦਾ ਸੀ, ਕੱਪੜੇ ਛਾਪਦਾ ਸੀ। ਛੀਪਾ ਇਕ ਕੌਮ ਹੈ, ਇਹ ਦੱਖਣ ਦੇ ਵਿਚ ਰਹਿੰਦੀ ਹੈ, ਉਨ੍ਹਾਂ ਦਾ ਕੰਮ ਹੈ ਕਪੜਿਆਂ ਨੂੰ ਠੱਪੇ ਲਾਉਣਾ, ਹੁਣ ਵੀ ਲਾਉਂਦੇ ਨੇ, ਪਰ ਹੁਣ ਤਾਂ ਮਿੱਲਾਂ ਲਾਉਣ ਲੱਗ ਗਈਆਂ, ਪਹਿਲਾਂ ਇਹ ਵਿਚਾਰੇ ਹੱਥਾਂ ਨਾਲ ਲਾਇਆ ਕਰਦੇ ਸੀ, ਪਹਿਲਾਂ ਧੋਂਦੇ ਸੀ ਕੱਪੜਾ, ਫੇਰ ਉਸ ਦੇ ਉਤੇ ਰੰਗ ਖਿੜਦਾ ਸੀ ਵਧੀਆ, ਕੋਰੇ ਤੇ ਨਹੀਂ ਖਿੜਦਾ ਹੁੰਦਾ। ਸੋ ਕਹਿਣ ਲੱਗੇ, ਇਸ ਤਰ੍ਹਾਂ ਮਿਹਨਤ ਮਜ਼ਦੂਰੀ ਦੇ ਨਾਲ ਹੀ ਰੋਟੀ ਪਾਣੀ ਖਾਂਦੇ ਸੀ, ਬਜ਼ੁਰਗ ਉਨ੍ਹਾਂ ਦੇ ਵਧੀਆ ਸੀ। ਹੌਲੀ-ਹੌਲੀ ਪੈਸਾ ਘਟਦਾ ਗਿਆ। ਕਹਿੰਦੇ, ਜਿਸ ਵਕਤ ਉਸ ਨੇ ਨਾਮ ਜਪਿਆ, ਇਕ ਗਰੀਬ ਛੀਪਾ ਐਨਾ ਮਸ਼ਹੂਰ ਹੋਇਆ ਕਿ ਦਿੱਲੀ ਦਾ ਚੱਕਰਵਰਤੀ ਬਾਦਸ਼ਾਹ ਸਲੇਮਸ਼ਾਹ ਮੂੰਹ ਵਿਚ ਘਾਹ ਲੈ ਕੇ ਕਹਿੰਦਾ ਹੈ ਕਿ -

***ਬਖਸੀ ਹਿੰਦੂ ਮੈ ਤੇਰੀ ਗਾਇ॥ ਪੰਨਾ - 1166***

ਮਿੰਨਤਾਂ ਕਰਦਾ ਹੈ ਕਿ ਮੈਨੂੰ ਬਖਸ਼ ਦੇ। ਤੇ ਨਾਮਦੇਵ ਦੀ ਗਊ ਜੀਉਂਦੀ ਕਰਨ ਵਾਸਤੇ ਪ੍ਰਮੇਸ਼ਰ ਆਪ ਆ ਗਿਆ, ਨਾਮਦੇਵ ਤੋਂ ਦੁਧ ਵੀ ਉਸ ਨੇ ਪੀ ਲਿਆ। ਨਾਮਦੇਵ ਮੰਦਰ ਵਿਚ ਜਾ ਕੇ ਬੈਠ ਗਿਆ, ਜਾਤ ਅਭਿਮਾਨੀਆਂ ਨੇ ਧੱਕੇ ਮਾਰ ਕੇ ਕੱਢ ਦਿੱਤਾ -

***ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥***
***ਛੀਪੇ ਕੇ ਜਨਮਿ ਕਾਹੇ ਕਉ ਆਇਆ॥***
***ਲੈ ਕਮਲੀ ਚਲਿਓ ਪਲਟਾਇ॥***
***ਦੇਹੁਰੈ ਪਾਛੈ ਬੈਠਾ ਜਾਇ॥***
***ਜਿਉ ਜਿਉ ਨਾਮਾ ਹਰਿ ਗੁਣ ਉਚਰੈ॥***
***ਭਗਤ ਜਨਾਂ ਕਉ ਦੇਹੁਰਾ ਫਿਰੈ॥ ਪੰਨਾ - 1164***

ਤੇ ਜਿਉਂ ਜਿਉਂ ਹਰੀ ਦੇ ਗੁਣ ਉਚਰਦਾ ਹੈ ਦੇਹੁਰਾ ਘੁੰਮਣਾ ਸ਼ੁਰੂ ਹੋ ਗਿਆ, ਨਾਮਦੇਵ ਵੱਲ ਮੂੰਹ ਹੋ ਗਿਆ ਤੇ ਪੰਡਤਾਂ ਵੱਲ ਪਿੱਠ ਹੋ ਗਈ। ਕਹਿੰਦੇ, ਦੇਖੋ! ਨਾਮ ਦੀ ਬਰਕਤ ਕਿੰਨੀ ਹੋਈ। ਇਕ ਵਾਰੀ ਨਾਮਦੇਵ ਜੀ ਦੇ ਘਰ ਨੂੰ ਅੱਗ ਲੱਗ ਗਈ ਜਾਂ ਕਿਸੇ ਨੇ ਲਾ ਦਿੱਤੀ ਜਾਂ ਲੱਗ ਗਈ। ਨਾਮਦੇਵ ਜੀ ਬਾਹਰ ਪ੍ਰਭੂ ਦੇ ਧਿਆਨ ਵਿਚ ਬੈਠੇ ਸੀ। ਕਿਸੇ ਨੇ ਦੱਸਿਆ ਕਿ ਨਾਮਦੇਵ! ਤੇਰੇ ਘਰ ਨੂੰ ਅੱਗ ਲੱਗ ਗਈ, ਤੂੰ ਇਥੇ ਬੈਠਾ ਹੈਂ। ਉਸੇ ਵੇਲੇ ਮਸਤੀ ਦੇ ਵਿਚ ਆ ਰਿਹਾ ਹੈ ਕਿਉਂਕਿ ਉਸ ਦੇ ਮਨ ਦੇ ਵਿਚ ਪੂਰਨ ਸੱਤ ਹੈ ਜਿਸ ਨੂੰ ਕਹਿੰਦੇ ਨੇ -

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥* *ਪੰਨਾ - 1*

ਉਹ ਪ੍ਰਮੇਸ਼ਰ ਸਾਰੇ ਪਰੀਪੂਰਨ ਹੈ -

*ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥*
*ਪੰਨਾ - 485*

ਐਸੇ ਧਿਆਨ ਦੇ ਵਿਚ ਮਸਤ ਹੋਇਆ ਹੋਇਆ ਆ ਰਿਹਾ ਸੀ। ਇਥੇ ਆ ਕੇ ਜਦੋਂ ਦੇਖਿਆ ਕਿ ਸਮਾਨ ਕੱਢਿਆ ਪਿਆ ਹੈ ਕੁਝ। ਕਹਿੰਦੇ, "ਪ੍ਰਭੂ ਜੀ! ਤੁਹਾਨੂੰ ਅੱਜ ਬੜੀ ਭੁਖ ਲਗੀ ਹੋਈ ਹੈ, ਆਹ ਵੀ ਛਕ ਲਓ, ਆਹ ਵੀ ਛਕ ਲਓ; ਜਿੰਨਾ ਸਮਾਨ ਸੀ, ਸਾਰਾ ਹੀ ਅੱਗ ਵਿਚ ਮੁੜ ਕੇ ਫੇਰ ਪਾ ਦਿੱਤਾ। ਸਾਰੇ ਲੋਕ ਦੇਖੀ ਜਾਂਦੇ ਨੇ ਕਿਉਂਕਿ ਸੰਤਾਂ ਦੀ ਦ੍ਰਿਸ਼ਟੀ ਤੇ ਸੰਸਾਰ ਦੀ ਦ੍ਰਿਸ਼ਟੀ ਵਿਚ ਫਰਕ ਹੁੰਦਾ ਹੈ। ਸੰਸਾਰ ਨੂੰ ਸੰਸਾਰ ਦਿਸਦਾ ਹੈ, ਦੁਸ਼ਮਨ ਦਿਸਦੇ ਨੇ, ਮਿੱਤਰ ਦਿਸਦੇ ਨੇ। ਸੰਤਾਂ ਨੂੰ ਮਿੱਤਰ, ਦੁਸ਼ਮਨ ਕੋਈ ਦਿਸਦਾ ਹੀ ਨਹੀਂ।

*ਬਿਸਰਿ ਗਈ ਸਭ ਤਾਤਿ ਪਰਾਈ॥*
*ਜਬ ਤੇ ਸਾਧਸੰਗਤਿ ਮੋਹਿ ਪਾਈ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ॥* *ਪੰਨਾ - 1299*

ਉਨ੍ਹਾਂ ਨੂੰ ਇਕੋ ਹੀ ਨਜ਼ਰ ਆਉਂਦਾ ਹੈ, ਦੂਜਾ ਨਜ਼ਰ ਹੀ ਨਹੀਂ ਆਉਂਦਾ। ਗੁਰੂ ਨਾਨਕ ਪਾਤਸ਼ਾਹ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕਰਿਆ ਹੈ -

*ਧਾਰਨਾ - ਤੂੰਹੀ ਤੂੰਹੀ ਮੋਹਿਨਾ,*
*ਤੂੰਹੀ ਤੂੰਹੀ ਮੋਹਿਨਾ -2, 4.*

*ਗੁਰਹਿ ਦਿਖਾਇਓ ਲੋਇਨਾ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ॥* *ਪੰਨਾ - 407*

ਸੋ ਸਾਰਾ ਕੁਝ ਜਾਲ ਦਿੱਤਾ, ਚੁੱਪ ਕਰ ਗਏ, ਰਾਤ ਪੈ ਗਈ। ਦੂਜੇ ਦਿਨ ਸਾਰੇ ਪਰਿਵਾਰ ਨੇ ਕਿਹਾ ਕਿ ਨਾਮਦੇਵ ਜੀ! ਕੁਝ ਯਤਨ ਕਰੋ, ਕੁਝ ਚੀਜ਼ਾਂ ਲਿਆਓ, ਮੁੜ ਕੇ ਛੱਪਰ ਫੇਰ ਬੰਨ੍ਹ ਲਈਏ। 20/- ਰੁਪਈਏ ਦੇ ਦਿਤੇ। ਉਨ੍ਹਾਂ ਦਿਨਾਂ ਦੇ ਵਿਚ ਬਹੁਤ ਵੱਡੀ ਰਕਮ ਸੀ। ਰਸਤੇ ਦੇ ਵਿਚ ਸਾਧੂ ਮਿਲ ਗਏ, ਸਮਾਧੀ ਲਾਈ ਹੋਈ ਹੈ, ਮੰਡਲੀ ਬੈਠੀ ਹੈ ਬਹੁਤ ਵੱਡੀ। ਜਾ ਕੇ ਨਮਸ਼ਕਾਰ ਕਰੀ, ਪੁਛਿਆ ਕਿ 'ਛਕਣ ਛਕਾਉਣ ਦਾ ਕੀ ਬੰਦੋਬਸਤ ਹੈ?'

ਕਹਿੰਦੇ, "ਭਗਤਾ! ਅੱਜ ਸੱਤ ਦਿਨ ਹੋ ਗਏ, ਪ੍ਰਮੇਸ਼ਰ ਭੇਜੇਗਾ ਤਾਂ ਛਕਾਂਗੇ। ਪਾਣੀ ਪੀ ਕੇ ਗੁਜ਼ਾਰਾ ਕਰ ਲਈਦਾ ਹੈ, ਕੁਝ ਦਰਖਤਾਂ ਨੂੰ ਬੇਰ ਵਗੈਰਾ ਲੱਗੇ ਹੋਏ ਨੇ, ਇਹ ਖਾ ਪੀ ਲਈਦੇ ਨੇ।"

20/- ਰੁਪਈਏ ਦਾ ਰਾਸ਼ਨ ਲਿਆ ਕੇ ਸੰਤਾਂ ਨੂੰ ਛਕਾ ਦਿੱਤਾ। ਆਪ ਬਾਹਰ ਜਾ ਕੇ ਪ੍ਰਭੂ ਦੇ ਪਿਆਰ ਵਿਚ ਲੀਨ ਹੋ ਕੇ ਬੈਠ ਗਏ। ਇਧਰ ਵਾਹਿਗੁਰੂ ਜੀ ਨੇ ਆਪਣਾ ਪੂਰਾ ਕੌਤਕ ਰਚ ਦਿੱਤਾ। ਗੱਡਾ ਭਰ ਕੇ ਲੈ ਆਏ ਚੀਜ਼ਾਂ ਦਾ। ਉਸ ਤੋਂ ਬਾਅਦ ਛੱਪਰ ਬਣਾਉਣ ਲੱਗ ਗਏ। ਸਾਰੀ ਦੁਨੀਆਂ ਦੇਖਦੀ ਹੈ, ਕਹਿੰਦੇ ਕਮਾਲ ਹੀ ਕਰ ਦਿੱਤੀ। ਸਮਾਂ ਹੀ ਨਹੀਂ ਲਾਇਆ, ਛੱਪਰ ਰੱਖਦੇ ਨਜ਼ਰ ਆਏ ਨੇ, ਅਖੀਰ ਉਹ ਬਣਿਆ ਪਿਆ ਹੈ। ਉਸ ਨੂੰ ਕੀ ਔਖਾ ਹੈ ਜਿਸ ਨੇ ਕਰੋੜਾਂ ਬ੍ਰਹਿਮੰਡ ਇਕ ਸਕਿੰਟ ਦੇ ਵਿਚ ਬਣਾ ਦਿਤੇ -

*ਕੀਤਾ ਪਸਾਉ ਏਕੋ ਕਵਾਉ॥*
*ਤਿਸ ਤੇ ਹੋਏ ਲਖ ਦਰੀਆਉ॥* *ਪੰਨਾ - 2*

ਇਕ ਫੁਰਨੇ ਦੇ ਨਾਲ ਆਹ ਸਾਰੀ ਰਚਨਾ ਰਚ ਦਿੱਤੀ ਜਿੰਨੀ ਅਸੀਂ ਦੇਖਦੇ ਹਾਂ ਕਰੋੜਾਂ ਬ੍ਰਹਿਮੰਡ ਜਿਨ੍ਹਾਂ ਦਾ ਕੋਈ ਅੰਤ ਹੀ ਨਹੀਂ ਹੈ, ਕਿਤੇ ਵੀ ਨਹੀਂ ਹੈ ਅਨੰਤ ਹੈ, ਇਹ ਸਾਰੀ ਬੇਅੰਤ ਚੀਜ਼ ਹੈ। ਉਸ ਵੇਲੇ ਨਾਮਦੇਵ ਜੀ ਨੂੰ ਕਿਹਾ, ਨਾਮਦੇਵ! ਤੂੰ ਘਰ ਜਾਹ, ਮੈਂ ਤੇਰਾ ਸਾਰਾ ਕੰਮ ਕਰ ਆਇਆ ਹਾਂ ਕਿਉਂਕਿ ਵਾਹਿਗੁਰੂ ਜੀ ਇਹ ਕਹਿੰਦੇ ਨੇ -

*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥*
*ਪੰਨਾ - 1383*

ਜੇ ਵਾਹਿਗੁਰੂ ਦਾ ਬੰਦਾ ਬਣ ਜਾਵੇ ਤਾਂ ਵਾਹਿਗੁਰੂ ਜੀ ਆਪ ਕੰਮ ਕਰਦੇ ਫਿਰਦੇ ਨੇ ਉਸ ਦਾ -

*ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ*
*ਜਿਨ ਹਰਿ ਕਾ ਨਾਮੁ ਪਿਆਰਾ॥* *ਪੰਨਾ - 638*

ਆਪੇ ਹੀ ਕਰ ਜਾਂਦਾ ਹੈ ਉਨ੍ਹਾਂ ਦੇ ਕੰਮ। ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ - ਆਪ ਦੀ ਅੱਜ ਸਮਾਧੀ ਲੱਗ ਗਈ। ਕਰਨਲ ਦੇ ਉਨ੍ਹਾਂ ਦਾ ਪਹਿਰਾ ਸੀ ਤੇ ਉਸ ਵੇਲੇ ਆਪ ਸਮਾਧੀ ਵਿਚ ਲੀਨ ਹੋਏ ਅੱਜ ਬੜੀ ਦੇਰ ਨਾ ਉਠੇ। ਇਧਰੋਂ ਇਕ ਉਨ੍ਹਾਂ ਦੇ ਨਾਲ ਖਾਰ ਖਾਣ ਵਾਲਾ ਸੀ ਕਿਉਂਕਿ ਸੰਤਾਂ ਨਾਲ ਵੀ ਕਈ ਬੰਦੇ ਬੇਮਤਲਬੇ ਆ ਕੇ ਖਾਰ ਖਾਂਦੇ ਨੇ, ਨੁਕਸਾਨ ਕਰਨਾ ਚਾਹੁੰਦੇ ਨੇ, ਕੁਦਰਤੀ ਹੁੰਦੀ ਹੈ ਇਹ ਗੱਲ। ਉਸਨੇ ਜਾ ਕੇ ਅਫਸਰ ਨੂੰ ਕਹਿ ਦਿੱਤਾ, ਕਹਿੰਦਾ, "ਬਾਬਾ ਕਰਮ ਸਿੰਘ ਅੱਜ ਸਮਾਧੀ ਲਾਈ ਬੈਠਾ ਹੈ। ਮਹਾਰਾਜ! ਡਿਊਟੀ ਤੇ ਨਹੀਂ ਆਇਆ।"

ਕਈ ਕਿਸਮ ਦੇ ਖਿਆਲ ਨੇ। ਕਈ ਕਹਿੰਦੇ ਨੇ ਉਨ੍ਹਾਂ ਦਾ ਕੁਆਟਰ ਗਾਰਡ ਤੇ ਪਹਿਰਾ ਸੀ। ਅੱਜ ਦੇਖੋ ਜਿਸ ਨੂੰ ਸਾਰੇ ਚੰਗਾ-ਚੰਗਾ ਕਹਿੰਦੇ ਨੇ, ਡਿਊਟੀ ਤੋਂ ਕਿਵੇਂ ਗੈਰ ਹਾਜ਼ਰ ਹੈ। ਕਰਨਲ ਨਾਲ ਤੁਰ ਪਿਆ। ਜਦੋਂ ਆ ਕੇ ਦੇਖਿਆ, ਉਹ ਪਹਿਰੇ ਤੇ ਖੜ੍ਹੇ ਨੇ।

ਕਹਿਣ ਲੱਗੇ, "ਕਰਮ ਸਿੰਘ ਤੂੰ ਪਹਿਰੇ ਤੇ ਹੈਂ?"

ਕਹਿੰਦੇ, "ਹਾਂ।"

ਕਹਿੰਦਾ, "ਮੈਂ ਸੁਣਿਆ ਸੀ ਕਿ ਤੂੰ ਉਥੇ ਨਦੀ ਕਿਨਾਰੇ ਸਮਾਧੀ ਲਾਈ ਬੈਠਾ ਹੈਂ?"

ਕਹਿੰਦੇ, "ਮੈਂ ਤੁਹਾਡੇ ਸਾਹਮਣੇ ਖੜ੍ਹਾ ਹਾਂ। ਉਥੇ ਮੈਂ ਤਾਂ ਹੋਵਾਂ ਜੇ ਮੈਂ ਤੁਹਾਡੇ ਸਾਹਮਣੇ ਨਾ ਹੋਵਾਂ।"

ਚੁਗਲੀ ਲਗਾਉਣ ਵਾਲਾ ਕਹਿੰਦਾ, "ਆਓ ਮੈਂ ਤੁਹਾਨੂੰ ਕਰਮ ਸਿੰਘ ਦਿਖਾਵਾਂ।"

ਜਦੋਂ ਨਦੀ ਦੇ ਕੰਢੇ, ਉਥੇ ਬਾਬਾ ਜੀ ਸਮਾਧੀ ਲਾਈ ਬੈਠੇ ਨੇ।

ਕਹਿੰਦਾ, "ਆਹ ਬੈਠੇ ਨੇ।"

ਉਧਰ ਆਵੇ, ਓਧਰ ਵੀ ਕਰਮ ਸਿੰਘ, ਇਧਰ ਆਏ ਇਧਰ ਵੀ ਕਰਮ ਸਿੰਘ।

ਅਖੀਰ ਉਹ ਕਰਨਲ ਸਮਝ ਗਿਆ ਕਿ ਇਹ ਤਾਂ ਰੱਬ ਦੀ ਬਾਤ ਹੋ ਰਹੀ ਹੈ, ਉਹ ਰੱਬ ਨੂੰ ਯਾਦ ਕਰ ਰਿਹਾ ਹੈ ਤੇ ਰੱਬ ਇਸ ਦੀ ਥਾਂ ਖੜ੍ਹਾ ਹੈ। ਉਸ ਵੇਲੇ ਵਾਪਸ ਆ ਗਿਆ ਤੇ ਕਹਿਣ ਲੱਗਿਆ ਕਿ ਮੇਰੇ ਦਫਤਰ ਭੇਜਿਓ ਉਸ ਨੂੰ। ਸੂਬੇਦਾਰ ਮੇਜਰ ਉਨ੍ਹਾਂ ਦਿਨਾਂ ਵਿਚ ਸਭ ਤੋਂ ਵੱਡੀ ਤਰੱਕੀ ਹੁੰਦੀ ਸੀ - ਹਿੰਦੋਸਤਾਨੀਆਂ ਲਈ, ਅੱਗੇ ਵਾਲੀ ਸਭ ਅੰਗਰੇਜ਼ਾਂ ਕੋਲ ਹੁੰਦੀ ਸੀ। ਬਾਬਾ ਜੀ ਆ ਗਏ, 2 ਵੱਜ ਗਏ। 2 ਵਜੇ ਉਹ ਜਿਹੜਾ ਪਹਿਰੇਦਾਰ ਸੀ, ਉਹ ਅਲੋਪ ਹੋ ਗਿਆ ਤੇ ਕਿਸੇ ਨੂੰ ਪਤਾ ਹੀ ਨਾ ਲੱਗਿਆ। ਵਰਦੀ ਪਾ ਕੇ ਆ ਗਏ। ਪੁਛਦੇ ਨਹੀਂ ਹਨ ਕਿ ਮੈਨੂੰ ਆਪੇ ਦੱਸਣਗੇ ਕਿ ਤੂੰ ਅੱਜ ਗੈਰ ਹਾਜ਼ਰ ਹੋ ਗਿਆ। ਏਨੇ ਨੂੰ ਇਨ੍ਹਾਂ ਨੂੰ ਮਿਲਣ ਵਾਲਾ ਇਕ ਸੂਬੇਦਾਰ ਸੀ ਦਲੇਰ ਸਿੰਘ, ਉਸ ਨੂੰ ਕਹਿੰਦੇ, "ਦਲੇਰ ਸਿੰਘ! ਆਹ ਕੀ ਗੱਲ ਹੋ ਗਈ, ਮੈਨੂੰ ਬੁਲਾਇਆ ਹੈ ਕਰਨਲ ਨੇ, ਮੇਰੀ ਪੇਸ਼ੀ ਹੈ।"

ਕਹਿੰਦਾ, "ਮੈਨੂੰ ਤਾਂ ਪਤਾ ਨਹੀਂ ਹੈ।"

ਉਹ ਚੁੱਪ ਕਰ ਰਹੇ। ਦੂਜੇ ਦਿਨ ਕਰਨਲ ਦੇ ਪੇਸ਼ ਹੋਣਾ ਸੀ। ਸਾਰੀ ਫੌਜ ਉਥੇ ਚਲੀ ਗਈ। ਬਾਬਾ ਜੀ ਨੇ ਸਾਰੀ ਫੌਜ ਨੂੰ ਸੰਬੋਧਨ ਕਰਕੇ ਕਿਹਾ ਕਿ ਭਾਈ! ਮੈਂ ਤਾਂ ਕੱਲ੍ਹ ਉਥੇ ਨਦੀ ਦੇ ਕੰਢੇ ਬੈਠਾ ਸੀ ਤੇ ਇਥੇ ਪਹਿਰਾ ਦੇਣ ਵਾਲਾ ਵੀ ਕੋਈ ਹੋਰ ਮੇਰਾ ਹੀ ਹਮਸ਼ਕਲ ਸੀ। ਮੈਂ ਤਾਂ ਆਇਆ ਨਹੀਂ ਤੇ ਇਹ ਪ੍ਰਮੇਸ਼ਰ ਨੇ ਮੇਰੇ ਥਾਂ ਤੇ ਆ ਕੇ duty ਕੀਤੀ ਹੈ। "ਮੈਂ ਨਹੀਂ ਫੌਜ ਵਿਚ ਰਹਿਣਾ ਹੁਣ ਕਿਉਂਕਿ ਮੇਰੇ ਥਾਂ ਮੇਰਾ ਮਾਲਕ ਆ ਕੇ ਪਹਿਰਾ ਦਿੰਦਾ ਹੈ, ਕਿੰਨੀ ਖੇਚਲ ਹੋਈ। ਮੈਂ ਤਾਂ ਰੋਜ਼ ਹੀ ਇਵੇਂ-ਜਿਵੇਂ ਰਹਿਣਾ ਹੈ।

ਕਰਨਲ ਕਹਿਣ ਲੱਗਾ, "ਤੇਰਾ ਪਹਿਰਾ ਮੁਆਫ, ਤੂੰ ਮੌਜ ਨਾਲ ਆਪਣਾ ਭਜਨ ਕਰ। ਮੈਂ ਅੱਖਾਂ ਨਾਲ ਦੇਖ ਲਿਆ ਹੈ ਕਿ ਪ੍ਰਮਾਤਮਾ God ਤੇਰੇ ਥਾਂ ਕੰਮ ਕਰਦਾ ਹੈ। ਐਸੇ ਅੱਛੇ ਜਵਾਨ ਨੂੰ ਮੈਂ ਛੱਡਣਾ ਨਹੀਂ ਚਾਹੁੰਦਾ।"

ਉਹ ਕਹਿੰਦੇ, "ਮੈਂ ਤਾਂ ਹੁਣ ਛੱਡ ਦਿੱਤਾ।"

ਕਹਿੰਦੇ, "ਅਸੀਂ ਨਹੀਂ ਛੱਡਣਾ।"

ਕਹਿੰਦੇ, "ਤੁਹਾਡੇ ਰਜਿਸਟਰਾਂ ਵਿਚ ਮੇਰਾ ਨਾਂ ਹੀ ਨਹੀਂ।" Long roll ਕੱਢੀ, ਦੂਸਰੇ ਰਜਿਸਟਰ ਕੱਢੇ, ਹੈਰਾਨ ਹੋ ਗਿਆ,

ਕਹਿੰਦਾ, "ਚੰਗਾ ਕਰਮ ਸਿੰਘ! ਤੇਰਾ ਨਾਮ ਖੁਦਾ ਨੇ ਕੱਟ ਦਿਤਾ, ਹੁਣ ਮੇਰਾ ਕੋਈ ਜ਼ੋਰ ਨਹੀਂ।"

ਸੋ ਉਹ ਵਾਹਿਗੁਰੂ ਦੇ ਬਣੇ ਹੋਏ ਸੀ, ਵਾਹਿਗੁਰੂ ਨੇ ਉਨ੍ਹਾਂ ਦੇ ਥਾਂ ਆ ਕੇ ਕੰਮ ਕਰਿਆ। ਇਕ ਨਹੀਂ, ਬੇਅੰਤ ਮਿਸਾਲਾਂ ਨੇ ਜਿਥੇ ਪ੍ਰਮੇਸ਼ਰ ਨੇ ਆ ਕੇ ਡਿਊਟੀ ਦਿੱਤੀ ਹੈ - ਆਪਣੇ ਪਿਆਰਿਆਂ ਦੀ।

ਸੋ ਨਾਮਦੇਵ ਉਸ ਦੇ ਪਿਆਰ ਵਿਚ ਬੈਠਾ ਸੀ, ਪ੍ਰਮੇਸ਼ਰ ਨੇ ਆ ਕੇ ਉਸਦਾ ਛੱਪਰ ਬਣਾ ਦਿੱਤਾ। ਉਸ ਨੂੰ ਕੀ ਔਖਾ ਸੀ ਛੱਪਰ, ਨਿਗ੍ਹਾ ਕਰ ਦਿੰਦਾ ਛੱਪਰ ਆਪਣੇ ਆਪ ਬਣਿਆ ਬਣਾਇਆ ਸੀ। ਉਹ ਛੱਪਰ ਐਨਾ ਸੋਹਣਾ, ਸਾਰੇ ਦੇਖ-ਦੇਖ ਜਾਣ, ਤਾਰੀਫ ਕਰਨ ਛੱਪਰ ਬੰਨ੍ਹਣ ਵਾਲੇ ਬੇਢੀ ਦੀ। ਉਸ ਦੇ ਪੜੌਸ ਵਿਚ ਇਕ ਅਮੀਰ ਗਵਾਂਢਣ ਰਹਿੰਦੀ ਸੀ। ਉਹ ਕਹਿਣ ਲੱਗੀ, "ਨਾਮਦੇਵ! ਇਹੋ ਜਿਹੀ ਛਪਰੀ ਤਾਂ ਮੈਂ ਦੇਖੀ ਨਹੀਂ ਹੈ। ਕਿੰਨੀ ਸ਼ਾਂਤੀ ਆਉਂਦੀ ਹੈ। ਅੰਦਰ ਵੜ ਜਾਓ, ਇਉਂ ਹੋ ਜਾਂਦਾ ਹੈ ਜਿਵੇਂ ਪਤਾ ਨਹੀਂ ਕੀ ਹੋ ਗਿਆ।" ਕਿਉਂਕਿ ਪ੍ਰਮੇਸ਼ਰ ਦੇ ਚਰਨ ਪਏ ਹੋਏ ਨੇ ਉਥੇ ਸਾਖਸ਼ਾਤ ਸਰਗੁਣ ਸਰੂਪ ਵਿਚ।

ਕਹਿਣ ਲੱਗੀ, "ਤੂੰ ਮੈਨੂੰ ਦੱਸ, ਮੈਂ ਇਹੋ ਜਿਹੀ ਹੀ ਛੱਪਰੀ ਬਣਾਉਣੀ ਚਾਹੁੰਦੀ ਹਾਂ। ਤੂੰ ਤਾਂ ਗਰੀਬ ਹੈਂ ਨਾ, ਮੈਂ ਤਾਂ ਮੂੰਹ ਮੰਗਵੀਂ ਮਜ਼ਦੂਰੀ ਦੇ ਦਿਆਂਗੀ ਉਸ ਨੂੰ।"

***ਪਾੜ ਪੜੋਸਣਿ ਪੂਛਿ ਲੇ ਨਾਮਾ***
***ਕਾ ਪਹਿ ਛਾਨਿ ਛਵਾਈ ਹੋ॥***
***ਤੋ ਪਹਿ ਦੁਗਣੀ ਮਜੂਰੀ ਦੈਹਉ***
***ਮੋ ਕਉ ਬੇਢੀ ਦੇਹੁ ਬਤਾਈ ਹੋ॥*** ***ਪੰਨਾ - 657***

ਨਾਮਦੇਵ ਕਹਿਣ ਲੱਗੇ, "ਭੈਣ ਜੀ!

***ਰੀ ਬਾਈ ਬੇਢੀ ਦੇਨੁ ਨ ਜਾਈ॥*** ***ਪੰਨਾ - 657***

ਇਉਂ ਨਹੀਂ ਉਹ ਬੇਢੀ ਆਇਆ ਕਰਦਾ। ਦੇਖ ਤੂੰ ਮੈਨੂੰ ਪੁਛਦੀ ਹੈਂ ਕਿਥੇ ਹੈ, ਉਹ ਸਾਰੇ ਜਲਾਂ ਵਿਚ, ਥਲਾਂ ਵਿਚ ਜਿਥੇ ਵੀ ਤੇਰੀ ਨਿਗ੍ਹਾ ਜਾਂਦੀ ਹੈ ਉਥੇ ਓਹੀ ਹੈ।"

***ਸੋ ਅੰਤਰਿ ਸੋ ਬਾਹਰਿ ਅਨੰਤ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ॥***
***ਧਰਨਿ ਮਾਹਿ ਆਕਾਸ ਪਇਆਲ॥***
***ਸਰਬ ਲੋਕ ਪੂਰਨ ਪ੍ਰਤਿਪਾਲ॥***
***ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥***
***ਜੈਸੀ ਆਗਿਆ ਤੈਸਾ ਕਰਮੁ॥***
***ਪਉਣ ਪਾਣੀ ਬੈਸੰਤਰ ਮਾਹਿ॥***
***ਚਾਰਿ ਕੁੰਟ ਦਹ ਦਿਸੇ ਸਮਾਹਿ॥***
***ਤਿਸ ਤੇ ਭਿੰਨ ਨਹੀ ਕੋ ਠਾਉ॥***
***ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥*** ***ਪੰਨਾ - 294***

ਕਹਿੰਦੀ, "ਇਹ ਤਾਂ ਤੂੰ ਭਗਤਾਂ ਵਾਲੀਆਂ ਗੱਲਾਂ ਕਰਦਾ ਹੈਂ, ਮੈਂ ਤੈਥੋਂ ਪੁਛਦੀ ਹਾਂ ਉਹ ਮਿਸਤਰੀ ਕਿਥੇ ਹੈ? ਉਹ ਮਜ਼ਦੂਰੀ ਕੀ ਮੰਗਦਾ ਹੈ, ਮੈਨੂੰ ਮਜ਼ਦੂਰੀ ਤਾਂ ਦੱਸ ਦੇ।"

ਕਹਿੰਦਾ, "ਬੀਬੀ! ਮਜ਼ਦੂਰੀ ਜੇ ਦੇਣੀ ਹੈ, ਉਹ ਪਿਆਰ ਦਾ ਭੁੱਖਾ ਹੈ।"

***ਗੋਬਿੰਦ ਭਾਉ ਭਗਤਿ ਦਾ ਭੁਖਾ॥***

***ਭਾਈ ਗੁਰਦਾਸ ਜੀ ਦੀ ਵਾਰ 10/7***

ਇਉਂ ਪੜ੍ਹ ਲਓ –

***ਧਾਰਨਾ – ਮੰਗਦਾ ਹੈ ਬੇਢੀ ਪ੍ਰੀਤ ਮਜ਼ਦੂਰੀ –2, 2.***
***ਪ੍ਰੀਤ ਦੀ ਮਜ਼ਦੂਰੀ ਬੇਢੀ ਪ੍ਰੀਤ ਮਜ਼ਦੂਰੀ –2, 2.***
***ਮੰਗਦਾ ਹੈ ਬੇਢੀ,................. –2.***

ਕਹਿਣ ਲੱਗੇ, "ਬੀਬੀ! ਭੈਣ! –

***ਰੀ ਬਾਈ ਬੇਢੀ ਦੇਨੁ ਨ ਜਾਈ॥***
***ਦੇਖੁ ਬੇਢੀ ਰਹਿਓ ਸਮਾਈ॥ ਪੰਨਾ – 657***

ਦੇਖ, ਹਰ ਜਗ੍ਹਾ ਓਹੀ ਨਜ਼ਰ ਆ ਰਿਹਾ ਹੈ।"

ਕਹਿੰਦੀ, "ਮੈਨੂੰ ਤਾਂ ਦਿਸਦਾ ਨਹੀਂ। ਮੈਨੂੰ ਤਾਂ ਆਹ ਦਰਖ਼ਤ ਦਿਸਦੇ ਨੇ, ਮਕਾਨ ਦਿਸਦੇ ਨੇ, ਆਹ ਪਸ਼ੂ ਦਿਸਦੇ ਨੇ, ਮੈਨੂੰ ਤਾਂ ਹੋਰ ਕੋਈ ਨਹੀਂ ਦਿਸਦਾ, ਤੂੰ ਕਹੀ ਜਾਂਦਾ ਹੈਂ ਦੇਖ।"

ਕਹਿੰਦੇ, "ਬੀਬੀ! ਅੱਖਾਂ ਲਗਵਾਉਣੀਆਂ ਪੈਂਦੀਆਂ ਨੇ। ਇਹ ਅੰਨ੍ਹੀਆਂ ਨੇ ਅੱਖਾਂ, ਇਸਦੇ ਵਿਚ ਦਿਬ ਦ੍ਰਿਸ਼ਟੀ ਨਹੀਂ ਹੈ।" ਜਦੋਂ ਦਿਬ ਦ੍ਰਿਸ਼ਟੀ ਹੋ ਜਾਏਗੀ –

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ***
***ਨਦਰੀ ਹਰਿ ਨਿਹਾਲਿਆ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥***

***ਪੰਨਾ – 922***

ਇਹ ਦਿਬ ਦ੍ਰਿਸਟੀ ਪ੍ਰਾਪਤ ਹੋ ਜਾਂਦੀ ਹੈ। ਮੈਂ ਬੇਨਤੀ ਕਰਾਂ ਕਿ ਸਾਡੇ ਜਿਹੜੇ 5 ਗਿਆਨ ਇੰਦਰੇ ਨੇ। ਇਹ ਬਾਹਰ ਖੁਲ੍ਹਦੇ ਨੇ। ਜਦੋਂ ਬਾਹਰ ਨੂੰ ਖੁਲ੍ਹਦੇ ਨੇ ਤਾਂ ਇਨ੍ਹਾਂ ਦੇ ਪ੍ਰਾਕਿਰਤੀ ਦੇ (ਇੰਦ੍ਰੀਆਂ) ਅੰਸ਼, ਭਾਗ ਨੇ, ਇਹ ਓਨਾ ਕੰਮ ਹੀ ਕਰਨਗੇ, ਜਿੰਨੀ ਇਨ੍ਹਾਂ ਵਿਚ ਸ਼ਕਤੀ ਹੈ। ਅੱਖਾਂ ਓਨੀ ਦੂਰ ਹੀ ਦੇਖਣਗੀਆਂ, ਜਿੰਨੀ ਕੁ ਇਸ ਦੇ ਵਿਚ ਸ਼ਕਤੀ ਹੈ, ਕੰਨ ਓਨੀ ਕੁ ਗੱਲ ਸੁਣਨਗੇ ਜਿਹੜੀ ਕੰਨਾਂ ਦੀ ਸ਼ਕਤੀ ਦੇ ਮੁਤਾਬਕ ਹੈ। ਪਰ ਜਦੋਂ ਦਿਬਜ ਦ੍ਰਿਸਟੀ ਹੋ ਜਾਂਦੀ ਹੈ ਤਾਂ ਇਥੇ ਬੈਠਾ ਅਮਰੀਕਾ ਦੇਖੀ ਜਾਹ, ਕਿਤੇ ਦੇਖੀ ਜਾਹ, ਦੇਵ ਲੋਕਾਂ ਵਿਚ ਦੇਖੀ ਜਾਹ, ਸਭ ਪਤਾ ਲਗ ਜਾਂਦਾ ਹੈ। ਮਹਾਤਮਾ ਦੇਖ ਲੈਂਦੇ ਨੇ ਕਿ ਫਲਾਣਾ ਫਲਾਣੇ ਥਾਂ ਪਹੁੰਚ ਗਿਆ।

ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਦੇ ਕੋਲ ਜਦੋਂ ਕੋਈ ਚੜ੍ਹਾਈ ਕਰ ਜਾਂਦਾ ਸੀ ਉਨ੍ਹਾਂ ਦਾ ਪ੍ਰੇਮੀ, ਉਨ੍ਹਾਂ ਨੇ ਫੁੱਲ ਚੁਗ ਕੇ ਲਿਆਉਣੇ ਕਿ ਬਾਬਾ ਜੀ ਦਾ ਹੱਥ ਲੱਗ ਜਾਵੇ, ਇਸ ਦੀ ਗਤੀ ਸ਼ੁਭ ਹੋ ਜਾਵੇ। ਇਕ ਦਿਨ ਇਕ ਪ੍ਰੇਮੀ ਨੇ ਆਪਣੇ ਭਰਾ ਦੇ ਫੁੱਲ ਲੈ ਆਂਦੇ। ਉਹ ਚਾਰੇ ਐਬ–ਸ਼ਰਈ, ਸ਼ਰਾਬ ਪੀਣ ਵਾਲਾ, ਮਾਸ ਖਾਣ ਵਾਲਾ, ਲੜਾਕਾ, ਨਿੰਦਿਆ–ਚੁਗਲੀ ਕਰਨ ਵਾਲਾ, ਵਿਭਚਾਰੀ ਪੁਰਸ਼ ਸੀ। ਜਦੋਂ ਬਾਬਾ ਜੀ ਨੂੰ ਲਿਆ ਕੇ ਦਿੱਤੇ, ਅੰਤਰ ਧਿਆਨ ਹੋਏ, ਕੀ ਦੇਖਿਆ ਕਿ ਇਹ ਤਾਂ ਨਰਕੀ ਜੀਵ ਹੈ – ਨਰਕਾਂ ਵਿਚ ਸੁੱਟਣ ਵਾਲਾ, ਆਹ ਇਸ ਦਾ ਕਿਰਦਾਰ ਹੈ; ਵਗਾਹ ਕੇ ਮਾਰੀ ਥੈਲੀ, ਤੇ ਨਰਾਜ਼ ਹੋਏ। ਕਹਿਣ ਲੱਗੇ, "ਓ ਗੁਰਸਿਖਾ! ਇਹ ਤੂੰ ਕੀ ਕਰਿਆ? ਸਾਡੇ ਕੋਲ ਪਿਆਰ ਵਾਲਿਆਂ ਦਾ ਉਧਾਰ ਕਰਨ ਲਈ ਲਿਆਉਂਦੇ ਹੋ ਕਿ ਇਨ੍ਹਾਂ ਪਾਮਰਾਂ ਦਾ ਵੀ ਲਿਆਉਂਦੇ ਹੋ।"

ਉਹ ਦ੍ਰਿਸ਼ਟੀ ਹੁੰਦੀ ਹੈ। ਦਰਗਾਹ ਦੇ ਵਿਚ ਦੇਖ ਲਿਆ ਕਿ ਬੁਰੀ ਤਰ੍ਹਾਂ ਨਾਲ ਇਸ ਨੂੰ ਤਾਂ ਸਜਾਵਾਂ ਮਿਲ ਰਹੀਆਂ ਨੇ ਕਿਉਂਕਿ ਮਹਾਰਾਜ ਫੁਰਮਾਨ ਕਰਦੇ ਨੇ –

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥***
***ਸੰਨ੍ਹੀ ਦੇਨਿ੍ ਵਿਖੰਮ ਥਾਇ ਮਿਠਾ ਮਦੁ ਮਾਣੀ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥***

***ਪੰਨਾ – 315***

ਜਿਵੇਂ ਘਾਣੀ ਵਿਚ ਤਿਲ ਪੀੜ ਦਿੰਦੇ ਨੇ –

***ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ॥***

***ਪੰਨਾ – 473***

ਉਹ ਦਿਬਜ ਦ੍ਰਿਸ਼ਟੀ ਹੁੰਦੀ ਹੈ। ਇਕ ਮੈਂ ਛੋਟੀ ਜਿਹੀ ਗੱਲ ਦਸਦਾ ਹਾਂ ਕਿ ਜਦੋਂ ਬਾਪੂ ਜੀ ਦਾਉਦਪੁਰ ਵਾਲੇ ਲਾਹੌਰ ਰਿਹਾ ਕਰਦੇ ਸੀ, ਇਕ ਦਿਨ ਤੁਹਾਡੀ ਬੀਬੀ ਨੂੰ ਕਹਿਣ ਲੱਗੇ, ਕਹਿੰਦੇ, "ਬੇਟਾ! ਦਰਵਾਜ਼ਾ ਬੰਦ ਕਰ ਦੇ ਇਕ ਸਿੱਖ ਆ ਰਿਹਾ ਹੈ, ਉਸ ਨੂੰ ਦਰਵਾਜ਼ਾ ਨਾ ਖੋਲ੍ਹੀਂ।"

ਦਰਵਾਜ਼ਾ ਬੰਦ ਕਰ ਦਿੱਤਾ। ਘੰਟੇ ਜਾਂ ਪੌਣੇ ਘੰਟੇ ਬਾਅਦ ਉਹ ਵੀ ਆ ਗਿਆ। ਉਸ ਨੇ ਆ ਕੇ ਦਰਵਾਜ਼ਾ ਖੜਕਾਇਆ।

ਇਹ ਕਹਿੰਦੇ, "ਬਾਪੂ ਜੀ ਨੇ ਤਾਂ ਕਿਹਾ ਹੈ ਕਿ ਦਰਵਾਜ਼ਾ ਨਹੀਂ ਖੋਲ੍ਹਣਾ।"

ਕਹਿੰਦਾ, "ਮੈਂ ਤਾਂ Bombay ਤੋਂ ਆਇਆ ਹਾਂ, ਦਰਵਾਜਾ ਖੋਲ੍ਹੋ।"

ਦਰਵਾਜ਼ਾ ਖੋਲ੍ਹਿਆ ਤਾਂ ਬਾਪੂ ਜੀ ਚੁਬਾਰੇ ਬੈਠੇ ਸਨ। ਉਹ ਉਪਰ ਚੜ੍ਹ ਗਿਆ, ਮਗਰ ਹੀ ਇਹ ਵੀ ਚੜ੍ਹ ਗਏ। ਉਸ ਵੇਲੇ ਬਾਪੂ ਜੀ ਬੜੇ ਨਰਾਜ਼ ਹੋਏ ਦੇਖ ਕੇ, ਕਹਿੰਦੇ, "ਓ ਦੁਸ਼ਟਾ! ਤੂੰ Bombay ਵਿਚ ਕੀ ਕਰਦਾ ਰਿਹਾਂ ਹੈਂ? ਐਹੋ ਜਿਹੇ ਮੰਦੇ ਕੰਮ ਗੁਰੂ ਦਾ ਬਾਣਾ ਪਹਿਨ ਕੇ, ਇਹੋ ਜਿਹੇ ਬੁਰੇ ਕਰਮ ਤੂੰ ਕੀਤੇ? ਜੇ ਮੈਂ ਇਥੇ ਬੈਠਾ ਦੇਖ ਸਕਦਾ ਹਾਂ ਤਾਂ ਤੇਰਾ ਕੀ ਖਿਆਲ ਹੈ ਗੁਰੂ ਮਹਾਰਾਜ ਨਹੀਂ ਤੈਨੂੰ ਦੇਖ ਰਹੇ ਜਿਹੜੇ ਹਰ ਵਕਤ ਤੇਰੇ ਨਾਲ ਰਹਿੰਦੇ ਹਨ?"

ਸੋ ਇਹ ਦਿਬ ਦ੍ਰਿਸ਼ਟੀ ਹੋਇਆ ਕਰਦੀ ਹੈ ਸਾਧ ਸੰਗਤ ਜੀ! ਇਹ ਪ੍ਰਾਪਤ ਹੋ ਜਾਂਦੀ ਹੈ। ਕਹਿਣ ਲੱਗੇ, ਬੀਬਾ! ਭੈਣ!

***ਰੀ ਬਾਈ ਬੇਢੀ ਦੇਨੁ ਨ ਜਾਈ॥***
***ਦੇਖੁ ਬੇਢੀ ਰਹਿਓ ਸਮਾਈ॥ ਪੰਨਾ – 657***

ਇਹ ਜੇ ਤੂੰ ਦੇਖਣਾ ਹੈ ਤਾਂ ਅੱਖ ਬਣਵਾਉਣੀ ਪੈਣੀ ਹੈ। ਅੱਖ ਇਉਂ ਨਹੀਂ ਬਣਦੀ ਕਿ ਇਸ ਦੇ ਵਿਚ ਐਨਕ ਦਾ ਸ਼ੀਸ਼ਾ ਪਵਾ ਲਵੇ, ਇਹ ਤਾਂ ਮੰਤਰ ਲੈਣਾ ਪੈਣਾ ਹੈ ਗੁਰੂ ਤੋਂ, ਫੇਰ ਉਸ ਮੰਤਰ ਦੀ ਕਰਨੀ ਹੈ ਕਮਾਈ। ਜਿਉਂ ਜਿਉਂ ਕਮਾਈ ਕਰੇਂਗਾ ਤਿਉਂ ਤਿਉਂ ਜਦੋਂ ਉਚੀਆਂ ਅਵਸਥਾਵਾਂ ਵਿਚ ਪਹੁੰਚੇਗਾ ਤਾਂ ਉਥੇ ਦਿਬ ਦ੍ਰਿਸ਼ਟੀ ਵੀ ਹੋ ਜਾਂਦੀ ਹੈ, ਨਾਸਕਾ ਵੀ ਦਿਬਯ ਨਾਸਕਾ ਹੋ ਜਾਂਦੀ ਹੈ, ਕੰਨ ਵੀ ਦਿਬ ਕੰਨ ਹੋ ਜਾਂਦੇ ਨੇ, ਰਸਨਾ ਵੀ ਰਸ ਨਾਲ ਭਰ ਜਾਂਦੀ ਹੈ ਦਿਬ ਰਸਨਾ ਹੋ ਜਾਂਦੀ ਹੈ, ਸਪਰਸ਼ ਹੈ ਜਿਹੜੀ ਇਹ ਵਿਸ਼ੇ-ਵਿਕਾਰਾਂ ਦੀ ਸਪਰਸ਼ ਤੋਂ ਉਪਰ ਜਾ ਕੇ ਅੰਮ੍ਰਿਤ ਸਪਰਸ਼ ਇਸ ਨੂੰ ਪ੍ਰਾਪਤ ਹੋ ਜਾਂਦੀ ਹੈ। ਅਸੀਂ ਬਾਹਰਲੇ ਤਾਂ ਦੇਖਦੇ ਹਾਂ ਲੇਕਿਨ ਅੰਦਰਲਾ ਨਹੀਂ ਸਾਨੂੰ ਕੋਈ ਭੇਤ ਆਉਂਦਾ ਕਿ ਅੰਦਰ ਵੀ ਸਾਡੇ ਕੁਝ ਹੈ? ਮਹਾਰਾਜ ਕਹਿੰਦੇ, ਤੇਰੇ ਅੰਦਰ ਤਾਂ ਬੇਅੰਤ ਕੁਝ ਹੈ, ਬਹੁਤ ਕੁਝ ਪਿਆ ਹੈ ਪ੍ਰਮੇਸ਼ਰ ਨੇ ਰਖਿਆ ਹੋਇਆ।

ਸੋ ਕਹਿੰਦੇ, "ਬੀਬਾ! ਜੇ ਤੂੰ ਦੇਖਣਾ ਹੈ ਜਿਹੜਾ ਮੈਂ ਕਿਹਾ ਹੈ -

***ਦੇਖੁ ਬੇਢੀ ਰਹਿਓ ਸਮਾਈ॥*** ***ਪੰਨਾ - 657***

ਦੇਖ ਤੂੰ ਕਹਿੰਦੀ ਹੈਂ ਮੈਨੂੰ ਦਰਖਤ ਦਿਸਦੇ ਨੇ, ਮੈਨੂੰ ਪਸ਼ੂ ਦਿਸਦੇ ਨੇ, ਮੈਨੂੰ ਤਾਂ ਘਰ ਦਿਸਦੇ ਨੇ, ਮੈਨੂੰ ਤਾਂ ਹੋਰ ਕੁਝ ਦਿਸਦਾ ਹੀ ਨਹੀਂ। ਉਹ ਤਾਂ ਨਹੀਂ ਦਿਸਦਾ ਕਿਉਂਕਿ ਤੇਰੀ ਅੱਖ ਅੰਨ੍ਹੀ ਹੈ, ਤੈਨੂੰ ਅਜੇ ਜੋਤ ਨਹੀਂ ਮਿਲੀ, ਪ੍ਰਾਪਤ ਨਹੀਂ ਹੋਈ। ਗੁਰੂ ਮਹਾਰਾਜ ਕਹਿੰਦੇ ਨੇ ਕਿ -

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥***
***ਪੰਨਾ - 922***

ਕਹਿੰਦੇ ਸਾਨੂੰ ਤਾਂ ਵਾਹਿਗੁਰੂ ਦਾ ਰੂਪ ਨਜ਼ਰ ਆ ਗਿਆ।

ਸੋ ਕਹਿਣ ਲੱਗੇ -

***ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ॥***
***ਪੰਨਾ - 657***

ਵਾਹਿਗੁਰੂ ਨੂੰ ਕੋਈ ਵੀ ਪਿਆਰ ਨਹੀਂ ਕਰਦਾ ਦੁਨੀਆਂ ਦੇ ਅੰਦਰ। ਉਹ ਸਭ ਕੁਝ ਦਿੰਦਾ ਹੈ। ਪਾਣੀ ਦਿੰਦਾ ਹੈ ਪੀਣ ਵਾਸਤੇ ਦੇਖੋ ਕਿਆ ਸੋਹਣਾ; ਜੇ ਗੰਦਾ ਹੋ ਜਾਵੇ ਪਾਣੀ ਤਾਂ ਮਿਲਦਾ ਹੀ ਨਹੀਂ। ਹਵਾ ਦਿੰਦਾ ਹੈ ਸੁਥਰੀ। ਸ਼ਹਿਰਾਂ ਵਿਚ ਰੌਲਾ ਪੈ ਗਿਆ ਲੁਧਿਆਣੇ ਵਗੈਰਾ ਵਿਚ, ਉਹ ਸੁਥਰੀ ਹਵਾ ਦੇ ਰਿਹਾ ਹੈ, ਖਾਣ ਨੂੰ ਸ਼ੁਧ ਦੇ ਰਿਹਾ ਹੈ -

***ਮੁਖਿ ਅਪਿਆਉ ਬੈਠ ਕਉ ਦੈਨ॥*** ***ਪੰਨਾ - 267***

ਉਸ ਨੂੰ ਰਿਸ਼ਤੇਦਾਰ ਦੇ ਦਿੱਤੇ, ਪੁਤਰ ਦੇ ਦਿੱਤੇ, ਸਾਂਭਣ ਵਾਲੇ ਦੇ ਦਿੱਤੇ ਕਿ ਬਿਮਾਰ ਹੋਏਂਗਾ ਤੈਨੂੰ ਸਾਂਭ ਲੈਣਗੇ, ਬੇਅੰਤ ਚੀਜ਼ਾਂ ਦੇ ਦਿੱਤੀਆਂ, ਸੁੰਦਰ ਸਰੀਰ ਦੇ ਦਿੱਤਾ, ਅਕਲ ਤੈਨੂੰ ਦੇ ਦਿੱਤੀ ਪਰ ਤੂੰ ਤਾਂ ਗਿਣਦਾ ਹੀ ਨਹੀਂ ਉਸ ਨੂੰ, ਸਗੋਂ ਕਹਿੰਦਾ ਹੈਂ ਕਿ ਰੱਬ ਹੈ ਹੀ ਨਹੀਂ, ਹੈ ਤਾਂ ਦਿਖਾਓ ਸਾਨੂੰ। ਐਸੀਆਂ ਬਾਤਾਂ ਕਰਦਾ ਹੈਂ ਪਿਆਰਿਆ। ਰੱਬ ਕਹਿੰਦਾ ਹੈ ਕਿ ਮੈਂ ਪਿਆਰ ਦਾ ਭੁੱਖਾ ਹਾਂ -

***ਗੋਬਿੰਦ ਭਾਉ ਭਗਤਿ ਦਾ ਭੁਖਾ॥***
***ਭਾਈ ਗੁਰਦਾਸ ਜੀ ਦੀ ਵਾਰ 10/7***

ਗੁਰੂ ਕਹਿੰਦੇ ਨੇ -

***ਸਾਚੁ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ॥***
***ਤ੍ਵਪ੍ਰਸਾਦਿ ਸ੍ਵਯੇ***

ਪਿਆਰ ਤੋਂ ਬਿਨਾਂ ਤਾਂ ਉਹ ਮਿਲਦਾ ਹੀ ਨਹੀਂ ਹੈ। ਜੇ ਤੂੰ ਤੂੰ ਕਰੇਂ, ਸਿਧਾ ਹੀ ਕਰੀ ਜਾਵੇਂ - ਰਾਮ ਰਾਮ, ਰਾਮ ਰਾਮ।

ਇਹ ਤਾਂ ਤਰੀਕਾ ਸਿਖਣਾ ਹੀ ਪੈਂਦਾ ਹੈ ਮਹਾਂਪੁਰਸ਼ਾਂ ਤੋਂ ਕਿ ਮੈਂ ਕਿਵੇਂ ਭਜਨ ਕਰਾਂ, ਮੇਰਾ ਧਿਆਨ ਨਹੀਂ ਟਿਕਦਾ, ਮੈਂ ਵਾਹਿਗੁਰੂ ਦੇ ਉਤੇ ਧਿਆਨ ਕਿਵੇਂ ਲਾਵਾਂ, ਉਹ ਮੈਨੂੰ ਪਿਆਰਾ ਕਿਵੇਂ ਲੱਗੇ? ਵਾਹਿਗੁਰੂ ਕਹਿੰਦਾ ਹੈ ਕਿ ਪਹਿਲਾਂ ਤੂੰ ਮੇਰੇ ਪਿਆਰਿਆਂ ਨਾਲ ਪਿਆਰ ਕਰ, ਉਹ ਤੈਨੂੰ ਮੇਰੇ ਨਾਲ ਪਿਆਰ ਕਰਵਾਉਣਗੇ, ਤੈਨੂੰ ਨਹੀਂ ਪਤਾ ਮੈਂ ਕੀ ਹਾਂ, ਕਿਥੇ ਰਹਿੰਦਾ ਹਾਂ। ਤੇਰੇ ਨਾਲ ਰਹਿੰਦਾ ਹਾਂ, ਤੈਨੂੰ ਹਰ ਵਕਤ ਦੇਖਦਾ ਹਾਂ -

***ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ॥***
***ਪੰਨਾ - 612***

ਸੋ ਕਹਿਣ ਲੱਗੇ, ਬੀਬਾ! ਜੇ ਦੇਖਣਾ ਹੈ ਤਾਂ ਅੱਖ ਲਗਵਾ ਲੈ ਪਰ ਇਹ ਹੈ ਕਿ ਪਿਆਰ ਉਹ ਪੂਰਾ ਮੰਗਦਾ ਹੈ-

***ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥***
***ਪੰਨਾ - 657***

ਫੇਰ ਆਉਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਪੜ੍ਹੋ ਪਿਆਰ ਦੇ ਨਾਲ -

***ਧਾਰਨਾ - ਗਾਵੋ ਗੁਰਾਂ ਦੀ ਬਾਣੀ,***
***ਆਵੋ ਸਿਖੋ ਪਿਆਰਿਓ -2, 2.***
***ਸਿਖੋ ਪਿਆਰਿਓ, ਆਵੋ ਸਿਖੋ ਪਿਆਰਿਓ -2, 2.***
***ਗਾਵੋ ਗੁਰਾਂ ਦੀ ਬਾਣੀ,............. -2.***

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਸਾਰੇ ਪ੍ਰੇਮੀ ਗੁਰਸਤੋਤਰ ਵਿਚ ਬੋਲੋ ਭਾਈ।

*(ਮਿਤੀ 27-1-97 ਨੂੰ ਧਮੋਟ ਵਿਚ ਲੱਗਿਆ ਦੀਵਾਨ)*

# ਪਵਿੱਤਰ ਯਾਦਾਂ

***ਸੰਤ ਸਾਧੂ ਸਿੰਘ ਜੀ, ਸੰਗਰੂਰ***

ਸੰਸਾਰ ਇਕ ਬਗੀਚਾ ਹੈ। ਜਿਵੇਂ ਬਗੀਚੇ ਵਿਚ ਅਨੇਕ ਪ੍ਰਕਾਰ ਦੇ ਦਰਖਤ ਹੁੰਦੇ ਹਨ, ਕੁਝ ਸੁਖ ਸਰੂਪ ਔਰ ਕੁਝ ਦੁਖ ਰੂਪ ਹੁੰਦੇ ਹਨ। ਕੁਝ ਐਸੇ ਵੀ ਹੁੰਦੇ ਹਨ ਜਿਹੜੇ ਬੇਕਾਰ ਹੀ ਹੁੰਦੇ ਹਨ। ਕੁਝ ਐਸੇ ਦਰਖਤ ਹੁੰਦੇ ਹਨ ਜਿਨ੍ਹਾਂ ਨੂੰ ਮਿੱਠੇ ਫਲ ਲਗਦੇ ਹਨ। ਕੁਝ ਐਸੇ ਹੁੰਦੇ ਹਨ ਜਿਨ੍ਹਾਂ ਨੂੰ ਕੌੜੇ ਫਲ ਲਗਦੇ ਹਨ। ਕੁਝ ਐਸੇ ਹੁੰਦੇ ਹਨ ਜਿਨ੍ਹਾਂ ਨੂੰ ਕੋਈ ਫਲ ਹੀ ਨਹੀਂ ਲਗਦਾ। ਇਸੀ ਤਰ੍ਹਾਂ ਵਾਹਿਗੁਰੂ ਦੀ ਰਚਨਾ ਵਿਚ ਅਨੇਕ ਪ੍ਰਕਾਰ ਦੇ, ਅਨੇਕ ਸੁਭਾਵਾਂ ਦੇ ਲੋਕ ਕਰਮਾਂ ਅਨੁਸਾਰ ਸ਼ਕਲਾਂ ਧਾਰ ਕੇ ਆਉਂਦੇ ਹਨ। ਸਾਰੀ ਦੁਨੀਆਂ ਜਾਣਦੀ ਹੈ ਕਿ ਕੁਝ ਲੋਕ ਸਿੰਬਲ ਦੇ ਰੁੱਖ ਸਮਾਨ ਹੁੰਦੇ ਹਨ। ਕੁਝ ਕਿੱਕਰਾਂ, ਕਰੀਰਾਂ, ਬਾਂਸ ਸਮਾਨ ਹੰਦੇ ਹਨ। ਕੁਝ ਵਿਰਲੇ ਚੰਦਨ ਹੁੰਦੇ ਹਨ। ਐਸੇ ਇਨਸਾਨਾਂ ਨੂੰ ਮਹਾਂਪੁਰਖ ਕਿਹਾ ਜਾਂਦਾ ਹੈ ਜੋ ਚੰਦਨ ਵਾਂਗ ਸੁਗੰਧੀ ਖੁਸ਼ਬੂ ਦੇ ਕੇ ਸੰਸਾਰ ਨੂੰ ਸੁਗੰਧਤ ਕਰਦੇ ਹਨ। ਉਹ ਹਮੇਸ਼ਾ ਸਮਦਰਸ਼ੀ ਹੁੰਦੇ ਹਨ।

***ਸੋ ਸਮਦਰਸੀ ਤਤ ਕਾ ਬੇਤਾ॥***
***ਨਾਨਕ ਸਗਲ ਸ੍ਰਿਸਟਿ ਕਾ ਜੇਤਾ॥*** ***ਪੰਨਾ - 292***

ਜਿਵੇਂ ਚੰਦਨ ਦਾ ਬੂਟਾ ਕਿਤੇ ਕਿਤੇ ਹੁੰਦਾ ਹੈ, ਇਸੇ ਤਰ੍ਹਾਂ ਐਸੇ ਸਮਦਰਸ਼ੀ ਪੁਰਸ਼ ਵੀ ਵਿਰਲੇ ਹੁੰਦੇ ਹਨ -

***ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥***
***ਪੰਨਾ - 1411***

ਗੁਰੂ ਘਰ ਵਿਚ ਐਸੇ ਗੁਰਸਿੱਖ ਪ੍ਰਵਾਨ ਔਰ ਪੂਜਯ ਮੰਨੇ ਜਾਂਦੇ ਹਨ। ਗੁਰਬਾਣੀ ਐਸੇ ਗੁਰਸਿੱਖ ਮਹਾਂਪੁਰਸ਼ਾਂ ਦੀ ਬਹੁਤ ਵਡਿਆਈ ਕਰਦੀ ਹੈ। ਗੁਰੂ ਘਰ ਦੇ ਵੇਦ ਵਿਆਸ ਭਾਈ ਗੁਰਦਾਸ ਜੀ ਐਸੇ ਜੀਵਨ ਮੁਕਤ ਗੁਰਸਿੱਖਾਂ ਬਾਬਤ ਇਉਂ ਲਿਖਦੇ ਹਨ -

***ਹਉ ਸਦਕੇ ਤਿਨਾ ਗੁਰਸਿਖਾ ਸਤਿਗੁਰ ਨੋ ਮਿਲਿ ਆਪੁ ਗਵਾਇਆ।***
***ਹਉ ਸਦਕੇ ਤਿਨਾ ਗੁਰਸਿਖਾ ਕਰਨ ਉਦਾਸੀ ਅੰਦਰਿ ਮਾਇਆ।***
***ਹਉ ਸਦਕੇ ਤਿਨਾ ਗੁਰਸਿਖਾ ਗੁਰਮਤਿ ਗੁਰਚਰਣੀ ਚਿਤੁ ਲਾਇਆ।***
***ਹਉ ਸਦਕੇ ਤਿਨਾ ਗੁਰਸਿਖਾ ਗੁਰਸਿਖ ਦੇ ਗੁਰਸਿਖ ਮਿਲਾਇਆ।***
***ਹਉ ਸਦਕੇ ਤਿਨਾ ਗੁਰਸਿਖਾ ਆਸਾ ਵਿਚਿ ਨਿਰਾਸੁ ਵਲਾਇਆ।***
***ਸਤਿਗੁਰ ਦਾ ਉਪਦੇਸ ਦਿੜਾਇਆ॥***
***ਭਾਈ ਗੁਰਦਾਸ ਜੀ, ਵਾਰ 12/6***

ਸਤਿਗੁਰੂ ਜੀ ਬਾਨੀ ਵਿਚ ਐਸੇ ਜੀਵਨ ਮੁਕਤ ਪੁਰਸ਼ਾਂ ਬਾਬਤ ਇਉਂ ਫੁਰਮਾਨ ਕਰਦੇ ਹਨ -

***ਪ੍ਰਭ ਕੀ ਆਗਿਆ ਆਤਮ ਹਿਤਾਵੈ॥***
***ਜੀਵਨ ਮੁਕਤਿ ਸੋਊ ਕਹਾਵੈ॥***
***ਤੈਸਾ ਹਰਖੁ ਤੈਸਾ ਉਸੁ ਸੋਗੁ॥***
***ਸਦਾ ਅਨੰਦੁ ਤਹ ਨਹੀ ਬਿਓਗੁ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥***
***ਤੈਸਾ ਮਾਨੁ ਤੈਸਾ ਅਭਿਮਾਨੁ॥***
***ਤੈਸਾ ਰੰਕੁ ਤੈਸਾ ਰਾਜਾਨੁ॥***
***ਜੋ ਵਰਤਾਏ ਸਾਈ ਜੁਗਤਿ॥***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥***
***ਪੰਨਾ - 275***

ਸਤਿਗੁਰੂ ਜੀ ਐਸੇ ਗੁਰਸਿੱਖ ਮਹਾਂਪੁਰਖਾਂ ਲਈ ਹੀ ਫੁਰਮਾਉਂਦੇ ਹਨ -

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥***
***ਪੰਨਾ - 749***

ਮਹਾਂਪੁਰਖ ਸੰਤ ਬਾਬਾ ਵਰਿਆਮ ਸਿੰਘ ਜੀ ਨੇ ਆਪਣਾ ਆਪਾ ਸ੍ਰੀ ਹਜ਼ੂਰ ਸੰਤ ਮਹਾਰਾਜ (ਰਾੜਾ ਸਾਹਿਬ) ਵਿਚ ਲੈਅ ਕਰ ਦਿਤਾ ਅਤੇ ਸ਼ਬਦ ਸਰੂਪ ਹੋ ਗਏ। ਸਾਰਾ ਜੀਵਨ ***'ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥' (ਪੰਨਾ - 749)*** ਦੇ ਮਹਾਂਵਾਕ ਅਨੁਸਾਰ ਲਾ ਦਿਤਾ। ਚੰਦਨ ਵਾਂਗ ਹਰੇਕ ਨੂੰ ਹੀ ਗੁਰੂ ਨਾਲ ਜੋੜਨ ਦਾ ਪੁਰਸ਼ਾਰਥ ਕੀਤਾ। ਆਪ ਜੀ ਦੇ ਹਿਰਦੇ ਵਿਚ ਪਰਉਪਕਾਰ ਤੋਂ ਬਿਨਾਂ ਦੂਜੀ ਹੋਰ ਕੋਈ ਚੀਜ਼ ਹੀ ਨਹੀਂ ਸੀ। ਜਿਵੇਂ ਇਕ ਮਹਾਂਪੁਰਸ਼ ਪਾਣੀ ਦੇ ਕਿਨਾਰੇ ਤੁਰੇ ਜਾ ਰਹੇ ਸਨ। ਇਕ ਖੰਜ ਖੰਜੂਰੇ ਨੂੰ ਪਾਣੀ ਵਿਚ ਡੁਬਦਾ ਦੇਖ ਕੇ ਕੁਝ ਮੱਝਾਂ ਚਾਰਨ ਵਾਲੇ ਅੱਲੜ ਮੁੰਡੇ ਹੱਸ ਰਹੇ ਸਨ। ਮਹਾਂਪੁਰਸ਼ਾਂ ਨੇ ਇਕ ਦਮ ਉਸ ਖੰਜ ਖੰਜੂਰੇ ਨੂੰ ਆਪਣੇ ਹੱਥ ਨਾਲ ਬਾਹਰ ਕੱਢ ਕੇ ਉਸ ਨੂੰ ਡੁੱਬਣ ਤੋਂ ਬਚਾਇਆ। ਖੰਜ ਖੰਜੂਰੇ ਨੇ ਮਹਾਂਪੁਰਸ਼ਾਂ ਦੇ ਹੱਥ ਤੇ ਡੰਗ ਮਾਰਿਆ, ਡੰਗ ਮਾਰਨ ਸਾਰ ਫਿਰ ਪਾਣੀ ਵਿਚ ਡਿੱਗ ਪਿਆ। ਮਹਾਂਪੁਰਸ਼ਾਂ ਨੇ ਉਸ ਨੂੰ ਕੱਢਣ ਲਈ ਫੇਰ ਪਾਣੀ ਵਲ ਹੱਥ ਵਧਾਇਆ। ਦੇਖਣ ਵਾਲੇ ਪ੍ਰੇਮੀਆਂ ਨੇ ਮਹਾਂਪੁਰਸ਼ਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਕਿ ਤੁਸੀਂ ਉਸਨੂੰ ਡੁੱਬਣੋਂ ਬਚਾਇਆ ਹੈ ਉਸ ਬਦਲੇ ਉਸ ਨੇ ਤੁਹਾਡੇ ਡੰਗ ਮਾਰਿਆ ਹੈ। ਮਹਾਂਪੁਰਖ ਕਹਿਣ ਲੱਗੇ, "ਪ੍ਰੇਮੀਓ! ਜੇ ਖੰਜ ਖੰਜੂਰਾ ਆਪਣਾ ਡੰਗ ਮਾਰਨ ਦਾ ਸੁਭਾਅ ਨਹੀਂ ਛਡਦਾ ਫੇਰ ਮੈਂ ਗੁਰੂ ਦਾ ਬਖਸ਼ਿਆ ਹੋਇਆ ਪਰਉਪਕਾਰ ਕਰਨ ਦਾ ਸੁਭਾਅ ਕਿਉਂ ਛੱਡਾਂ।"

ਮੈਂ ਅੱਖੀਂ ਦੇਖਿਐ, ਨਾ ਤਾਂ ਉਹ ਕਿਸੇ ਦੀ ਨਿੰਦਿਆ ਸੁਣਦੇ ਸਨ, ਨਾ ਹੀ ਕਿਸੇ ਦੀ ਨਿੰਦਿਆ ਕਰਨ ਦਿੰਦੇ ਸਨ। ਮੰਦਾ ਬਚਨ ਕਰਨ ਵਾਲੇ ਨੂੰ ਕਹਿੰਦੇ ਭਾਈ ਕਿਉਂ ਉਸ ਦੀ ਮੈਲ ਖਾਂਦਾ ਹੈਂ। ਆਪ ਤਾਂ ਨਿੰਦਿਆ ਕਰਨੀ ਜਾਣਦੇ ਹੀ ਨਹੀਂ ਸਨ। ਹਮੇਸ਼ਾ ਕਹਿਣਾ, ਭਾਈ! ਸਾਰੇ ਪ੍ਰਭੂ ਦਾ ਹੀ ਰੂਪ ਹਨ, ਇਥੇ ਦੂਜਾ ਕੋਈ ਨਹੀਂ ਹੈ।

ਮੈਨੂੰ ਬਹੁਤ ਪਿਆਰ ਕਰਦੇ ਸਨ। ਕਹਿਣਾ ਭਾਈ ਸਾਧੂ ਸਿੰਘ। ਤੈਂ ਗੁਰੂ ਪਿਆਰ ਵਿਚ ਕੱਚੀ ਸਰਕਾਰ ਦੀ ਨੌਕਰੀ ਛੱਡ ਕੇ ਸੱਚੀ ਸਰਕਾਰ ਦੀ ਨੌਕਰੀ ਕਰ ਲਈ ਹੈ। ਤੂੰ ਸਾਡਾ ਗੁਰਭਾਈ ਹੈਂ। ਹਮੇਸ਼ਾ ਦੂਜੇ ਨੂੰ ਆਪਣੇ ਆਪ ਤੋਂ ਵੱਡਾ ਦੇਖਦੇ ਸਨ। ਅਕਸਰ ਪਿਆਰ ਵਿਚ ਕਹਿੰਦੇ ਅਸੀਂ ਤਾਂ ਗ੍ਰਹਿਸਥੀ ਹਾਂ। ਤੂੰ ਤਾਂ ਭਾਈ ਸੰਤ ਹੈਂ। ਮੈਂ ਸੋਚਣਾ, (ਰੂਹਾਨੀਅਤ ਵਿਚ) ਮੈਂ ਇਨ੍ਹਾਂ ਤੋਂ ਕਿੰਨਾ ਛੋਟਾ ਹਾਂ। ਮੈਨੂੰ ਆਪ ਜੀ ਐਨਾ ਸਤਿਕਾਰ ਦੇ ਰਹੇ ਹਨ। ਸੋ ਉਨ੍ਹਾਂ ਦਾ ਦਿਤਾ ਪਿਆਰ ਦਾਸ ਲਈ ਇਕ ਪਵਿੱਤਰ ਯਾਦ ਹੈ ਜੋ ਸਦਾ ਹੀ ਜੀਵਨ ਨੂੰ ਉਚਤਾ ਔਰ ਸੁੱਚਤਾ ਦੇ ਰਹੀ ਹੈ। ਸ੍ਰੀ ਹਜ਼ੂਰ ਸੰਤ ਮਹਾਰਾਜ ਜੀ ਦੇ ਬਚਨ ਸੁਣ ਕੇ ਜਾਂ ਸੁਣਾ ਕੇ ਬਹੁਤ ਹੀ ਖੁਸ਼ੀ ਪ੍ਰਾਪਤ ਕਰਦੇ ਸਨ। ਕਹਿੰਦੇ, ਮਹਾਰਾਜ ਜੀ ਦੀ ਯਾਦ ਹੀ ਮੇਰਾ ਜੀਵਨ ਹੈ।

ਇਕ ਵਾਰ ਮੈਂ ਦਿੱਲੀ ਜਾਣਾ ਸੀ। ਰਾਤ ਨੂੰ ਅਸੀਂ ਰਤਵਾੜਾ ਸਾਹਿਬ ਠਹਿਰੇ। ਮੇਰੇ ਨਾਲ ਫੋਨ ਤੇ ਗੱਲ ਹੋਈ, ਮੈਂ ਕਿਹਾ, ਜੀ ਅਸੀਂ ਤਾਂ ਸੁਵੱਖਤੇ ਜਾਣਾ ਹੈ, ਸ਼ਾਮ ਨੂੰ ਵਾਪਸ ਆਉਣਾ ਹੈ। ਸਕੂਲ ਸਬੰਧੀ ਜ਼ਰੂਰੀ ਕੰਮ ਹੈ। ਕਹਿਣ ਲੱਗੇ, "ਮੈਨੂੰ ਬਿਨਾਂ ਮਿਲੇ ਨਾ ਜਾਇਓ, ਮੈਂ ਜਲਦੀ ਰਤਵਾੜਾ ਸਾਹਿਬ ਆ ਜਾਊਂਗਾ।"

ਅਸੀਂ ਰਾਤ ਨੂੰ ਪੈ ਗਏ। ਗਰਮੀ ਦਾ ਮੌਸਮ ਸੀ। ਇਹ 1993 ਦੀ ਗੱਲ ਹੈ। ਅਸਥਾਨ ਤੇ ਉਸ ਰਾਤ ਬਿਜਲੀ ਦੀ ਸਪਲਾਈ ਠੀਕ ਨਹੀਂ ਸੀ। ਨੀਂਦ ਕੋਈ ਨਾ ਆਈ। ਅਸੀਂ ਸੁਵੱਖਤੇ ਹੀ ਇਸ਼ਨਾਨ ਕਰਕੇ ਸਿਮਰਨ ਵਿਚ ਬੈਠ ਗਏ, ਸਾਝਰੇ ਹੀ ਬਿਨਾਂ ਕਿਸੇ ਨੂੰ ਦੱਸੇ ਦਿੱਲੀ ਨੂੰ ਚਾਲੇ ਪਾ ਦਿਤੇ। ਅੰਬਾਲੇ ਕੋਲ ਜਾ ਕੇ ਗੱਡੀ ਦਾ ਐਕਸੀਡੈਂਟ ਹੋ ਗਿਆ। ਹੋਰ ਕਿਸੇ ਦੇ ਕੋਈ ਝਰੀਟ ਤੱਕ ਨਾ ਆਈ। ਅਸੀਂ ਗੱਡੀ ਵਿਚ 10 ਜਣੇ ਸੀ। ਮੇਰਾ ਖੱਬਾ ਪੱਟ ਟੁੱਟ ਕੇ ਦੂਹਰਾ ਹੋ ਗਿਆ। ਗੁਰੂ ਸਾਖੀ ਹੈ, ਗੁਰੂ ਕ੍ਰਿਪਾ ਸਦਕਾ ਮੈਨੂੰ ਕੋਈ ਦੁਖ ਹੀ ਨਾ ਮਹਿਸੂਸ ਹੋਵੇ। ਮੈਂ ਬਿਲਕੁਲ ਠੀਕ ਮਹਿਸੂਸ ਕਰ ਰਿਹਾ ਸਾਂ। ਸਾਰੇ ਏਸ ਗੱਲ ਤੋਂ ਬਹੁਤ ਹੀ ਹੈਰਾਨ ਸਨ। ਮੈਂ ਕਿਹਾ, ਮੈਨੂੰ ਮਾੜੀ ਜਿਹੀ ਵੀ ਤਕਲੀਫ ਨਹੀਂ ਹੈ। ਕੋਲ ਮਿਲਟਰੀ ਵਾਲੇ ਬਹੁਤ ਹੈਰਾਨ ਸਨ ਕਿ ਕਮਾਲ ਹੈ, ਪੱਟ ਟੁਟਿਆ ਹੋਇਆ ਹੈ ਇਹ ਬੰਦਾ ਉਸੇ ਤਰ੍ਹਾਂ ਬੈਠਾ ਹੈ, ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ।

ਮੈਨੂੰ ਚੰਡੀਗੜ੍ਹ ਲਿਆ ਕੇ ਡਾਕਟਰ ਨੇ ਪੱਟ ਸਿੱਧਾ ਕਰਕੇ ਖਿੱਚ ਪਾ ਦਿਤੀ ਅਤੇ ਪਟਿਆਲੇ ਹਸਪਤਾਲ ਦਾਖਲ ਕਰ ਦਿਤਾ। ਸਵੇਰੇ ਹੀ ਸੰਤ ਬਾਬਾ ਵਰਿਆਮ ਸਿੰਘ ਜੀ ਸਮੇਤ ਬੀਜੀ ਹਸਪਤਾਲ ਪਹੁੰਚ ਗਏ। ਜਥਾ ਵੀ ਨਾਲ ਹੀ ਸੀ। ਤਕਰੀਬਨ ਅੱਧਾ ਘੰਟਾ ਪਿਆਰ ਦੇ ਬਚਨ ਹੋਏ। ਮਹਾਰਾਜ ਜੀ ਸੰਬੰਧਿਤ ਡਾਕਟਰਾਂ ਨੂੰ ਮਿਲੇ। ਮੈਨੂੰ ਦਸਵੇਂ ਦਿਨ ਸੰਗਰੂਰ ਲੈ ਆਏ। ਪੱਟ ਨੂੰ ਖਿੱਚ ਅਤੇ ਪਲਸਤਰ ਛੇ ਮਹੀਨੇ ਰਿਹਾ। ਸੱਜੇ ਖੱਬੇ ਪਾਸਾ ਤਾਂ ਲੈ ਨਹੀਂ ਸੀ ਹੁੰਦਾ। ਮੈਂ ਪਿਆ ਪਿਆ ਕਿਸੇ ਮਹੀਨੇ ਤਿੰਨ, ਕਿਸੇ ਮਹੀਨੇ ਚਾਰ ਸੈਂਚੀਆਂ ਤੋਂ ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰ ਲੈਂਦਾ ਸੀ। ਦੁੱਖ ਮੇਰੇ ਨੇੜੇ ਤੇੜੇ ਵੀ ਨਹੀਂ ਸੀ। ਮੈਂ ਪੂਰਾ ਖੁਸ਼ ਸੀ ਕਿ ਵਾਹਿਗੁਰੂ ਨੇ ਮੈਥੋਂ ਦੁਖ ਵਿਚ ਬਾਣੀ ਦਾ ਪਾਠ ਕਰਾਉਣਾ ਸੀ। ਇਹ ਮਾਰ ਕੇ ਖੀਰ ਖਵਾਉਣ ਵਾਲੀ ਗੱਲ ਸੀ। ਇਹ ਤਾਂ ਸਦੀਵੀ ਸੱਚ ਹੈ ਕਿ ਜੋ ਕੁਝ ਵੀ ਹੋ ਰਿਹਾ ਹੈ ਗੁਰੂ ਮਹਾਰਾਜ ਦੇ ਹੁਕਮ ਵਿਚ ਹੀ ਹੋ ਰਿਹਾ ਹੈ। ਸੋ ਇੱਕੋ ਪਾਸੇ ਪਏ ਰਹਿਣ ਦਾ ਦੁਖ ਨੇੜੇ ਤੇੜੇ ਵੀ ਨਹੀਂ ਸੀ।

ਮਹਾਂਪੁਰਸ਼ ਸੰਤ ਬਾਬਾ ਵਰਿਆਮ ਸਿੰਘ ਜੀ ਨਾਲ ਫੋਨ ਤੇ ਬਚਨ ਹੁੰਦੇ ਹੀ ਰਹਿੰਦੇ ਸਨ। ਉਨ੍ਹਾਂ ਨੇ ਉਸ ਸਮੇਂ ਵਿਚ ਦਾਸ ਨੂੰ ਇਕ ਵਿਸ਼ੇਸ਼ ਪਤ੍ਰਿਕਾ ਵੀ ਲਿਖੀ। ਪਤ੍ਰਿਕਾ ਤਾਂ ਆਪ ਜੀ ਦਾਸ ਨੂੰ ਅਕਸਰ ਮੇਰੇ ਪੱਤਰ ਦੇ ਉਤਰ ਵਿਚ ਲਿਖਦੇ ਹੀ ਰਹਿੰਦੇ ਸਨ ਪਰ ਉਹ ਪਤ੍ਰਿਕਾ ਖਾਸ ਤੌਰ ਤੇ ਐਕਸੀਡੈਂਟ ਦੇ ਸਬੰਧ ਵਿਚ ਸੀ।

ਐਕਸੀਡੈਂਟ ਤੋਂ ਤਕਰੀਬਨ ਦੋ ਮਹੀਨੇ ਬਾਅਦ ਆਪ ਜੀ ਸੰਗਰੂਰ ਮੇਰੀ ਖਬਰ ਲੈਣ ਆਏ। ਮੈਂ ਬਿਸਤਰ ਤੇ ਪਿਆ ਪਾਠ ਕਰਦਾ ਸੀ. ਮੈਨੂੰ ਦੇਖ ਕੇ ਬਹੁਤ ਖੁਸ਼ ਹੋਏ। ਮੈਂ ਉਠ ਕੇ ਬੈਠਣ ਦੀ ਕੋਸ਼ਿਸ਼ ਕੀਤੀ। ਕਹਿਣ ਲੱਗੇ, ਪਏ ਰਹੋ। ਮੈਂ ਢੋਹ ਲਾ ਕੇ ਪੈ ਗਿਆ। ਮੈਨੂੰ ਇਉਂ ਲੱਗਿਆ ਜਿਵੇਂ ਬਹੁਤ ਕੁਝ ਮਿਲ ਗਿਆ ਹੁੰਦਾ ਹੈ। ਹੱਸ ਕੇ ਕਹਿਣ ਲੱਗੇ ਮੈਂ ਤਾਂ ਸੋਚਦਾ ਆਉਂਦਾ ਸੀ ਸਾਧੂ ਸਿੰਘ ਨੂੰ ਤਾਂ ਬਹੁਤ ਤਕਲੀਫ ਹੋਵੇਗੀ ਕਿਉਂਕਿ ਇਕ ਪਾਸੇ ਅਹਿੱਲ ਪੈਣਾ ਤਾਂ ਇਕ ਦਿਨ ਵੀ ਔਖਾ ਹੈ, ਤੂੰ ਤਾਂ ਇਉਂ ਪਿਐਂ ਜਿਵੇਂ ਤੈਨੂੰ ਕੋਈ ਤਕਲੀਫ ਹੀ ਨਹੀਂ ਹੁੰਦੀ। ਤੇਰਾ ਚਿਹਰਾ ਬੜਾ ਅਨੰਦ ਪ੍ਰਸੰਨ ਹੈ। ਮੈਂ ਕਿਹਾ ਆਪ ਜੀ ਦੀ ਕ੍ਰਿਪਾ ਹੈ। ਮੈਂ ਰੂਹਾਨੀ ਬਚਨ ਚਲਾਇਆ। ਬਹੁਤ ਸਾਰੇ ਪ੍ਰਮਾਰਥਕ ਚੜ੍ਹਾਈ ਦੇ ਬਚਨ ਮਹਾਂਪੁਰਖ ਕਰਦੇ ਰਹੇ, ਮੈਂ ਸੁਣਦਾ ਰਿਹਾ। ਮੈਂ ਵਿਚਦੀ ਕਿਹਾ ਕਿ ਮਹਾਰਾਜ ਜੀ, ਆਕਾਰ ਦ੍ਰਿਸ਼ਟਮਾਨ ਨਾਮ ਰੂਪ ਨੂੰ ਛੱਡ ਕੇ ਨਿਰਾਕਾਰ ਵਿਚ ਬਿਰਤੀ ਜੋੜਨੀ ਹੀ ਪਰਮ ਤਪ ਹੈ, ਮੇਰਾ ਇਹ ਵਿਚਾਰ ਹੈ। ਮਹਾਰਾਜ ਜੀ ਕਹਿਣ ਲੱਗੇ, ਅਕਾਰ ਨਾਮ ਰੂਪ ਦ੍ਰਿਸ਼ਟਮਾਨ ਤਾਂ ਹੈ ਹੀ ਨਹੀਂ। ਇਹ ਬਚਨ ਮੇਰੇ ਜਿਹਨ ਵਿਚ ਨਾ ਬੈਠਿਆ। ਭਾਵ ਮੈਂ ਸਮਝਿਆ ਨਹੀਂ। ਮੈਂ ਆਪਣੇ ਅੰਦਰ ਕਿਹਾ, ਕਮਾਲ ਹੈ, ਦ੍ਰਿਸ਼ਟਮਾਨ ਹੈ ਹੀ ਨਹੀਂ ਜਦੋਂ ਕਿ ਸਾਮ੍ਹਣੇ ਦਿਸ ਰਿਹਾ ਹੈ। ਮੈਂ ਦੁਬਾਰਾ ਕੁਝ ਨਹੀਂ ਬੋਲਿਆ, ਚੁੱਪ ਕਰ ਗਿਆ। ਪਰ ਮੇਰੇ ਅੰਦਰ ਮਹਾਂਪੁਰਖਾਂ ਦਾ ਇਹ ਬਚਨ ਘਰ ਕਰ ਗਿਆ, ਅਭੁੱਲ ਹੋ ਗਿਆ। ਸਮਝ ਮੈਨੂੰ ਪਈ ਕੋਈ ਨਾ।

ਜਦੋਂ ਮਹਾਂਪੁਰਖ ਤੁਰਨ ਲੱਗੇ, ਮੈਂ ਕਿਹਾ ਲਿਆਓ ਭਾਈ ਮਹਾਰਾਜ ਜੀ ਦਾ ਸਤਿਕਾਰ ਕਰੀਏ। ਕਹਿਣ ਲੱਗੇ, ਮੈਂ ਕੁਝ ਲੈਣ ਨਹੀਂ ਆਇਆ, ਦੇਣ ਆਇਆ ਹਾਂ। ਐਨਾ ਕਹਿੰਦੇ ਪਰਸ ਵਿਚੋਂ ਬਹੁਤ ਸਾਰੀ ਮਾਇਆ ਕੱਢੀ, ਮੇਰੇ ਬੈਡ

(ਬਾਕੀ ਪੰਨਾ 63 ਤੇ)

# ਹਮਰੀ ਬੇਦਨਿ ਤੂ ਜਾਨਤਾ.....।

***ਪ੍ਰਭਜੋਤ ਕੌਰ***

ਮੌਜੂਦਾ ਸਮੇਂ ਦਾ ਦੌਰ ਜੈਸਾ ਚਲ ਰਿਹਾ ਹੈ, ਉਸ ਵਿਚ ਯਕੀਨਨ ਹੀ ਕੋਈ ਵਿਰਲਾ ਟਿਕਾਓ ਵਿਚ ਹੈ। ਬਹੁਤ ਸਾਰੇ ਚਿੱਤ ਉਖੜੇ ਹਨ ਜਿਨ੍ਹਾਂ ਨੂੰ ਕੋਈ ਸ਼ਾਂਤਮਈ ਕਿਨਾਰਾ ਨਹੀਂ ਲੱਭ ਰਿਹਾ। ਸਾਲ 2001 ਨੂੰ ਅਸੀਂ ਸਾਰੇ ਕੋਸਦੇ ਹਾਂ, 31 ਅਕਤੂਬਰ ਕਿਸੇ ਪ੍ਰੇਮੀ ਨੂੰ ਵਿਸਰਦਾ ਨਹੀਂ। ਕੈਸੇ ਭੁੱਲੇ ? ਇਹ ਦਿਨ ਸਾਡੇ ਉਤੇ ਕਹਿਰ ਬਣ ਕੇ ਆਇਆ। ਅੱਖ ਫਰੱਕੇ ਵਿਚ ਹੀ ਸਭ ਕੁਝ ਅਲੋਪ ਹੋ ਗਿਆ। ਕੁਝ ਇਸ ਤਰ੍ਹਾਂ ਲਗਦਾ ਹੈ ਜਿਵੇਂ ਅਰਸ਼ਾਂ ਦਾ ਮਾਲਕ ਛਿਨ ਲਈ ਦਰਸ਼ਨ ਦੇਣ ਆਇਆ ਸੀ, ਦਰਸ਼ਨ ਦੇ ਕੇ ਉਡਾਰੀ ਮਾਰ ਗਿਆ। ਸਮੇਂ ਦੀ ਚਾਲ ਆਪਣੀ ਰਫਤਾਰ ਨਾਲ ਤੁਰੀ ਜਾ ਰਹੀ ਹੈ। ਮੈਂ ਕਦੇ 31 ਅਕਤੂਬਰ ਵਲ ਧਿਆਨ ਦਿੰਦੀ ਹਾਂ, ਕਦੇ ਆਪਣੀ ਕਿਸਮਤ ਵਲ। ਪਰ ਇਸ ਦੁਬਿਧਾ ਦੀ ਸਥਿਤੀ ਦਾ ਗੁਰਬਾਣੀ ਨਬੇੜਾ ਕਰਦੀ ਹੈ। ਇਹ ਤਾਂ 'ਦੋਸ ਕਰੰਮਾ ਆਪਣਿਆ' ਕੋਈ ਦਿਨ ਅੱਛਾ ਜਾਂ ਬੁਰਾ ਨਹੀਂ, ਕੋਈ ਵਕਤ ਚੰਗਾ ਜਾਂ ਬੁਰਾ ਨਹੀਂ। ਬਾਤ ਸਿਰਫ ਕਿਸਮਤ ਦੀ ਹੈ, ਕਰਮਾਂ ਦੀ ਹੈ। ਇਹ ਵੀ ਬਲਵਾਨ ਕਰਮਗਤੀ ਹੈ ਲੇਕਿਨ ਕੇਵਲ ਇਨਸਾਨਾਂ ਲਈ, ਜਿਸ ਦਾ ਭੁਗਤਾਨ ਕੀਤੇ ਬਿਨਾਂ ਸਾਡਾ ਖਹਿੜਾ ਛੁੱਟਣਾ ਨਾ-ਮੁਮਕਿਨ ਹੈ।

ਆਪਣੇ ਪਿਆਰੇ ਦੀ ਯਾਦ ਵਿਚ ਦਿਨ ਰਾਤ ਤੜਫ ਰਹੀਆਂ ਅਣਗਿਣਤ ਰੂਹਾਂ ਦੀ ਵੇਦਨਾਂ ਕੌਣ ਜਾਣੇ ? ਕੌਣ ਜਾਣੇ ਕਿ ਵਿਛੋੜੇ ਦੀ ਪੀੜ ਕੈਸੀ ਦਰਦਨਾਕ ਹੈ ? ਕੋਈ ਨਹੀਂ ਜਾਣ ਸਕਦਾ। ਵਿਯੋਗੀ ਜਾਣਦੈ ਜਾਂ ਉਸ ਦਾ ਪਿਆਰਾ ਜਾਣਦੈ ਜਾਂ ਅਕਾਲਪੁਰਖ ਨੂੰ ਪਤਾ ਹੈ। ਇਕ ਮਾਂ ਦਾ ਬੱਚਾ ਦੁਖੀ ਹੈ, ਹੁਣ ਉਸ ਦੀ ਮਾਂ ਨੂੰ ਕੋਈ ਪੁੱਛ ਕੇ ਦੇਖੇ ਬਈ ਬੱਚੇ ਦਾ ਦੁਖ ਕੀ ਹੁੰਦਾ ਹੈ। ਕੇਵਲ ਮਾਂ ਜਾਣਦੀ ਹੈ ਆਪਣੀ ਔਲਾਦ ਦੇ ਦੁੱਖ ਨੂੰ। ਇਹੀ ਹਾਲ ਵਿਯੋਗੀ ਦਾ ਹੁੰਦਾ ਹੈ, ਵਿਯੋਗੀ ਦਾ ਜੀਵਨ ਹੀ ਵੈਰਾਗ ਹੁੰਦਾ ਹੈ, ਆਪਣੇ ਪਿਆਰੇ ਦੀ ਯਾਦ ਹੁੰਦੀ ਹੈ। ਆਹ ਜਿਥੇ ਅਕਲਾਂ ਮੁੱਕ ਜਾਂਦੀਆਂ ਨੇ, ਵਿਯੋਗੀ ਦਾ ਰਾਹ ਉਥੋਂ ਸ਼ੁਰੂ ਹੁੰਦਾ ਹੈ। ਗਿਆਨ ਇਥੇ ਆ ਕੇ ਖਤਮ ਹੋ ਜਾਂਦਾ ਹੈ। ਇਥੋਂ ਸ਼ੁਰੂ ਹੁੰਦੀ ਹੈ ਭਗਤੀ, ਤਾਂ ਹੀ ਸਤਿਪੁਰਸ਼ ਫੁਰਮਾਉਂਦੇ ਹਨ ਕਿ ਗੁਰਮਤਿ ਦਾ ਮਾਰਗ, ਭਗਤੀ ਸਹਿਤ ਗਿਆਨ ਦਾ ਮਾਰਗ ਹੈ। ਕਿਤੇ ਨਹੀਂ ਇਹ ਗੱਲ ਸੱਚੇ ਪਾਤਸ਼ਾਹ ਨੇ ਕਹੀ ਕਿ ਗੁਰਮਤਿ, ਗਿਆਨ ਸਹਿਤ ਭਗਤੀ ਦਾ ਮਾਰਗ ਹੈ। ਗਿਆਨ, ਭਗਤੀ ਤੋਂ ਬਿਨਾਂ ਥੋਥਾ ਹੈ। ਗਿਆਨੀ ਖੁਸ਼ਕ ਹੁੰਦਾ ਹੈ। ਪਿਆਰ ਵਾਲੇ, ਤਾਂ ਹੀ ਨੇੜੇ ਨਹੀਂ ਹੁੰਦੇ ਗਿਆਨ ਦੇ।

ਜਦੋਂ ਕ੍ਰਿਸ਼ਨ ਮਹਾਰਾਜ ਨੇ ਊਧੋ ਨੂੰ ਭੇਜਿਆ ਦੁਆਰਕਾ ਨਗਰੀ-ਗੋਪੀਆਂ ਨੂੰ ਗਿਆਨ ਦੇਣ, ਤਾਂ ਊਧੋ ਨੂੰ ਸਮਝ ਪਈ ਕਿ ਗਿਆਨ ਕੀ ਹੈ ਅਰ ਪਿਆਰ ਕੀ ਹੈ। ਗਿਆਨੀ ਜਿੰਨਾਂ ਆਪਣੀ ਸਾਰੀ ਉਮਰ ਵਿਚ ਸਿਖਦੈ, ਪਿਆਰ ਵਾਲੇ ਇਨਸਾਨ ਦੇ ਅੰਦਰ ਓਨਾਂ ਗਿਆਨ ਗੁਰੂ ਸੁੱਤੇ ਸਿੱਧ ਛਿਨ ਵਿਚ ਹੀ ਪਾ ਦਿੰਦਾ ਹੈ। ਮਹਾਂਪੁਰਸ਼ ਕਹਿੰਦੇ ਹੁੰਦੇ ਕਿ ਪਿਆਰ ਦਾ ਰਸਤਾ ਬਿਹੰਗਮ ਮਾਰਗ ਹੈ। ਵੈਰਾਗ ਕਟਦਾ ਹੈ ਪਾਪਾਂ ਦੇ ਛੌੜ, ਵੈਰਾਗ ਦੀ ਜਵਾਲਾ ਪਾਪਾਂ ਦੇ ਢੇਰ ਨੂੰ ਸੁਆਹ ਕਰਦੀ ਚਲੀ ਜਾਂਦੀ ਹੈ।

ਵੈਰਾਗੀ ਬਾਰੇ, ਵੈਰਾਗ ਬਾਰੇ ਮੇਰੇ ਵਰਗਾ ਮੋਟੀ ਅਕਲ ਵਾਲਾ ਬੰਦਾ ਕੀ ਲਿਖ ਸਕਦਾ ਹੈ। ਇਨ੍ਹਾਂ ਅਮੋਲਕ ਚੀਜ਼ਾਂ ਨੂੰ ਅੱਖਰਾਂ ਵਿਚ ਬੰਦ ਕਰਨਾ ਸਿਰਫ ਬ੍ਰਹਮਗਿਆਨੀ ਤੇ ਗੁਰੂ ਦੇ ਵਸ ਦੀ ਬਾਤ ਹੈ। ਮਹਾਂਪੁਰਸ਼, ਆਪਾਂ ਸਾਰੇ ਜਾਣਦੇ ਹੀ ਹਾਂ ਕਿੰਨੇ ਉਚੇ ਸੰਤ ਸਨ, ਮੈਨੂੰ ਸੁਝਦਾ ਹੀ ਨਹੀਂ ਮੈਂ ਕੀ ਲਿਖਾਂ ਉਨ੍ਹਾਂ ਬਾਰੇ। ਆਪ ਜੀ ਦਾ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦਾ ਜ਼ਿਕਰ ਕਰਦੇ ਸਾਰ ਹੀ ਗਲ ਭਰ ਆਉਂਦਾ। ਆਪ ਜੀ ਨੇ ਚੁੱਪ ਕਰਕੇ ਕੁਰਸੀ ਤੋਂ ਉਠ ਕੇ ਅੰਦਰ ਆਪਣੇ ਕਮਰੇ ਵਿਚ ਚਲੇ ਜਾਣਾ। ਆਪ ਜੀ ਆਪਣੇ ਪਿਆਰੇ ਦਾ ਰੂਪ ਬਣ ਕੇ ਵੀ ਹਮੇਸ਼ਾ ਉਸ ਦੀ ਯਾਦ ਵਿਚ ਹੀ ਰਹੇ। ਆਪ ਐਨੀਆਂ ਬਖਸ਼ਿਸ਼ਾਂ ਦੇ ਮਾਲਕ ਹੁੰਦੇ ਹੋਏ ਐਸੇ ਸਨ। ਹਰ ਪ੍ਰੇਮੀ ਦਾ ਮਨ ਡੋਲੇ ਖਾਂਦਾ, ਯਾਦਾਂ ਜਵਾਰਭਾਟੇ ਵਾਂਗੂੰ ਅੰਦਰ ਤਰਥੱਲੀ ਮਚਾਉਂਦੀਆਂ ਹਨ, ਬੇਚੈਨੀ ਹੁੰਦੀ ਹੈ ਪਰ ਦੇਖੋ, ਡਿੱਗਣ ਨਹੀਂ ਦਿੰਦੇ। ਜਿਹੜਾ ਸਾਂਈ ਆਪ ਸਦਾ ਸਥਿਰ ਹੈ, 'ਡਿਗੇ ਨਾ ਡੋਲੇ' ਵਾਲੀ ਪੂਰਨ ਜੋਤ ਹੈ, ਫਿਰ ਹੋ ਨਹੀਂ ਸਕਦਾ ਕਿ ਉਹ ਆਪਣੇ ਪਿਆਰਿਆਂ ਨੂੰ ਡਿੱਗਣ ਦੇਵੇ। ਆਸ ਦੀ ਕੋਈ ਨਾ ਕੋਈ ਕਿਰਨ ਕਿਤੋਂ ਭੇਜ ਦਿੰਦਾ ਹੈ। ਮਨ ਡੋਲੇ ਖਾ ਕੇ ਫਿਰ ਸ਼ਾਂਤ ਹੁੰਦਾ ਹੈ, ਫਿਰ ਡੋਲਦੈ ਪਰ ਅਜੀਬ ਬਾਤ ਹੈ ਡਿਗਦਾ ਨਹੀਂ ਕਿਉਂਕਿ ਪਿਆਰਾ ਖੜ੍ਹਾ ਹੈ, ਹੱਥ ਦੇ ਰਿਹਾ ਹੈ, ਸੰਭਾਲ ਕਰਦਾ ਹੈ ਪਿਆਰਾ ਆਪਣੇ ਬੱਚਿਆਂ ਦੀ। ਬੱਚਾ ਕਿੰਨਾ ਹੀ ਨਲਾਇਕ ਹੋਵੇ ਲੇਕਿਨ ਜਦ ਬੱਚੇ ਤੇ ਕੋਈ ਸੰਕਟ ਆਉਂਦਾ ਹੈ, ਮਾਂ ਬਾਪ ਦੌੜੇ ਆਉਂਦੇ ਨੇ, ਉਸ ਨੂੰ ਧੀਰਜ ਦਿੰਦੇ ਨੇ, ਪਿਆਰ ਕਰਦੇ ਨੇ, ਉਹਦੀ ਮਦਦ ਕਰਦੇ ਨੇ। ਉਹ ਤਾਂ ਫਿਰ ਗੁਰੂ ਹੈ, ਰੱਬ ਹੈ। ਗੁਰੂ ਆਪਣੇ ਪਿਆਰਿਆਂ ਦੀ ਸੰਭਾਲ ਅਵੱਸ਼ ਕਰਦਾ ਹੈ।

ਕੋਈ ਸਮਾਂ ਸੀ, ਅਸੀਂ ਸੰਤ ਮਹਾਰਾਜ ਜੀ ਦੀ ਉਂਗਲ ਫੜ ਕੇ ਚਲਦੇ ਸੀ, ਦੇਖੋ ਅੱਜ ਵਕਤ ਕੈਸਾ ਬਣਿਆ, ਦੀਦਾਰ ਲਈ ਤਰਸੇ ਪਏ ਹਾਂ। ਐਂ ਲੱਗੀ ਜਾਂਦਾ ਹੈ ਖਰੇ ਕਿੰਨੇ ਕੁ ਜੁਗ ਬੀਤ ਗਏ ਮਿਲਿਆਂ ਨੂੰ, ਦਰਸ਼ਨ ਕੀਤਿਆਂ ਨੂੰ। ਦੁਨੀਆਂ ਤੋਂ ਥੱਕ ਕੇ, ਤਪਦੇ ਮਨਾਂ ਨਾਲ ਉਨ੍ਹਾਂ ਦੀ ਸ਼ਰਨ ਜਾਈਦਾ ਸੀ, ਇਕ ਨਿਗ੍ਹਾ, ਇਕ ਝਲਕ

ਸਭ ਸ਼ਾਂਤ ਕਰ ਜਾਂਦੀ ਸੀ। ਜਿਹੜਾ ਰੱਜ ਸਾਰੀ ਦੁਨੀਆਂ ਘੁੰਮ ਕੇ ਨਹੀਂ ਮਨ ਨੂੰ ਮਿਲਦਾ, ਪਿਆਰੇ ਦੇ ਦੀਦਾਰ ਦੀ ਇਕ ਛਿਨ ਮਾਤਰ ਝਲਕੀ ਵਿਚ ਉਸ ਤੋਂ ਹਜ਼ਾਰਾਂ ਗੁਣਾਂ ਵਧ ਸੁਖ ਹੈ। ਗੁਰਬਾਣੀ ਕਹਿ ਰਹੀ ਹੈ ਕਿ ਸਾਹਿਬ ਤਾਂ ਨਿਤ ਨਵਾਂ ਹੈ, ਸਮੇ ਵਾਲੀ ਬਾਤ ਕੋਈ ਨਹੀਂ, ਉਹਦੀ ਯਾਦ ਵੀ ਨਿਤ ਨਵੀਂ ਹੈ। ਪਰ ਸਹੁ ਨੂੰ ਹਰ ਸਮੇਂ ਦੇਖਣ ਵਾਲੀਆਂ ਅੱਖਾਂ ਦੀ ਅਣਹੋਂਦ ਹੈ। ਮੇਰੇ ਵਿਚ ਪਿਆਰ ਦੀ ਅਣਹੋਂਦ ਹੈ। ਵਿਛੋੜਾ ਫਾਸਲਾ ਬਣਿਆ ਪਿਆ ਹੈ। ਅਨੇਕਾਂ ਸਾਧੂ ਸੰਸਾਰ ਪਰ ਹਨ। ਸਾਰੇ ਪੂਜਣਯੋਗ ਹਨ, ਮਗਰ ਸਾਡੇ ਲਈ ਆਪ ਜੀ ਜੈਸਾ, ਕੋਈ ਨਹੀਂ ਹੈ। ਹੋ ਹੀ ਨਹੀਂ ਸਕਦਾ।

ਮੈਨੂੰ ਚੇਤਾ ਹੈ ਜਦੋਂ ਆਪ ਜੀ ਬਾਰੇ 'ਧਮੋਟ ਦਾ ਹੀਰਾ' ਕੈਸੇਟ ਤਿਆਰ ਕੀਤੀ। ਮੈਂ ਤੇ ਮੇਰੇ ਪਿਤਾ ਜੀ ਅਸੀਂ ਕੋਠੀ ਮਹਾਂਪੁਰਸ਼ਾਂ ਨੂੰ ਕੈਸੇਟ ਦੇਣ ਗਏ। ਆਪ ਜੀ ਨੇ ਨੇਤਰ ਬੰਦ ਕਰ ਲਏ। ਮੈਨੂੰ ਐਂ ਤਾਂ ਪਤਾ ਨਹੀਂ ਸੀ ਲਗਦਾ ਹੁੰਦਾ ਬਈ ਮਹਾਤਮਾ ਕੋਲ ਕਿਵੇਂ ਬੈਠੀਦਾ ਹੈ, ਮੈਂ ਉਨ੍ਹਾਂ ਵਲ ਹੀ ਦੇਖੀ ਜਾਣਾ। ਸਾਰੇ ਅੱਖਾਂ ਬੰਦ ਕਰੀ ਸੁਣ ਰਹੇ ਸਨ। ਆਪ ਜੀ ਦੀ ਹਜ਼ੂਰੀ ਵਿਚ ਦੋ ਸਿੰਘ ਸੇਵਾ ਪਰ ਸਨ। ਇਕ ਗੀਤ ਵਿਚ ਇਕ ਤੁੱਕ ਆਈ – 'ਨੂਰੀ ਜੋਤ ਇਹ ਰਾੜਾ ਸਾਹਿਬ ਦੀ ਗਈ ਚਲ ਰਤਵਾੜੇ ਵਿਚ ਆ' ਆਪ ਜੀ ਨੇ ਇਕ ਦਮ ਨੇਤਰ ਖੋਲ੍ਹ ਲਏ। ਐਨਾ ਤੇਜ਼ ਆਪ ਜੀ ਦੇ ਚਿਹਰੇ ਪਰ ਆ ਗਿਆ, ਮਾਨੋਂ ਚਿਹਰੇ ਦੀ ਲਾਲੀ ਪੂਰੇ ਚੌਗਿਰਦੇ ਨੂੰ ਰੋਸ਼ਨ ਕਰ ਰਹੀ ਸੀ। ਮੇਰੇ ਪਿਤਾ ਜੀ ਨੂੰ ਕਹਿਣ ਲੱਗੇ, "ਅੱਛਾ ਤੈਨੂੰ ਇਸ ਗੱਲ ਦਾ ਪਤਾ ਲਗ ਗਿਆ? ਵਾਹ ਬਈ ਵਾਹ!" ਮੁੜ ਨੇਤਰ ਬੰਦ ਕਰਕੇ ਅੱਗੇ ਸੁਣਨ ਲਗ ਪਏ। ਫਿਰ ਬਹੁਤ ਅਸੀਸਾਂ ਤੇ ਅਸ਼ੀਰਵਾਦ ਦਿਤਾ। ਮੇਰਾ ਇਹ ਸਾਰਾ ਕੁਝ ਦੱਸਣ ਦਾ ਇਹ ਭਾਵ ਹੈ ਕਿ ਆਪ ਜੀ ਸਦਾ ਆਪਣੇ ਪਿਆਰੇ ਦੇ ਪਿਆਰ, ਉਸਦੀ ਯਾਦ ਵਿਚ ਰਹੇ। ਸਾਰਾ ਕੁਝ ਆਪਣੇ ਪਿਆਰੇ ਨੂੰ ਹੀ ਸਮਰਪਣ ਕਰੀ ਗਏ। ਪਿਆਰੇ ਨੂੰ ਦਿਲੋਂ ਚਾਹੁੰਣ ਵਾਲੇ ਆਪਣੇ ਪਿਆਰੇ ਦੀ ਕਦੀ ਵੀ ਬਰਾਬਰੀ ਜਾਂ ਰੀਸ ਨਹੀਂ ਕਰਦੇ, ਇਹੀ ਆਪ ਜੀ ਸਦਾ ਕਹਿੰਦੇ ਹੁੰਦੇ। ਹੁਣ ਤਾਂ ਆਪ ਜੀ ਦੇ ਪਿਆਰੇ ਬੋਲ ਰਹਿ ਰਹਿ ਕੇ ਚੇਤੇ ਆਉਂਦੇ ਨੇ, ਲੇਕਿਨ ਕੀ ਕਰਿਆ ਜਾਏ, ਕੋਈ ਪੇਸ਼ ਨਹੀਂ ਜਾ ਰਹੀ।

ਕਈ ਦਫਾ ਆਪ ਜੀ ਨੇ ਧਾਰਨਾ ਪੜ੍ਹਨੀਂ, – 'ਕਾਹਦਾ ਜੀਵਣਾ, ਬਾਝ ਪਿਆਰੇ ਆਪਣਿਆਂ' ਅਸੀਂ ਬੱਚੇ ਸੀ, ਅਕਲ ਦੇ ਵੀ ਕੱਚੇ, ਹੁਣ ਵੀ ਉਹੀ ਹਾਲ ਹੈ। ਜਦ ਆਪ ਜੀ ਨੇ ਇਹ ਧਾਰਨਾ ਪੜ੍ਹਨੀ, ਅਸੀਂ ਆਪ ਜੀ ਵਲ ਦੇਖੀ ਜਾਣਾ। ਮੈਨੂੰ ਬੜਾ ਅਚੰਭਾ ਹੋਣਾ, ਕਿ ਬਾਬਾ ਜੀ ਵੈਰਾਗ ਕਿਉਂ ਕਰਦੇ ਨੇ। ਅਸੀਂ ਉਨ੍ਹਾਂ ਨੂੰ ਸ਼ੁਰੂ ਤੋਂ ਕੁਝ ਹੋਰ ਹੀ ਸਮਝਦੇ ਸੀ। ਹਰ ਇਕ ਜਗਿਆਸੂ ਦੇ ਅੰਦਰ ਆਪਣੇ ਪਿਆਰੇ ਲਈ ਇਕ ਖਾਸ ਭਾਵਨਾ ਹੁੰਦੀ ਹੈ। ਫਿਰ ਆਪ ਜੀ ਨੇ ਅਗਲੀ ਧਾਰਨਾ ਛੇੜਨੀ – 'ਜਿਸ ਤਨ ਲੱਗੀਆਂ ਸੋਈ ਤਨ ਜਾਣੇ, ਕਿਸੇ ਦੀ ਲੱਗੀ ਕੌਣ ਜਾਣਦਾ।' ਅਖਰੀ ਅਰਥ ਤਾਂ ਪੱਲੇ ਪੈ ਜਾਣਾ ਕਿ ਇਹਦਾ ਮਤਲਬ ਆਹ ਹੋਣਾ ਹੈ, ਇਹਦਾ ਆਹ, ਅਸਲ ਚੀਜ਼ ਤੋਂ ਫਿਰ ਕੋਰੇ ਹੀ ਰਹੇ।

ਮਤਲਬ ਨਾ ਸਮਝ ਆਇਆ। ਪਰ ਹੁਣ ਹੋਸ਼ ਆ ਰਹੀ ਹੈ ਕਿ ਉਹ ਕੀ ਕਹਿੰਦੇ ਸਨ। ਮਹਾਂਪੁਰਸ਼ ਫੁਰਮਾਉਂਦੇ ਹੁੰਦੇ ਕਿ ਸਾਧੂ ਜੀਵਨ ਵਿਚ ਸੱਚਾ ਕਾਰਜ ਕਰਦਾ ਹੈ ਤੇ ਕਰਵਾਉਂਦਾ ਹੈ। ਤਾਂ ਇਹੀ ਆਪ ਜੀ ਨੇ ਕੀਤਾ, ਕਰ ਰਹੇ ਹਨ। ਉਹ ਜਿਵੇਂ ਨਿਆਣੇ ਆਪਣੇ ਮਾਤਾ ਪਿਤਾ ਦੀ ਗੋਦ ਵਿਚ ਮਸਤੀ ਕਰਦੇ ਨੇ, ਘੁਲੀ ਜਾਂਦੇ ਨੇ, ਅਠਖੇਲੀਆਂ ਕਰਦੇ ਨੇ, ਹੋਰ ਬਹੁਤ ਕੁਝ ਕਰਦੇ ਨੇ, ਪਰ ਸਾਰ ਨਹੀਂ ਆਉਂਦੀ ਮਾਤਾ ਪਿਤਾ ਦੀ। ਸਾਡੇ ਨਾਲ ਵੀ ਆਹੀ ਹੋਇਆ। ਸਮਝ ਹੀ ਨਹੀਂ ਪਈ। ਆਪ ਜੀ ਦੇ ਲਾਡ-ਪਿਆਰ ਵਿਚ ਹੀ ਮਸਤ ਹੋ ਗਏ। ਉਂਵ ਵੀ ਉਨ੍ਹਾਂ ਦੇ ਪਿਆਰ ਦੀ ਸਾਰ ਮੇਰੇ ਵਰਗਾ ਮੰਦ ਬੁੱਧੀ ਜੀਵ ਕੀ ਪਾ ਲਵੇਗਾ। ਮਗਰ ਹੁਣ ਬਹੁਤ ਹੀ ਅਫਸੋਸ ਹੈ, ਘਰ ਆਇਆ ਰੱਬ ਨਾ ਪਛਾਣ ਸਕੇ। ਮੈਂ ਸੋਚਦੀ ਹਾਂ ਧੰਨ ਆਪ ਹਨ ਤੇ ਧੰਨ ਹਨ ਉਹ ਜੋ ਆਪ ਜੀ ਨੂੰ ਪਿਆਰਦੇ ਹਨ, ਆਪ ਜੀ ਦੀ ਪਵਿੱਤਰ ਯਾਦ ਵਿਚ ਰਹਿੰਦੇ ਹਨ। ਜੇ ਆਪ ਜੀ ਇੰਨੇ ਉਚੇ ਹਨ, ਜ਼ਾਹਿਰ ਹੈ ਕਿ ਆਪ ਜੀ ਨੂੰ ਪਿਆਰ ਕਰਨ ਵਾਲੇ ਵੀ ਓਨੇ ਹੀ ਉਚੇ ਹੋਣਗੇ। ਦੇਖੀਦਾ ਹੈ ਆਪ ਜੀ ਦੇ ਪਿਆਰਿਆਂ ਨੂੰ, ਵੈਰਾਗੀ ਹੋਏ ਫਿਰਦੇ ਹਨ। ਤਨ, ਮਨ, ਧਨ ਕਰਕੇ ਆਪ ਜੀ ਦੇ ਹੁਕਮ ਕਮਾ ਰਹੇ ਹਨ। ਕੋਈ ਕੀਰਤਨ ਕਰ ਰਿਹਾ ਹੈ, ਕੋਈ ਸੇਵਾ, ਕੋਈ ਸਿਮਰਨ ਇਤਿਆਦਿ। ਐਸੀਆਂ ਮਹਾਨ ਤੇ ਪਵਿੱਤਰ ਆਤਮਾਵਾਂ ਦੇ ਚਰਨਾਂ ਵਿਚ ਮੇਰੀ ਨਮਸ਼ਕਾਰ ਹੈ। ਬਲਿਹਾਰ ਜਾਂਦੀ ਹਾਂ ਉਨ੍ਹਾਂ ਪਿਆਰਿਆਂ ਦੇ ਜੋ ਆਪਣੇ ਪਿਆਰੇ ਦੀ ਯਾਦ ਵਿਚ, ਉਹਦੇ ਪਿਆਰ ਵਿਚ ਜੀਉਂਦੇ ਹਨ। ਜਿਨ੍ਹਾਂ ਦਾ ਜੀਵਨ ਸਿਰਫ ਪਿਆਰੇ ਦੀ ਯਾਦ ਹੀ ਬਣ ਗਿਆ ਹੈ।

ਆਪ ਜੀ ਦੇ ਸਰੀਰ ਤੋਂ ਨਿਖੜਨਾ ਵੀ ਮੌਤ ਦੇ ਦੁੱਖ ਤੋਂ ਕਿਤੇ ਘੱਟ ਨਹੀਂ ਹੈ। ਇਕ ਵਾਰੀ ਮਹਾਂਪੁਰਸ਼ਾਂ ਨੇ ਦੀਵਾਨ ਵਿਚ ਬਚਨ ਕਰਿਆ ਕਿ ਸੰਸਾਰ ਤੇ ਵਿਛੋੜੇ ਤੋਂ ਵੱਡਾ ਦੁੱਖ ਕੋਈ ਨਹੀਂ ਹੈ। ਗੁਰਬਾਣੀ ਗਵਾਹੀ ਦੇ ਰਹੀ ਹੈ 'ਦੁਖ ਵਿਛੋੜਾ ਇਕ ਦੁਖ ਭੁਖ.......।' ਪਹਿਲਾ ਦੁੱਖ ਵਿਛੋੜੇ ਦਾ ਦੁੱਖ ਹੈ। ਯਾਨੀ ਸੰਸਾਰ ਤੇ ਸਭ ਤੋਂ ਵੱਡਾ ਦੁੱਖ ਵਿਛੋੜੇ ਦਾ ਹੈ। ਇਕ ਵਾਰੀ ਆਪਣੇ ਪਿਆਰੇ ਨਾਲੋਂ ਵਿਛੁੜ ਜਾਏ ਆਦਮੀ, ਫਿਰ ਜ਼ੋਰ ਲਾ ਲਓ ਜਿੰਨਾਂ ਮਰਜ਼ੀ, ਦੁਬਾਰਾ ਉਹ ਗੱਲ ਨਹੀਂ ਬਣਦੀ। ਵਿਛੁੜੇ ਦਿਲਾਂ ਨੂੰ ਚੈਨ ਨਹੀਂ ਪੈਂਦੀ ਉਥੇ ਤਾਂ ਅੱਠੋ-ਪਹਿਰ ਲੋਚਾ ਲੱਗੀ ਰਹਿੰਦੀ ਹੈ ਕਦ ਦੀਦਾਰ ਹੋਵੇ, ਕਦੋਂ ਮਿਲਿਆ ਜਾਏ। ਬਾਹਰੀ ਕਿਰਿਆ ਪਈ ਸਹਿਜ ਹੋਵੇ ਲੇਕਿਨ ਅੰਦਰੋਂ ਚਿੱਤ ਸੰਸਾਰ ਤੋਂ ਉਪਰਾਮ ਹੋ ਜਾਂਦੈ। ਅੰਦਰਲਾ ਨਹੀਂ ਖੜ੍ਹਦਾ, 'ਵਸਲੋਂ ਉਰੇ ਮੁਕਾਮ ਨਾ ਕੋਈ' ਮੁਰੀਦ ਨੂੰ ਮੇਲ ਤੋਂ ਉਰੇ ਦੀ ਗੱਲ ਚੰਗੀ ਹੀ ਨਹੀਂ ਲਗਦੀ। ਨਦੀ ਵਾਂਗੂੰ ਦਿਨ ਰਾਤ ਹੜ੍ਹਦੇ ਚਲੇ ਜਾਂਦੇ ਨੇ। ਹੰਝੂ ਰੁਕਦੇ ਹੀ ਨਹੀਂ, ਨਾ ਭੁੱਖ, ਨਾ ਨੀਂਦ, ਨਾ ਪਿਆਸ, ਸਭ ਕੁਝ ਛੁਟ ਜਾਂਦਾ ਹੈ।

ਮੈਂ ਸਤਵੀਂ 'ਚ ਹੁੰਦੀ ਪੜ੍ਹਦੀ ਸੀ, ਉਦੋਂ ਆਪ ਜੀ ਦੀ ਕੁਰਸੀ ਕੋਠੀ ਲੱਗਿਆ ਕਰਦੀ, ਭਲੇ ਸਮੇਂ ਸੀ। ਆਪ ਜੀ ਨੇ ਆਉਂਦਿਆਂ ਹੀ ਵੈਰਾਗ ਦੇ ਬਚਨ ਸ਼ੁਰੂ ਕਰ ਦਿਤੇ। ਰਾਤ ਦਾ ਸਮਾਂ ਸੀ। ਸੰਗਤ ਵੀ ਦੋ-ਚਾਰ ਜਣੇ, ਆਪ ਜੀ ਕਹਿਣ ਲੱਗੇ, "ਬੇਟਾ। ਜਦ ਮਹਾਰਾਜ ਜੀ ਨੇ ਸਰੀਰ ਛੱਡਿਆ, ਮੈਂ ਕਮਲਿਆਂ ਵਾਂਗਣ ਰੋਈ ਜਾਇਆ ਕਰਾਂ- ਸਾਰਾ ਦਿਨ। ਮੇਰਾ ਜੀਅ ਨਾ ਲੱਗੇ। ਹਾਰ ਕੇ ਮੈਂ ਟਿਬਿਆਂ 'ਚ ਚਲੇ ਜਾਣਾ, ਉਥੇ ਸਰਕੜਿਆਂ 'ਚ ਜਾ ਕੇ ਉਚੀ ਉਚੀ ਰੋਂਦਾ ਹੁੰਦਾ। ਸਾਰਾ ਸਾਰਾ ਦਿਨ ਉਥੇ ਰੋਈ ਜਾਣਾ, ਮਹਾਰਾਜ ਜੀ ਨੂੰ ਕਹੀ ਜਾਣਾ - ਤੁਸੀਂ ਕਿਥੇ ਚਲੇ ਗਏ ਮੈਨੂੰ ਛੱਡ ਕੇ। ਦੋ ਸਾਲ ਬਾਅਦ ਮੈਨੂੰ realization ਹੋਈ ਕਿ ਮਹਾਰਾਜ ਜੀ ਤਾਂ ਮੇਰੇ ਹਰ ਵਕਤ ਨਾਲ ਨੇ, ਫਿਰ ਮੈਂ ਕਿਤੇ ਜਾ ਕੇ ਥੋੜ੍ਹਾ ਸੰਭਲਿਆ।" ਦੇਖ ਲਓ, ਹੁਣ ਆਪਣੇ ਨਾਲ ਬੀਤੀ ਹੈ, ਕੀ ਹਾਲ ਹੋ ਰਹੇ ਨੇ। ਇਹ ਬਾਤਾਂ ਲਿਖਣ ਦੀਆਂ ਹੈ ਨਹੀਂ। ਕਿਤੇ ਜੀ ਨਹੀਂ ਲਗਦਾ। ਆਹ ਕੰਮ ਵੀ ਆਪ ਜੀ ਨੇ ਸੌਂਪਿਆ ਸੀ। ਕੀ ਲਿਖੀਏ, ਪਿਆਰੇ ਵਲ ਦੇਖ ਕੇ ਕਲਮਾਂ ਰੁੱਕ ਜਾਂਦੀਆਂ ਨੇ, ਕੌਣ ਲਿਖੇ ਰੱਬ ਦੀ ਮਹਿਮਾਂ ਨੂੰ, ਬੰਦੇ ਦੇ ਵਸ ਦੀ ਗੱਲ ਤਾਂ ਹੈ ਨਹੀਂ।

ਅੱਖੀਂ ਦੇਖ ਰਹੇ ਹਾਂ ਆਪਾਂ ਸਾਰੇ ਪਿਆਰੇ ਬੀਜੀ ਦਾ ਹਾਲ। ਐਨਾ ਵੈਰਾਗ ਹੈ ਆਪ ਜੀ ਦੇ ਅੰਦਰ, ਉਹਦੀ ਕੋਈ ਮਿਸਾਲ ਨਹੀਂ ਹੈ। ਜਦ ਵੀ ਚਲੇ ਜਾਉ ਆਪ ਜੀ ਦੇ ਦਰਸ਼ਨ ਕਰਨ, ਉਦੋਂ ਹੀ ਪਿਤਾ ਜੀ ਦੀ ਬਾਤ ਕਰਨ ਲਗ ਪੈਂਦੇ ਨੇ। ਮੈਂ ਸੱਚ ਕਹਿ ਰਹੀ ਹਾਂ, ਬੀਜੀ ਐਨੀਆਂ ਬਰਕਤਾਂ ਦੇ ਮਾਲਕ ਹੁੰਦੇ ਹੋਏ, ਬਿਲਕੁਲ ਗੁਪਤ ਹਨ। ਐਨੇ ਵੈਰਾਗੀ ਹੁੰਦੇ ਹੋਏ ਸਰੀਰਕ ਅਵਸਥਾ ਠੀਕ ਨਾ ਹੋਣ ਦੇ ਬਾਵਜੂਦ, ਹਰ ਇਕ ਨੂੰ ਪਿਆਰ, ਹਰ ਇਕ ਨੂੰ ਅਸੀਸ ਬਖਸ਼ਿਸ਼ ਕਰਦੇ ਹਨ। ਹਰ ਇਕ ਨੂੰ ਦਰਸ਼ਨ ਦਿੰਦੇ ਨੇ। ਬੀਜੀ ਦੀ ਕਿਰਿਆ ਨੂੰ ਸਮਝਣਾ ਵੀ ਇਨਸਾਨੀ ਬੁੱਧੀ ਦੇ ਵਸ ਦੀ ਬਾਤ ਨਹੀਂ ਹੈ। ਨਾ-ਸਮਝੀ ਕਰਕੇ ਅਸੀਂ ਭੁੱਲਾਂ ਕਰਦੇ ਹਾਂ। ਪਿਤਾ ਜੀ ਦਾ ਪਿਆਰ ਵੀ ਅੱਜ ਆਪ ਜੀ ਦੇ ਕਰ ਕਮਲਾਂ ਰਾਹੀਂ ਸਾਨੂੰ ਮਿਲ ਰਿਹਾ ਹੈ। ਦੋਹਾਂ ਦਾ ਪਿਆਰ ਸਾਨੂੰ ਕਲਜੁਗ ਦੇ ਤੱਤੇ ਝੋਲਿਆਂ ਤੋਂ ਬਚਾ ਰਿਹਾ ਹੈ। ਪਿਤਾ ਜੀ ਅਕਸਰ ਬਚਨ ਕਰਿਆ ਕਰਦੇ ਕਿ ਤੁਹਾਡੇ ਬੀਜੀ ਮੇਰੇ ਨਾਲੋਂ ਘੱਟ ਨਹੀਂ ਹਨ ਜੋ ਕਿ ਅਟਲ ਸਚਾਈ ਹੈ। ਪਿਤਾ ਜੀ ਕਹਿੰਦੇ ਹੁੰਦੇ ਕਿ ਮੈਂ ਸਮਾਧੀ ਲਾ ਕੇ ਐਨੇ ਪਾਠ ਕਰਨੇ ਤੇ ਤੁਹਾਡੇ ਬੀਜੀ ਨੇ ਅੰਮ੍ਰਿਤ ਵੇਲੇ ਮੱਝਾਂ ਚੋਂਦਿਆਂ ਓਨੇ ਕਰ ਲੈਣੇ। ਇਸ ਅਗੰਮੀ ਜੋੜੀ ਦੇ ਨਿਆਰੇ ਹੀ ਰੰਗ ਰਹੇ ਹਨ। ਸੱਚਮੁਚ ਇਹ ਧੁਰ ਦਰਗਾਹ ਤੋਂ ਵਾਹਿਗੁਰੂ ਜੀ ਨੇ ਮੇਰੇ ਵਰਗੇ ਪਾਪੀਆਂ ਦੇ ਉਧਾਰ ਲਈ ਭੇਜੀ ਹੈ।

ਜਿਸ ਨੇ ਇਹ ਜੀਉ ਦਿਤਾ ਹੈ, ਜਿਸ ਨੇ ਜ਼ਿੰਦਗੀ ਨੂੰ ਜੀਉਣ ਦੀ ਜੁਗਤ ਦੱਸੀ ਹੈ, ਉਸ ਦਾ ਸ਼ੁਕਰ ਕਿਵੇਂ ਕਰਾਂ। ਜਿਸ ਨੇ ਕਲਜੁਗ ਦੇ ਤੱਤੇ ਝੋਲਿਆਂ ਤੋਂ ਸਾਨੂੰ ਆਪਣੀ ਬੁੱਕਲ ਵਿਚ ਰੱਖ ਕੇ ਬਚਾਇਆ ਹੈ, ਬਚਾ ਰਿਹਾ ਹੈ ਤੇ ਬਚਾਏਗਾ, ਉਸ ਦਾ ਸ਼ੁਕਰ ਕਿਵੇਂ ਕੀਤਾ ਜਾਏ। ਜਿਸ ਨੇ ਆਪਣੀ ਸ਼ਰਨ ਦਿਤੀ ਹੈ, ਆਪਣੇ ਦਰ ਤੇ ਸਾਡੇ ਵਰਗਿਆਂ ਨੂੰ ਜਗ੍ਹਾ ਦਿਤੀ ਹੈ ਉਸ ਦਾ ਸ਼ੁਕਰਾਨਾ ਕਰਨਾ ਇਸ ਬੁੱਤ ਦੇ ਵਸ ਦੀ ਗੱਲ ਨਹੀਂ। ਇਕ ਨਿੱਕੀ ਬੱਚੀ ਹੋਣ ਤੇ ਨਾਤੇ ਮੈਂ ਆਪਣੇ ਪਰਮ ਪਿਆਰੇ, ਪਰਮ ਪੂਜਨੀਯ ਪਿਤਾ ਜੀ (ਮਹਾਂਪੁਰਸ਼ਾਂ) ਤੇ ਬੀਜੀ ਦੇ ਚਰਨਾਂ ਵਿਚ ਨਮਸਕਾਰ ਕਰਦੀ ਹਾਂ ਅਤੇ ਮੇਰੀ ਇਹੀ ਅਰਦਾਸ ਹੈ ਕਿ ਹੇ ਅਕਾਲ ਪੁਰਖ! ਬੀਜੀ ਨੂੰ ਦੇਹ ਅਰੋਗਤਾ ਬਖਸ਼ੋ, ਲੰਬੀ ਆਯੂ ਬਖਸ਼ੋ ਤਾਂ ਜੋ ਹੁਣ ਪਿਆਰੇ ਬੀਜੀ ਤੋਂ ਆਪਣੇ ਮਹਾਂਪੁਰਸ਼ਾਂ ਦਾ ਪਿਆਰ ਵੀ ਮਿਲਦਾ ਰਹੇ। ਰਹਿੰਦੇ ਸੁਆਸ ਉਨ੍ਹਾਂ ਦੇ ਚਰਨਾਂ ਵਿਚ ਹੀ ਬਤੀਤ ਹੋਣ। ਉਨ੍ਹਾਂ ਦੀ ਟਹਿਲ ਕਮਾਉਂਦਿਆਂ ਦੁਨੀਆਂ ਤੋਂ ਕੂਚ ਕਰ ਜਾਈਏ।

ਪਿਆਰੇ ਦਾ ਵਿਛੋੜਾ ਸੰਸਾਰ ਦਾ ਸਭ ਤੋਂ ਵੱਡਾ ਦੁੱਖ ਹੈ। ਸ਼ਾਲਾ! ਇਹ ਦੁੱਖ ਨਾ ਕਿਸੇ ਦੇ ਪੇਸ਼ ਪਏ। ਸਭਨਾਂ ਦਾ ਪਿਆਰਾ ਉਨ੍ਹਾਂ ਨੂੰ ਹਮੇਸ਼ਾ ਹੀ ਦਿਸਦਾ ਰਹੇ ਕਿਉਂਕਿ There is no grief in this world than losing one's master. ਆਪਣੇ ਮਾਲਕ ਤੋਂ ਅਲੱਗ ਹੋਣ ਨਾਲੋਂ ਵੱਡਾ ਦੁੱਖ ਪੂਰੇ ਸੰਸਾਰ ਵਿਚ ਕੋਈ ਨਹੀਂ ਹੈ। ਬਾਕੀ ਮਾਲਕ ਆਪੇ ਹੀ ਜਾਣਦੇ ਹਨ।

ਪਿਆਰੇ ਤੋਂ ਕੀ ਛਿਪਿਆ ਹੈ? ਸਭ ਜਾਣਦਾ ਹੈ। ਸਾਧਸੰਗਤ ਨਾਲ ਸਾਂਝ ਉਨ੍ਹਾਂ ਪਾਈ ਹੈ ਸਾਡੀ। ਹੁਣ ਜਦ ਸਭ ਦਾ ਦੁੱਖ ਸਾਂਝਾ, ਪੀੜ ਸਾਂਝੀ ਹੈ ਤਾਂ ਇਹ ਵੀ ਉਹ ਜਾਣਦੇ ਹਨ। ਇਹ ਤਾਂ ਇਕ ਐਸਾ ਜ਼ਖਮ ਹੈ ਜੋ ਸਮੇਂ ਦੇ ਗੁਜ਼ਰਨ ਨਾਲ ਹੋਰ ਗਹਿਰਾ ਹੁੰਦਾ ਚਲਿਆ ਜਾਣੈ। ਇਸਦਾ ਕੋਈ ਇਲਾਜ ਨਹੀਂ ਹੈ। ਇਨ੍ਹਾਂ ਫੱਟਾਂ ਦੀ ਮਲ੍ਹਮ ਤਾਂ ਪਿਆਰਾ ਹੀ ਹੈ। ਇਹ ਤਾਂ ਹੁਣ ਅੰਤ ਤਕ ਨਾਲ ਹੀ ਜਾਏਗਾ। ਵਾਹਿਗੁਰੂ ਕਰੇ, ਮੁਰਸ਼ਦ-ਏ-ਕਾਮਲ ਕ੍ਰਿਪਾ ਕਰਨ, ਆਪਣੀ ਰਹਿਮਤ ਦੀ ਨਜ਼ਰ ਸਾਡੇ ਤੇ ਰੱਖਣ ਜਿਸ ਯਾਦ 'ਚੋਂ ਇਹ ਜੀਵਨ ਮਿਲਿਆ ਹੈ, ਜਿਸ ਵਿਚ ਜੀਵਨ ਗੁਜ਼ਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਸੇ ਯਾਦ ਵਿਚ ਹੀ ਜੀਵਨ ਮੁੱਕ ਜਾਏ। ਮੇਰੇ ਕੋਲ ਤਾਂ ਨਾ ਅੱਜ ਪਿਆਰਾ ਹੈ, ਨਾ ਉਸ ਦੀ ਯਾਦ ਹੈ। ਪਿਆਰੇ ਬਿਨਾਂ ਹੈ ਤਾਂ ਰੁਲਣਾ ਹੀ, ਬਾਕੀ ਠੀਕ ਹੈ ਉਹ ਆਪ ਹੀ ਮਿਹਰ ਕਰਨ, ਆਪਣੀ ਯਾਦ ਹਿਰਦੇ ਵਿਚ ਬਖਸ਼ਣ, ਆਪਣਾ ਪਿਆਰ ਬਖਸ਼ਣ। ਅੰਤ ਵਿਚ ਪ੍ਰਭੂ ਦੇ ਚਰਨਾਂ ਵਿਚ ਇਹੀ ਅਰਦਾਸ ਹੈ ਜੋਦੜੀ ਹੈ ਕਿ ਸਾਹਿਬਾ -

***ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ॥***
***ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ॥***

***ਪੰਨਾ - 261***

# ਦਾਸ ਅਨਿੰਨ ਮੇਰੋ ਨਿਜ ਰੂਪ

*ਸੰਤ ਵਰਿਆਮ ਸਿੰਘ ਜੀ*
*ਉਤਾਰਾ ਕਰਤਾ - ਬੀਬੀ ਦੇਵਿੰਦਰ ਕੌਰ*

ਸੰਤ ਮਹਾਰਾਜ ਦੇ ਅਮੋਲਕ ਬਚਨ ਜੋ ਉਹਨਾਂ ਨੇ ਮੁਹਾਲੀ ਵਿਖੇ 13.1.85 ਨੂੰ ਉਚਾਰਨ ਕੀਤੇ।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਧਾਰਨਾ - ਲੇਖੇ ਵਿਚ ਲਾ ਲਓ ਜੀ,*
*ਜਨਮ ਤੁਮਾਰੇ ਲੇਖੇ -2, 2.*
*ਜਨਮ ਤੁਮਾਰੇ ਲੇਖੇ, ਜਨਮ ਤੁਮਾਰੇ ਲੇਖੇ - 2.*
*ਲੇਖੇ ਵਿਚ ਲਾ ਲਓ ਜੀ,........... -2.*

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਅਰੁ ਕਿਆ ਕੀਜੈ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ*
*ਕਾਰਨ ਕਵਨ ਅਬੋਲ॥*
*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮ੍ਹਾਰੇ ਲੇਖੇ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ॥ ਪੰਨਾ - 694*

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥ ਪੰਨਾ - 156*

*ਧਾਰਨਾ - ਕੇਤੇ ਨਾਗ ਕੁਲੀ ਮਹਿ ਆਏ*
*ਕੇਤੇ ਪੰਖ ਉਡਾਏ ਨੇ -2, 2.*
*ਕੇਤੇ ਪੰਖ ਉਡਾਏ ਨੇ, ਕੇਤੇ ਪੰਖ ਉਡਾਏ ਨੇ -2, 2.*
*ਕੇਤੇ ਨਾਗ ਕੁਲੀ ਮਹਿ ਆਏ,............... -2.*

*ਧਾਰਨਾ - ਕਰ ਲੈ ਇਸ਼ਨਾਨ ਜੀ,*
*ਸੰਤਾਂ ਦੀ ਧੂੜੀ ਅੰਦਰ -2, 2.*
*ਸੰਤਾਂ ਦੀ ਧੂੜੀ ਅੰਦਰ -2, 2.*
*ਕਰ ਲੈ ਇਸ਼ਨਾਨ ਜੀ,.......... -2.*

*ਮਾਘਿ ਮਜਨ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥*
*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥*
*ਪੰਨਾ - 135*

ਸਾਧ ਸੰਗਤ ਜੀ, ਸਾਰੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਆਪ ਆਪਣਾ ਕਾਰੋਬਾਰ ਸੰਕੋਚਦੇ ਹੋਏ ਗੁਰੂ ਮਹਾਰਾਜ ਦੀ ਪ੍ਰੇਰਨਾ ਦੇ ਸਦਕੇ, ਸਤਿਸੰਗ ਵਿਚ ਪਹੁੰਚੇ ਹੋ। ਗੁਰੂ ਦਰਬਾਰ ਵਿਚ ਆਉਣ ਦਾ ਬਹੁਤ ਹੀ ਵੱਡਾ ਫਲ ਹੈ ਕਿਉਂਕਿ ਸਤਿਸੰਗ ਦੇ ਵਿਚ ਇਸ ਜੀਵ ਆਤਮਾ ਦਾ ਪ੍ਰਭੂ ਮਿਲਾਪ ਲਈ ਪਹਿਲਾ ਦਰਵਾਜ਼ਾ ਖੁਲ੍ਹਦਾ ਹੈ। ਜਿੰਨੀ ਦੇਰ ਤਕ ਸਤਿਸੰਗ ਦਾ ਦਰਵਾਜ਼ਾ ਪ੍ਰਾਪਤ ਨਹੀਂ ਹੁੰਦਾ, ਓਨੀ ਦੇਰ ਤਕ ਇਹ ਜੀਵ ਭਟਕਦਾ ਰਹਿੰਦਾ ਹੈ ਤੇ ਇਸਨੂੰ ਪ੍ਰਭੂ ਦਾ ਮਿਲਾਪ ਨਹੀਂ ਹੋ ਸਕਿਆ ਕਰਦਾ।

ਅੱਜ ਮਾਘ ਮਹੀਨੇ ਦੀ ਸੰਗਰਾਂਦ ਹੈ, ਹਿੰਦੂ ਸੰਸਕ੍ਰਿਤੀ ਦੇ ਹਿਸਾਬ ਨਾਲ ਸਾਰਿਆਂ ਦੇ ਮਨਾਂ ਵਿਚ ਬੜੀ ਭਾਵਨਾ ਹੈ। ਏਸ ਮਹੀਨੇ ਵਿਚ ਕੀਤਾ ਹੋਇਆ ਸਤਸੰਗ, ਪੁੰਨ ਦਾਨ, ਦਰਸ਼ਨ ਮੇਲੇ, ਹਰ ਪੁੰਨ ਦਾਨ ਦਾ ਫਲ ਹਜ਼ਾਰਾਂ ਗੁਣਾਂ ਵਧ ਜਾਇਆ ਕਰਦਾ ਹੈ, ਕੁਝ ਐਸਾ ਹੀ ਇਹਨਾਂ ਦਾ ਹਿਸਾਬ ਹੈ। ਸੋ ਮਹਾਰਾਜ ਵੀ ਕਹਿੰਦੇ ਹਨ ਕਿ ਜੇ ਇਸ਼ਨਾਨ ਕਰਨਾ ਹੈ ਤਾਂ ਅਸੀਂ ਇਸ਼ਨਾਨ ਦੀ ਜੁਗਤ ਦਸਦੇ ਹਾਂ, ਜਿਸਦਾ ਥੋੜ੍ਹੀ ਜਿਹੀ ਖੇਚਲ ਨਾਲ ਹੀ ਲੱਖਾਂ ਗੁਣਾਂ ਫਲ ਹੋਇਆ ਕਰਦਾ ਹੈ। ਪਹਿਲਾ ਫਲ ਤਾਂ ਇਹ ਹੁੰਦਾ ਹੈ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*
*ਪੰਨਾ - 546*

ਕਈ ਕ੍ਰੋੜ ਜਗਾਂ ਦਾ ਫਲ ਪ੍ਰਾਪਤ ਹੁੰਦਾ ਹੈ, ਜੇ ਮਾਘ ਦੇ ਮਹੀਨੇ ਦਾ ਮੰਨ ਵੀ ਲਿਆ ਜਾਵੇ ਤਾਂ ਹਜ਼ਾਰ ਗੁਣਾਂ ਹੋਰ ਵੀ ਵੱਧ ਗਿਆ, ਅਰਬਾਂ ਗੁਣਾਂ ਫਲ ਹੋ ਗਿਆ। ਸੋ ਇਸ ਵਿਚ ਆਪ ਸਾਰੇ ਸ਼ਾਮਲ ਹੋਏ ਹੋ। ਸੋ ਆਪ ਸਮਾਂ ਸਫਲਾ ਕਰ ਰਹੇ ਹੋ, ਲੇਖੇ ਵਿਚ ਲਾ ਰਹੇ ਹੋ।

ਸੋ ਜਦੋਂ ਤਕ ਧੂੜੀ ਦੇ ਇਸ਼ਨਾਨ ਦੀ ਜਾਂਚ ਨਹੀਂ ਆਉਂਦੀ, ਉਦੋਂ ਤਕ ਇਸ਼ਨਾਨ ਨਹੀਂ ਹੋਇਆ ਕਰਦਾ। ਦੋ ਕਿਸਮ ਦੀ ਧੂੜੀ ਹੈ - 'ਬ੍ਰਹਮ ਬੇਤਿਆਂ' ਦੀ, ਕਿਉਂਕਿ ਜਿਸ ਵੇਲੇ ਬ੍ਰਹਮ ਦੀ ਪ੍ਰਾਪਤੀ ਹੋ ਗਈ, ਪ੍ਰਾਪਤ ਤਾਂ ਹੈ ਨਿਤ ਬ੍ਰਹਮ, ਕਿਤੇ ਵੀ ਨਹੀਂ ਗਿਆ ਹੋਇਆ, ਪਰ ਆਪ ਹੀ ਦੂਰ ਹੋਇਆ ਹੋਇਆ ਹੈ। ਪ੍ਰਾਪਤੀ ਤਾਂ ਉਸ ਚੀਜ਼ ਦੀ ਹੋਇਆ ਕਰਦੀ ਹੈ, ਜਿਹੜੀ ਕੋਲ ਨਾ ਹੋਵੇ। ਜਿਹੜੀ ਚੀਜ਼ ਕੋਲ ਲਈ ਫਿਰਦਾ ਹੈ, ਉਸ ਦੀ ਪ੍ਰਾਪਤੀ ਤਾਂ ਹੈ, ਪਰ ਭੁਲ ਪੈ ਗਈ। ਜਦੋਂ ਭੁਲ ਦੂਰ ਹੋ ਜਾਏ ਤਾਂ ਪਤਾ ਲਗਦਾ ਹੈ ਕਿ ਇਹ ਤਾਂ ਪਹਿਲਾਂ ਵੀ ਮੇਰੇ ਕੋਲ ਸੀ। ਸੋ ਇਸ ਭੁਲ

ਨੂੰ ਦੂਰ ਕਰਨ ਵਾਸਤੇ ਸੰਤਾਂ ਦੀ ਜੋ ਬਚਨ ਰੂਪ ਧੂੜੀ ਹੈ, ਇਸ ਨਾਲ ਇਸ਼ਨਾਨ ਹੁੰਦਾ ਹੈ। ਇਸ਼ਨਾਨ ਸਰੀਰ ਦਾ ਵੀ ਹੁੰਦਾ ਹੈ, ਮਨ ਦਾ ਵੀ ਹੁੰਦਾ ਹੈ, ਬੁੱਧੀ ਦਾ ਵੀ ਇਸ਼ਨਾਨ ਹੁੰਦਾ ਹੈ। ਮਨ ਦਾ ਇਸ਼ਨਾਨ, ਹਰੀ ਦਾ ਜਸ ਸਰਵਣ ਕਰਨ ਨਾਲ ਹੁੰਦਾ ਹੈ, ਮਨ ਰਸ ਵਿਚ ਆ ਜਾਂਦਾ ਹੈ। ਬੁਧੀ ਦਾ ਇਸ਼ਨਾਨ ਗੁਰੂ ਦੇ ਗਿਆਨ ਨਾਲ ਹੁੰਦਾ ਹੈ। ਸਰੀਰ ਦਾ ਇਸ਼ਨਾਨ ਜਲ ਨਾਲ ਹੋਇਆ ਕਰਦਾ ਹੈ। ਮਹਾਰਾਜ ਦਾ ਫ਼ੁਰਮਾਨ ਹੈ ਕਿ ਸੰਤਾਂ ਦੀ ਸੰਗਤ ਕਰਕੇ, ਧੂੜੀ ਵਿਚ ਇਸ਼ਨਾਨ ਕਰ। ਧੂੜੀ ਏਸ ਵਾਸਤੇ ਪਵਿੱਤਰ ਹੁੰਦੀ ਹੈ ਕਿ ਜਿਹੜੀ ਅਨੁਭਵੀ ਆਤਮਾ ਹੁੰਦੀ ਹੈ, ਉਹਦੇ ਵਿਚ ਕੋਈ ਵਿੱਥ ਨਹੀਂ ਰਿਹਾ ਕਰਦੀ। ਉਸਦੇ ਰੋਮ ਰੋਮ ਤੇ ਕਣ ਕਣ ਵਿਚ ਪ੍ਰਗਟ ਹੋ ਜਾਂਦਾ ਹੈ।

ਪ੍ਰਗਟ ਤਾਂ ਸਾਰਿਆਂ ਦਾ ਹੈ ਪਰ ਦੋ ਤਰ੍ਹਾਂ ਦਾ ਹੁੰਦਾ ਹੈ। ਇਕ ਨੂੰ ਸਮਾਨ ਕਹਿੰਦੇ ਹਨ, ਇਕ ਨੂੰ ਵਿਸ਼ੇਸ਼ ਕਹਿੰਦੇ ਹਨ। ਸਮਾਨ ਰੂਪ ਵਿਚ ਪਰਮੇਸ਼ਰ ਸਾਰਿਆਂ ਦੇ ਅੰਦਰ ਹੈ, ਪਰੀਪੂਰਨ ਹੈ ਪਰ ਪਤਾ ਨਹੀਂ ਹੈ। ਵਿਸ਼ੇਸ਼ ਰੂਪ ਵਿਚ ਜਿਸ ਨੂੰ ਪਤਾ ਲਗ ਗਿਆ, ਉਸਦੇ ਸਾਰੇ ਸਰੀਰ ਦੇ ਰੋਮ ਰੋਮ ਵਿਚ ਕੀ, ਸਾਰੇ ਬ੍ਰਹਿਮੰਡ ਵਿਚ ਹੀ ਦੇਖਦਾ ਹੈ ਵਿਸ਼ੇਸ਼ ਰੂਪ ਵਿਚ, ਜਿਸ ਨੂੰ ਬ੍ਰਹਮ ਚੇਤਨ ਆਖਦੇ ਹਨ। ਉਸਦਾ ਅਨੁਭਵ ਖੁਲ੍ਹ ਜਾਇਆ ਕਰਦਾ ਹੈ। ਉਹ ਜਿਥੇ ਬੈਠੇ ਉਹ ਥਾਂ ਵੀ ਪਵਿੱਤਰ ਹੈ, ਜਿਥੇ ਬੋਲੇ ਉਹ ਥਾਂ ਵੀ ਪਵਿੱਤਰ ਹੈ, ਜਿਧਰ ਨੂੰ ਦੇਖੇ ਉਹ ਥਾਂ ਵੀ ਪਵਿੱਤਰ ਹੈ।

ਭਗਤ ਨਾਮਦੇਵ ਜੀ

ਗੁਰੂ ਨਾਨਕ ਪਾਤਸ਼ਾਹ ਇਕ ਠਗਾਂ ਦੇ ਪਿੰਡ ਚਲੇ ਗਏ। ਉਹਨਾਂ ਨੇ ਸਲਾਹ ਕੀਤੀ ਕਿ ਗੁਰੂ ਨਾਨਕ ਨੂੰ ਮਾਰ ਕੇ ਉਹ ਧੰਨ ਕੱਢ ਲਈਏ ਜਿਹੜਾ ਇਹਦੇ ਜਿਸਮ ਦੇ ਅੰਦਰ ਸੀਤਾ ਹੋਇਆ ਹੈ। ਬਾਹਰ ਤਾਂ ਨਜ਼ਰ ਨਹੀਂ ਆਉਂਦਾ, ਇਹਦਾ ਸਰੀਰ ਪਾੜ ਕੇ, ਚੀਰ ਕੇ ਵਿਚੋਂ ਕੱਢ ਲਵਾਂਗੇ। ਸਾਰੀ ਰਾਤ ਵਿਉਂਤਾਂ ਬਣਾਉਂਦੇ ਰਹੇ। ਗੁਰੂ ਮਰਾਰਾਜ ਸਾਰੀ ਰਾਤ ਕੀਰਤਨ ਕਰਦੇ ਰਹੇ, ਅੰਮ੍ਰਿਤ ਵੇਲੇ ਕੋਈ ਨਾ ਆਇਆ। ਮਹਾਰਾਜ ਉਠ ਕੇ ਚਲੇ ਗਏ। ਜਦੋਂ ਪੰਜ ਸਤ ਮੀਲ ਤੇ ਗਏ ਤਾਂ ਪਿਛੋਂ ਬੰਦੇ ਦੌੜੇ ਆਉਂਦੇ ਹਨ। ਕਹਿੰਦੇ, ਰੁਕ ਜਾਉ, ਰੁਕ ਜਾਉ, ਕਿਥੇ ਜਾ ਰਹੇ ਹੋ? ਅਸੀਂ ਤੁਹਾਨੂੰ ਜਾਣ ਨਹੀਂ ਦੇਣਾ। ਹੱਥਾਂ ਵਿਚ ਤਲਵਾਰਾਂ, ਗੰਡਾਸੀਆਂ ਲਈਆਂ ਹੋਈਆਂ ਹਨ। ਮਰਦਾਨਾ ਕਹਿਣ ਲੱਗਾ, "ਮਹਾਰਾਜ! ਇਹ ਤਾਂ ਬੜੀ ਬਲਾ ਆ ਰਹੀ ਹੈ।" ਗੁਰੂ ਮਹਾਰਾਜ ਨੇ ਕਿਹਾ, ਮਰਦਾਨਿਆਂ! ਫਿਕਰ ਨਾ ਕਰ, ਨਿਰੰਕਾਰ ਆਪਣੇ ਨਾਲ ਹੈ। ਕੋਈ ਐਸੀ ਗਲ ਤਾਂ ਹੈ ਨਹੀਂ ਕਿ ਨਿਰੰਕਾਰ ਨੇ ਕਿਧਰੋਂ ਬਾਹਰੋਂ ਆਉਣਾ ਹੈ, ਉਹ ਤਾਂ ਨਾਲ ਹੀ ਰਹਿੰਦਾ ਹੈ, ਅਸੀਂ ਹੀ ਉਹਦੇ ਨਾਲ ਨਹੀਂ ਰਹਿੰਦੇ, ਉਹ ਤਾਂ ਸਦਾ ਹੀ ਸਾਡੇ ਨਾਲ ਹੈ।

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥***
***ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥***
***ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥***
***ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥***
***ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥ ਪੰਨਾ - 677***

ਪ੍ਰਭੂ ਤਾਂ ਐਸਾ ਹੈ ਜੋ ਹਰ ਸਵਾਸ ਦੇ ਵਿਚ ਸੰਭਾਲ ਕਰੀ ਜਾਂਦਾ ਹੈ। ਕਦੀ ਮੁੜਕੇ, ਪਰਤ ਕੇ ਦੇਖਿਐ ਕਿ ਮੇਰਾ ਪ੍ਰਭੂ ਮੈਨੂੰ ਸੰਭਾਲ ਰਿਹਾ ਹੈ? ਜਦੋਂ ਸਾਹ ਬਾਹਰ ਗਿਆ ਫਿਰ ਮੁੜੇ ਹੀ ਨਾ, ਫੇਰ ਕੀ ਕਰੇਗਾ? ਕਹਿੰਦੇ ਜੀ, ਦਿਲ ਫੇਲ੍ਹ ਹੋ ਗਿਆ, ਸਾਹ ਹੀ ਨਹੀਂ ਆਇਆ, ਸਾਹ ਬਾਹਰ ਨੂੰ ਗਿਆ, ਮੁੜਿਆ ਹੀ ਨਹੀਂ। ਜਦੋਂ ਪਰਮੇਸ਼ਰ ਸੰਭਾਲਦਾ ਹੈ, ਉਸ ਧੌਂਕਨੀ ਜੇਹੀ ਨੂੰ ਸਹੀ ਕਰਕੇ ਰਖਦਾ ਹੈ, ਦਿਲ ਦੀ ਹਰਕਤ ਨੂੰ ਵੀ ਸਹੀ ਕਰਕੇ ਰਖਦਾ ਹੈ, ਇੰਜਨ ਚਲਦਾ ਹੀ ਰਹਿੰਦਾ ਹੈ ਕਿਉਂਕਿ ਕੋਈ ਸੰਭਾਲ ਰਿਹਾ ਹੈ। ਜੇ ਨਾ ਕੋਈ ਸੰਭਾਲੇ, ਤੁਸੀਂ ਇੰਜਨ ਚਲਾ ਦਿਓ, ਜੇ ਦੇਰ ਹੋ ਜਾਵੇ ਤਾਂ ਫਟ ਜਾਏਗਾ, ਤੇਲ ਮੁਕ ਜਾਏਗਾ। ਬਾਹਰਲੀਆਂ ਮੋਟਰਾਂ ਤੇ ਇੰਜਨਾਂ ਨੂੰ ਵੀ ਸੰਭਾਲਣਾ ਪੈਂਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਪ੍ਰਭੂ ਇਸਨੂੰ ਸਭ ਪਾਸੇ ਤੋਂ ਸੰਭਾਲ ਰਿਹਾ ਹੈ। ਗੁਰੂ ਮਹਾਰਾਜ ਕਹਿੰਦੇ, "ਮਰਦਾਨਿਆਂ! ਫਿਕਰ ਕਾਹਦਾ ਕਰਦਾ ਹੈਂ, ਨਿਰੰਕਾਰ ਤਾਂ ਆਪਣੇ ਨਾਲ ਹੈ, ਜਿਥੇ ਵੀ ਜਾਂਦੇ ਹਾਂ ਉਧਰ ਹੀ ਹਜ਼ੂਰ ਹੈ, ਜਿਧਰ ਦੇਖਦੇ ਹਾਂ ਉਧਰ ਹੀ ਹਜ਼ੂਰ ਹੈ।"

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥***
***ਪੰਨਾ - 677***

ਉਹ ਤਾਂ ਦੂਰ ਜਾਂਦਾ ਹੀ ਨਹੀਂ। ਸੋ ਮਰਦਾਨਿਆਂ! ਧਿਆਨ ਧਰ ਉਸ ਨਿਰੰਕਾਰ ਦਾ ਜੋ ਪਰੀਪੂਰਨ ਹਸਤੀ ਹੈ।

ਚੁਪ ਕਰਕੇ ਖਲੋ ਗਏ। ਠਗ ਕਹਿਣ ਲੱਗੇ ਕਿ ਤੁਸੀਂ ਸਾਨੂੰ ਧੋਖਾ ਦੇ ਕੇ ਚਲੇ ਆਏ। ਮਹਾਰਾਜ ਕਹਿਣ ਲੱਗੇ, ਜੇਕਰ ਅਸੀਂ ਨੱਠ ਕੇ ਆਉਂਦੇ ਤਾਂ ਹੁਣ ਕਿਉਂ ਖਲੋ ਜਾਂਦੇ। ਮਹਾਰਾਜ ਨੇ ਪੁਛਿਆ, ਤੁਸੀਂ ਕੀ ਕਰਨਾ ਚਾਹੁੰਦੇ ਹੋ? ਕਰਨਾ ਕੀ ਹੈ, ਅਸੀਂ ਤਾਂ ਇਲਾਕੇ ਦੇ ਡਾਕੂ ਹਾਂ, ਪਹਿਲਾਂ ਅਸੀਂ ਬੰਦੇ ਨੂੰ ਮਾਰਦੇ ਹੁੰਦੇ ਹਾਂ, ਫਿਰ ਉਹਦੇ ਕੱਪੜੇ ਤੇ ਸਮਾਨ ਫੋਲਦੇ ਹੁੰਦੇ ਹਾਂ ਕਿ ਇਹਦੇ ਕੋਲ ਕੀ ਹੈ? ਮਹਾਰਾਜ ਕਹਿਣ ਲੱਗੇ ਕਿ ਅਸੀਂ ਮਰਨ ਤੋਂ ਤਾਂ ਨਹੀਂ ਡਰਦੇ, ਉਹ ਤਾਂ ਤੁਸੀਂ ਸਮਝ ਹੀ ਨਹੀਂ ਸਕਦੇ ਕਿ ਅਸੀਂ ਤਾਂ ਕਦੀ ਮਰਦੇ ਹੀ ਨਹੀਂ ਹੁੰਦੇ, ਪਰ ਤੁਹਾਡੀ ਸਮਝ ਨਾਲ ਤਾਂ ਸਰੀਰ ਨੂੰ ਮਾਰ ਕੇ ਮਰਿਆ ਸਮਝ ਲੈਂਦੇ ਹੋ। ਅਸੀਂ ਮਰਨ ਤੋਂ ਨਹੀਂ ਡਰਦੇ, ਪਰ ਇਹ ਗਲ ਹੈ ਕਿ ਐਵੇਂ ਸਰੀਰ ਰੁਲੇਗਾ, ਕਾਂ ਖਾਣਗੇ, ਗਿਦੜ ਖਾਣਗੇ, ਨਾਲ ਗਿਲਝਾਂ ਖਾਣਗੀਆਂ, ਫੇਰ ਨਾਲੇ ਸਬੂਤ ਬਣਿਆ ਰਹੇਗਾ। ਤੁਹਾਡਾ ਵੀ ਭਲਾ ਸਾਡਾ ਵੀ ਭਲਾ, ਆਹ ਦੇਖੋ ਕਿੰਨੀਆਂ ਲੱਕੜਾਂ ਪਈਆਂ ਹਨ, ਜੰਗਲ ਕਟਿਆ ਪਿਆ ਹੈ, ਢੇਰ ਲਗਿਆ ਪਿਆ ਹੈ। ਸਾਨੂੰ ਤਿੰਨਾਂ ਨੂੰ ਮਾਰ ਕੇ ਇਹਨਾਂ ਲੱਕੜਾਂ ਤੇ ਰਖ ਜਾਉ। ਕਹਿੰਦੇ, ਅੱਗ ਕਿਥੋਂ ਲਿਆਵਾਂਗੇ? ਗੁਰ ਮਹਾਰਾਜ ਨੇ ਕਿਹਾ, ਔਹ ਦੇਖੋ ਸਾਹਮਣੇ ਸਿਵਾ ਜਲ ਰਿਹਾ ਹੈ, ਉਸ ਸਿਵੇ ਦੇ ਵਿਚੋਂ ਅੱਗ ਲੈ ਆਵੋ। ਇਕ ਕਹਿਣ ਲੱਗਾ, ਮਾਰਕੇ ਪਰ੍ਹਾਂ ਸੁੱਟੋ। ਦੂਜੇ ਨੇ ਕਿਹਾ, ਠਹਿਰੋ, ਕੀ ਪਤਾ ਇਹ ਕੌਣ ਹਨ, ਜੇ ਸਾਰਾ ਪਿੰਡ ਬੰਨ੍ਹਿਆ ਜਾਵੇ? ਕੀ ਪਤਾ ਇਹ ਸਰਕਾਰ ਦੇ ਬੰਦੇ ਹੋਣ? ਇਹ ਵੀ ਕਿਸੇ ਦਲੀਲ ਨਾਲ ਗਲ ਕਰ ਰਹੇ ਹਨ। ਮਤੇ ਕਿਧਰੇ ਕੋਈ ਸੂਹੀਏ ਨਾ ਹੋਣ। ਸਰਕਾਰ ਨੇ ਕੋਈ ਐਸੇ ਬੰਦੇ ਛਡੇ ਹੋਣ ਤੇ ਆਪਾਂ ਇਹਨਾਂ ਨੂੰ ਮਾਰ ਦਈਏ। ਸੋਚਣ ਦੀ ਗੱਲ ਇਹ ਹੈ ਕਿ ਜਿਵੇਂ ਇਹ ਕਹਿੰਦੇ ਹਨ ਆਪਾਂ ਉਸੇ ਤਰ੍ਹਾਂ ਕਰ ਲਈਏ। ਸਬੂਤ ਵੀ ਮਿਟ ਜਾਏਗਾ, ਉਹ ਸਿਵਾ ਨਾਲ ਹੀ ਤਾਂ ਹੈ, ਨਠ ਕੇ ਜਾ ਕੇ ਦੋ ਜਣੇ ਅਧ ਜਲੀ ਜਿਹੀ ਲਕੜੀ ਲੈ ਆਵੋ, ਦੋ ਜਣੇ ਅਸੀਂ ਇਥੇ ਖੜ੍ਹੇ ਹੁੰਦੇ ਹਾਂ। ਆਪਾਂ ਇਹਨਾਂ ਨੂੰ ਮਾਰਕੇ ਇਹਨਾਂ ਲਕੜਾਂ ਤੇ ਸੁਟ ਦੇਵਾਂਗੇ। ਏਨੇ ਨੂੰ ਦੋ ਨਠ ਕੇ ਗਏ, ਅੱਗੇ ਕੀ ਦੇਖਦੇ ਹਨ ਕਿ ਬੰਦੇ ਨਜ਼ਰ ਆਉਂਦੇ ਹਨ, ਬਹੁਤ ਵਿਕਰਾਲ ਸਰੂਪ ਵਾਲੇ ਇਕ ਗਰੀਬ ਜਿਹੇ ਨੂੰ ਕੁੱਟੀ ਜਾਂਦੇ ਹਨ ਉਹ ਵਿਚਾਰਾ ਦੁਹਾਈ ਪਾ ਰਿਹਾ ਹੈ। ਥੋੜ੍ਹੀ ਦੇਰ ਬਾਅਦ ਕਹਿਣ ਲੱਗੇ, "ਆਪਾਂ ਕੀ ਲੈਣਾ ਹੈ, ਆਪਾਂ ਨੂੰ ਤਾਂ ਅੱਗ ਚਾਹੀਦੀ ਹੈ, ਹੁਣ ਤਕ ਉਹਨਾਂ ਨੂੰ ਮਾਰ ਦਿੱਤਾ ਹੋਣਾ ਹੈ।"

ਇਹਨਾਂ ਦੋਨਾਂ ਨੇ ਅੱਗ ਨੂੰ ਫੋਲ ਕੇ ਵਿਚੋਂ ਇਕ ਵੱਡੀ ਸਾਰੀ ਲੱਕੜ ਕੱਢ ਲਈ। ਜਦੋਂ ਟੁਰਨ ਲੱਗੇ ਤਾਂ ਕੀ ਦੇਖਦੇ ਹਨ ਕਿ ਉਥੇ ਝਗੜਾ ਹੋ ਰਿਹਾ ਹੈ। ਇਕ ਕਹਿੰਦੇ ਇਹ ਸਾਡਾ ਹੈ, ਦੂਜੇ ਕਹਿੰਦੇ ਇਹ ਸਾਡਾ ਹੈ ਉਹ ਜਿਸ ਨੂੰ ਕੁਟ ਪੈ ਰਹੀ ਸੀ। ਜਿਹੜੇ ਦੂਜੇ ਆਏ ਸੀ ਉਹਨਾਂ ਕੋਲ ਕੋਈ ਸਵਾਰੀ ਹੈ ਪਾਲਕੀ ਵਰਗੀ ਅਤੇ ਉਹਨਾਂ ਦੇ ਵਸਤ੍ਰ ਵੀ ਬਹੁਤ ਹੀ ਸੁੰਦਰ ਹਨ। ਇਹ ਬੰਦੇ ਕਹਿਣ ਲੱਗੇ ਕਿ ਇਹ ਆਪਣੇ ਵਰਗੇ ਲੋਕ ਤਾਂ ਲਗਦੇ ਨਹੀਂ। ਇਕ ਦੂਜੇ ਨੂੰ ਕਹਿਣ ਲੱਗੇ ਕਿ ਮੈਨੂੰ ਵੀ ਇਸ ਤਰ੍ਹਾਂ ਹੀ ਲਗਦਾ ਹੈ। ਇਸ ਨੇ ਬੁਰੇ ਕੰਮ ਕੀਤੇ ਹਨ, ਜਿਸਦਾ ਨਤੀਜਾ ਕੀ ਹੈ? ਜੋ ਪਾਪ ਕਰਦਾ ਹੈ ਉਸ ਨੂੰ ਦਰਗਾਹ ਦੇ ਵਿਚ ਜਾ ਕੇ ਨਰਕ ਮਿਲਦੇ ਹਨ ਅਤੇ ਜਮਦੂਤ ਮਾਰ ਮਾਰ ਕੇ ਲੈ ਜਾਂਦੇ ਹਨ ਅਤੇ ਉਹ ਕਹਿ ਰਹੇ ਹਨ ਅਸੀਂ ਇਸ ਨੂੰ ਲੈਣ ਵਾਸਤੇ ਆਏ ਹਾਂ ਕਿਉਂਕਿ ਸੰਸਾਰ ਤੇ ਆ ਕੇ ਇਹ ਸਮਝਿਆ ਨਹੀਂ ਕਿ ਕਿਸ ਵਾਸਤੇ ਮਾਨਸ ਦੇਹੀ ਮਿਲੀ ਹੈ। ਦੂਜਿਆਂ ਨੂੰ ਪੁਛਿਆ, ਤੁਸੀਂ ਕੌਣ ਹੋ? ਉਹ ਕਹਿਣ ਲੱਗੇ ਕਿ ਅਸੀਂ ਦਰਗਾਹ ਤੋਂ ਆਏ ਹਾਂ, ਅਕਾਲ ਪੁਰਖ ਨੇ ਸਾਨੂੰ ਭੇਜਿਆ ਹੈ ਕਿ ਏਸ ਬੰਦੇ ਨੂੰ ਲੈ ਆਉ। ਇਸਦੇ ਸਾਰੇ ਪਾਪ ਖਤਮ ਹੋ ਗਏ। ਪੁਛਿਆ, ਪਾਪ ਕਿਵੇਂ ਖਤਮ ਹੋ ਗਏ? ਜਵਾਬ ਮਿਲਿਆ ਕਿ ਉਹ ਸਾਹਮਣੇ ਜਗ ਨੂੰ ਤਾਰਨ ਵਾਲਾ ਗੁਰੂ ਨਾਨਕ ਸਾਹਿਬ ਖੜ੍ਹਾ ਹੈ, ਜਿਸ ਨੂੰ ਤੁਸੀਂ ਮਾਰਨ ਦੀਆਂ ਤਿਆਰੀਆਂ ਕਰ ਰਹੇ ਹੋ, ਜਿਸ ਵਾਸਤੇ ਅੱਗ ਲੈਣ ਆਏ ਹੋ। ਕਹਿਣ ਲੱਗੇ, "ਹੈਂ! ਉਹ ਗੁਰੂ ਨਾਨਕ ਸਾਹਿਬ ਹੈ? ਉਸਦੀ ਦ੍ਰਿਸ਼ਟੀ ਵਿਚ ਐਨਾ ਬਲ ਹੈ ਕਿ ਦੇਖਦਿਆਂ ਸਾਰ ਸਾਰੇ ਪਾਪ ਬਖਸ਼ੇ ਗਏ?" ਦੋਨੋਂ ਵਾਪਸ ਦੌੜੇ ਕਿ ਜਲਦੀ ਜਾ ਕੇ ਚਰਨ ਫੜ ਲਈਏ। ਦੂਰੋਂ ਹੀ ਆਵਾਜ਼ਾਂ ਦੇਣ ਲਗ ਪਏ, ਠਹਿਰ ਜਾਉ, ਕਿਧਰੇ ਮਾਰ ਨਾ ਦਿਓ, ਪਹਿਲਾਂ ਸਾਡੀ ਗਲ ਸੁਣ ਲਓ। ਭਾਵੇਂ ਉਹ ਪਾਪੀ ਸੀ ਜਿਸ ਨੂੰ ਮਾਰ ਪੈ ਰਹੀ ਸੀ ਪਰ ਗੁਰੂ ਨਾਨਕ ਦੀ ਦ੍ਰਿਸ਼ਟੀ ਪੈਂਦਿਆਂ ਹੀ ਉਹਦੇ ਪਾਪ ਬਖਸ਼ੇ ਗਏ ਅਤੇ ਉਸ ਨੂੰ ਲੈਣ ਵਾਸਤੇ ਦਰਗਾਹ ਤੋਂ ਪਾਲਕੀ ਆਈ।

ਸੋ ਇਹਨਾਂ ਮਾਰਨ ਵਾਲਿਆਂ ਦੇ ਦਿਲਾਂ ਵਿਚ ਗਿਆਨ ਪੈਦਾ ਹੋ ਗਿਆ ਕਿ ਪਾਪ ਕਰਨ ਵਾਲੇ ਦਾ ਇਹ ਹਾਲ ਹੁੰਦਾ ਹੈ ਅਤੇ ਅਸੀਂ ਵੀ ਇਤਨਾ ਘੋਰ ਪਾਪ ਕਰਨ ਜਾ ਰਹੇ ਹਾਂ ਕਿ ਗੁਰੂ ਨਾਨਕ ਪਾਤਸ਼ਾਹ ਨੂੰ ਹੀ ਮਾਰਨ ਲੱਗੇ ਸੀ। ਚਾਰਾਂ ਨੇ ਗੁਰੂ ਜੀ ਦੇ ਚਰਨ ਫੜ ਲਏ ਤੇ ਕਿਹਾ, ਹੁਣ ਸਾਨੂੰ ਬਖਸ਼ੋ। ਨਾਲ ਦੇ ਕਹਿਣ ਲੱਗੇ ਕਿ ਤੁਹਾਨੂੰ ਕੀ ਹੋ ਗਿਆ? ਕਹਿਣ ਲੱਗੇ ਕਿ ਤੁਸੀਂ ਇਹਨਾਂ ਦੇ ਚਰਨ ਫੜ ਲਓ, ਹੁਣ ਦੇਰ ਨਾ ਲਾਓ। ਕਹਿਣ ਲੱਗੇ, ਸਾਨੂੰ ਸਮਝਾਓ ਤਾਂ ਸਹੀ ਕਿ ਕਿਉਂ ਚਰਨ ਫੜ ਲਈਏ? ਜਿਹੜੇ ਅੱਗ ਲੈਣ ਗਏ ਸੀ ਉਹਨਾਂ ਨੇ ਸਾਰੀ ਗੱਲ ਸਮਝਾਈ। ਦੂਜੇ ਕਹਿਣ ਲੱਗੇ, ਤੁਹਾਡੀ ਅੱਖ ਬੰਨ੍ਹ ਦਿੱਤੀ ਹੋਵੇਗੀ, ਤੁਹਾਡੀ ਨਿਗਾਹ ਬੰਨ੍ਹ ਦਿੱਤੀ ਹੋਵੇਗੀ, ਜੋ ਦੇਖ ਕੇ ਆਏ ਸੀ, ਉਹਨਾਂ ਨੇ ਕਿਹਾ ਅਸੀਂ ਆਪਣੀਆਂ ਅੱਖਾਂ ਨਾਲ ਸਭ ਕੁਝ ਦੇਖ ਕੇ ਆਏ ਹਾਂ। ਨਾ ਅਸੀਂ ਸੁੱਤੇ ਸੀ, ਅਸੀਂ ਚੂੰਡੀਆਂ ਵੱਢ ਵੱਢ ਕੇ ਵੀ ਦੇਖਿਆ, ਕਿਤੇ ਅਸੀਂ ਸੌਂ ਤਾਂ ਨਹੀਂ ਗਏ? ਅਸੀਂ ਜਾਗਦਿਆਂ ਨੇ ਇਹ ਕੌਤਕ ਦੇਖਿਆ ਹੈ। ਚਰਨ ਫੜ ਲਏ ਗੁਰੂ ਮਹਾਰਾਜ ਦੇ। ਕਿੱਡੀ

ਵੱਡੀ ਦ੍ਰਿਸ਼ਟੀ ਹੈ ਸਾਧ ਸੰਗਤ ਜੀ! ਦ੍ਰਿਸ਼ਟੀ ਕਰਦੀ ਸਾਰ ਸਾਰੇ ਪਾਪ ਝਾੜ ਦਿੱਤੇ। ਜਿਥੇ ਬੈਠ ਜਾਣ, ਜਿਥੇ ਚਰਨ ਛੋਹ ਜਾਣ –

***ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ***
***ਜਨ ਕੇ ਚਰਨ ਤੀਰਥ ਕੋਟਿ ਗੰਗਾ॥ ਪੰਨਾ – 828***

ਕ੍ਰੋੜਾਂ ਗੰਗਾ ਦੇ ਤੀਰਥ ਦਾ ਫਲ ਉਸ ਥਾਂ ਤੇ ਹੁੰਦਾ ਹੈ ਜਿਥੇ ਅਨੁਭਵੀ ਮਹਾਂਪੁਰਸ਼ ਸੋਲ ਆਪ ਹੀ ਪਰਮੇਸ਼ਰ, ਬ੍ਰਹਮ ਗਿਆਨੀ ਨਿਵਾਸ ਕਰਦੇ ਹਨ –

***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥***
***ਪੰਨਾ – 273***

ਗੁਰੂ ਮਹਾਰਾਜ ਕੋਈ ਆਮ ਨਹੀਂ ਸਨ। ਪਰਮੇਸ਼ਰ ਦੇ ਕੁਝ ਰੂਪ ਦਸੇ ਹੋਏ ਹਨ।

***ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥***
***ਪੰਨਾ – 290***

ਇਕ ਤਾਂ ਨਿਰਾਕਾਰ ਪਰਮੇਸ਼ਰ ਹੈ, ਜੋ ਹਰ ਥਾਂ ਤੇ ਫੈਲਿਆ ਹੋਇਆ ਹੈ ਜਿਸ ਨੂੰ ਬ੍ਰਹਮ ਆਖਦੇ ਹਨ। ਦੂਜਾ ਸਾਕਾਰ ਹੋਇਆ ਕਰਦਾ ਹੈ ਜੋ ਗੁਰੂ ਹੋਇਆ ਕਰਦਾ ਹੈ–

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥***
***ਪੰਨਾ – 442***

ਜਿਹੜਾ ਗੁਰੂ ਤੇ ਵਾਹਿਗੁਰੂ ਵਿਚ ਫਰਕ ਸਮਝੇਗਾ, ਉਹਦਾ ਭਲਾ ਨਹੀਂ ਹੋਇਆ ਕਰਦਾ ਕਿਉਂਕਿ ਉਹਦੀ ਬਿਰਤੀ ਨਹੀਂ ਟਿਕਦੀ। ਉਹ ਗੁਰੂ ਨਾਨਕ ਨੂੰ ਹੋਰ ਸਮਝੇਗਾ ਅਤੇ ਰੱਬ ਨੂੰ ਹੋਰ ਸਮਝੀ ਜਾਊ।

ਸਾਕਾਰ ਰੂਪ ਜੋ ਸਰਗੁਨ ਸਰੂਪ ਹੈ ਉਹ ਗੁਰੂ ਹੋਇਆ ਕਰਦਾ ਹੈ। ਸੋ ਜਿੰਨਾ ਵੱਡਾ ਵਿਸ਼ਵਾਸ ਗੁਰੂ ਵਿਚ, ਓਨਾਂ ਹੀ ਵੱਡਾ ਫਲ ਮਿਲੇਗਾ। ਗੁਰੂ ਅੰਗਦ ਸਾਹਿਬ ਮਹਾਰਾਜ ਇਕ ਵਾਰੀ ਕਹਿਣ ਲੱਗੇ, ਭਾਈ ਬਾਲਾ ਜੀ। ਤੁਸੀਂ ਸਾਰੀ ਉਮਰ ਗੁਰੂ ਨਾਨਕ ਜੀ ਨਾਲ ਰਹੇ ਹੋ, ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਹੋ? ਭਾਈ ਬਾਲਾ ਜੀ ਨੇ ਕਿਹਾ, ਮਹਾਰਾਜ! ਉਹ ਬੜੇ ਉਚੇ ਸੰਤ ਸਨ। ਮਹਾਰਾਜ ਖਾਮੋਸ਼ ਹੋ ਗਏ। ਫੇਰ ਬਾਬਾ ਬੁਢਾ ਜੀ ਨੂੰ ਪੁਛਿਆ ਕਿ ਤੁਸੀਂ ਗੁਰੂ ਨਾਨਕ ਨੂੰ ਕੀ ਸਮਝਦੇ ਰਹੇ? ਉਤਰ ਦਿੱਤਾ, ਮਹਾਰਾਜ! ਉਹ ਤਾਂ ਪੂਰਨ ਬ੍ਰਹਮ ਗਿਆਨੀ ਸਨ। ਅੱਛਾ ਭਾਈ; ਫੇਰ ਮਨਸੁਖ ਜੀ ਨੂੰ ਪੁਛਿਆ, ਭਾਈ ਭਗੀਰਥ ਨੂੰ ਪੁਛਿਆ, ਕਹਿਣ ਲੱਗੇ ਕਿ ਉਹ ਤਾਂ ਸਾਨੂੰ ਪਰਮੇਸ਼ਰ ਵਰਗੇ ਹੀ ਲੱਗੇ। ਅਖੀਰ ਸਾਰਿਆਂ ਨੇ ਇਕੱਠੇ ਹੋ ਕੇ ਗੁਰੂ ਅੰਗਦ ਸਾਹਿਬ ਨੂੰ ਪੁਛਿਆ ਕਿ ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਗੁਰੂ ਅੰਗਦ ਸਾਹਿਬ ਗੰਭੀਰ ਹੋ ਗਏ, ਸੁਰਤੀ ਅੰਦਰ ਚਲੀ ਗਈ। ਕਾਫੀ ਸਮੇਂ ਬਾਅਦ ਨੇਤਰਾਂ ਵਿਚੋਂ ਕੋਇਆਂ ਵਿਚੋਂ ਦੋ ਅਥਰੂ ਹੇਠਾਂ ਨੂੰ ਤਿਲ੍ਹਕੇ ਤੇ ਆਪ ਬੜੇ ਹੀ ਵੈਰਾਗ ਦੇ ਅੰਦਰ ਬੋਲੇ, ਗੁਰੂ ਨਾਨਕ ਤਾਂ ਆਪ ਹੀ ਨਿਰੰਕਾਰ ਸਰੀਰਧਾਰੀ ਹੋ ਕੇ ਸੰਸਾਰ ਦੇ ਉਧਾਰ ਵਾਸਤੇ, ਗੁਰੂ ਰੂਪ ਵਿਚ ਪ੍ਰਗਟ ਹੋਏ ਸਨ ਕਿਉਂਕਿ ਗੁਰੂ ਪਰਮੇਸ਼ਰ ਹੋਇਆ ਕਰਦਾ ਹੈ। ਪਰਮੇਸ਼ਰ ਦੀ ਇਕ ਅਵਸਥਾ ਗੁਰੂ ਹੋਇਆ ਕਰਦੀ ਹੈ। ਜਦੋਂ ਸੰਸਾਰ ਵਿਚ ਅੰਧ ਗਹੇਰਾ ਵਧ ਜਾਵੇ, ਅੰਧੇਰ ਵਧ ਜਾਵੇ, ਉਸ ਵੇਲੇ ਨਿਰੰਕਾਰ ਕਿਸੇ ਕਾਰਕ ਨੂੰ ਨਹੀਂ ਭੇਜਿਆ ਕਰਦਾ। ਕਾਰਕ ਉਹ ਹੁੰਦੇ ਹਨ ਜਿਵੇਂ ਥੋੜ੍ਹਾ ਜਿਹਾ ਕੰਮ ਦਿੱਤਾ ਹੋਵੇ। ਜਿਵੇਂ ਰਾਵਣ ਮਾਰਨਾ ਸੀ, ਸ੍ਰੀ ਰਾਮ ਚੰਦਰ ਜੀ ਮਹਾਰਾਜ ਆਏ। ਕੰਸ ਦੇ ਪਾਪਾਂ ਨੂੰ ਖਤਮ ਕਰਨ ਵਾਸਤੇ ਕ੍ਰਿਸ਼ਨ ਮਹਾਰਾਜ ਆਏ। ਸੋ ਕਾਰਕ, ਵਿਸ਼ਨੂੰ ਜੀ ਦੇ ਅਵਤਾਰ ਹੋਇਆ ਕਰਦੇ ਹਨ।

ਜਦੋਂ ਬਹੁਤ ਹੀ ਹਨ੍ਹੇਰਾ ਪੈ ਜਾਵੇ ਉਦੋਂ ਨਿਰੰਕਾਰ ਆਪ ਸਰੀਰਧਾਰੀ ਹੋ ਕੇ ਪ੍ਰਗਟ ਹੁੰਦਾ ਹੈ। ਕਹਿਣ ਲੱਗੇ, ਕਿ ਗੁਰਮੁਖੋ! ਗੁਰੂ ਨਾਨਕ ਤਾਂ ਆਪ ਹੀ ਪਰਮੇਸ਼ਰ ਰੂਪ ਸਨ, ਕੋਈ ਦੂਜਾ ਨਹੀਂ ਸੀ। ਉਹ ਆਪ ਹੀ ਸੰਸਾਰ ਤੇ ਆਏ ਹੋਏ ਸਨ। ਸਾਰਿਆਂ ਨੇ ਨਮਸ਼ਕਾਰ ਕਰ ਦਿੱਤੀ, ਕਹਿਣ ਲੱਗੇ, "ਪਾਤਿਸ਼ਾਹ! ਧੰਨ ਹੈ ਤੁਹਾਡਾ ਵਿਸ਼ਵਾਸ, ਤੁਸੀਂ ਆਪ ਹੀ ਪਰਮੇਸ਼ਰ ਬਣ ਗਏ। ਜੈਸਾ ਜੈਸਾ ਕਿਸੇ ਦਾ ਭਰੋਸਾ ਹੋਵੇ, ਵੈਸੀ ਹੀ ਪ੍ਰਾਪਤੀ ਹੋਇਆ ਕਰਦੀ ਹੈ। ਸੋ ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੂੰ ਮੰਨਣਾ ਤੇ ਉਹਨਾਂ ਦੀ ਧੂੜੀ ਵਿਚ ਇਸ਼ਨਾਨ ਕਰਨਾ। ਧੂੜੀ ਕਿਧਰੇ ਦੂਰ ਨਹੀਂ ਗਈ, ਜਿਹੜੇ ਗੁਰੂ ਗ੍ਰੰਥ ਸਾਹਿਬ ਦੇ ਬਚਨ ਹਨ ਏਹੀ ਸਾਡਾ ਗੁਰੂ ਹੈ, ਕੋਈ ਹੋਰ ਨਹੀਂ ਹੈ। ਸਾਡਾ ਜਿੰਦਗੀ ਦਾ ਤਰੀਕਾ ਵੀ ਇਹਦੇ ਵਿਚ ਹੀ ਹੈ। ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਛੱਡ ਦਿਆਂਗੇ, ਫੇਰ ਸਾਡੇ ਖੂਬ ਜੁੱਤੀਆਂ ਪੈਂਦੀਆਂ ਹਨ ਕਿਉਂਕਿ ਗੁਰੂ ਸਾਡਾ ਭਲਾ ਚਾਹੁੰਦਾ ਹੈ। ਗੁਰੂ ਇਹ ਨਹੀਂ ਚਾਹੁੰਦਾ ਕਿ ਮੇਰਾ ਸਿਖ ਘਟੀਆ ਹੋਵੇ। ਜਿਸਨੂੰ ਆਪਣਾ ਬਣਾ ਲਿਆ, ਗੁਰੂ ਉਸਦਾ ਭਲਾ ਕਰਦਾ ਹੈ– ਭਾਵੇਂ ਸੁਖ ਦੇ ਕੇ ਕਰੇ, ਭਾਵੇਂ ਦੁਖ ਦੇ ਕੇ ਕਰੇ। ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਤੇਰੇ ਦੁਖਾਂ ਦੀ ਬਣੇਗੀ ਦਾਰੂ,***
***ਸੁਖ ਤੇਰੇ ਰੋਗ ਹੋਣਗੇ –2, 2.***
***ਪਿਆਰੇ ਜੀ, ਸੁਖ ਤੇਰੇ ਰੋਗ ਹੋਣਗੇ –2, 2.***
***ਗਾਫਲਾ, ਸੁਖ ਤੇਰੇ ਰੋਗ ਹੋਣਗੇ –2, 2.***
***ਤੇਰੇ ਦੁਖਾਂ ਦੀ ਬਣੇਗੀ ਦਾਰੂ,........–2.***

***ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥***
***ਪੰਨਾ – 469***

ਜੋ ਡਾਕਟਰ ਹੋਇਆ ਕਰਦਾ ਹੈ, ਉਹ ਮਰੀਜ਼ ਨੂੰ ਰਾਜ਼ੀ ਰੱਖਣ ਵਾਸਤੇ ਕਈ ਵਾਰੀ ਕੜਵੀ ਦਵਾਈ ਦਿਆ ਕਰਦਾ ਹੈ ਤਾਂਕਿ ਇਹਦੀ ਸਿਹਤ ਠੀਕ ਹੋ ਜਾਵੇ। ਸੋ

ਜਿਹੜਾ ਗੁਰੂ ਦਾ ਬਣ ਜਾਂਦਾ ਹੈ, ਗੁਰੂ ਹਜ਼ਾਰਾਂ ਸਾਲ ਉਸਨੂੰ ਛਡਿਆ ਨਹੀਂ ਕਰਦਾ, ਲੋੜ ਪਵੇ ਤਾਂ ਬਾਰ ਬਾਰ ਮਨੁਖਾ ਜਨਮ ਦਿਵਾਉਂਦਾ ਹੈ, ਔਰ ਗੁਰੂ ਐਸੇ ਹਾਲਾਤ ਪੈਦਾ ਕਰਦਾ ਹੈ ਕਿ ਇਸਦਾ ਉਧਾਰ ਹੋ ਜਾਵੇ। ਐਸ ਜਨਮ ਵਿਚ ਹੋ ਜਾਵੇ, ਅਗਲੇ ਜਨਮ ਵਿਚ ਹੋ ਜਾਵੇ। ਪਰ ਜੇ ਕੋਈ ਗਲਤ ਹੁੰਦਾ ਹੈ ਤਾਂ ਉਸਨੂੰ ਦੁਖਾਂ ਦੀ ਜੰਜੀਰ ਸੁਟ ਦਿੰਦਾ ਹੈ। ਸੋ ਜੋ ਸਾਡਾ ਗੁਰੂ ਹੈ, ਉਹ ਹੈ ਗੁਰੂ ਗ੍ਰੰਥ ਸਾਹਿਬ, ਜਿਸਦੀ ਬਾਣੀ ਬਹੁਤ ਮਹਾਨ ਹੈ। ਜਿਉਂ ਜਿਉਂ ਡੂੰਘੇ ਜਾਓ, ਤਿਉਂ ਤਿਉਂ ਡੂੰਘਿਆਈ ਦਾ ਪਤਾ ਲਗਦਾ ਹੈ। ਸੋ ਇਸ ਤਰ੍ਹਾਂ ਇਸ਼ਨਾਨ ਕਰਨਾ–

***ਮਾਘਿ ਮਜਨੁ ਸੰਗਿ ਸਾਧੂਆ***
***ਧੂੜੀ ਕਰਿ ਇਸਨਾਨੁ॥***
***ਪੰਨਾ – 135***

ਸੋ ਆਪ ਸਾਰੇ ਕਾਰੋਬਾਰ ਛਡ ਕੇ ਗੁਰੂ ਦਰਬਾਰ ਵਿਚ ਪਹੁੰਚੇ ਹੋ, ਬੜਾ ਭਾਰਾ ਫਲ ਪ੍ਰਾਪਤ ਹੁੰਦਾ ਹੈ। ਪਿਛਲੀ ਵਾਰੀ ਮੈਂ ਨਾਮਦੇਵ ਜੀ ਬਾਰੇ ਦਸਿਆ ਸੀ ਕਿ ਦਿੱਲੀ ਤੋਂ ਬਹੁਤ ਸਾਰੇ ਪ੍ਰੇਮੀਆਂ ਨੇ ਕਿਹਾ ਕਿ ਤੁਸੀਂ ਕੇਵਲ ਦੱਖਣ ਦੇ ਤਾਂ ਨਹੀਂ? ਸੰਤ ਤਾਂ ਸਾਰੀ ਸ੍ਰਿਸ਼ਟੀ ਦੇ ਹੋਇਆ ਕਰਦੇ ਹਨ। ਜਿਹੜੇ ਸੰਤਾਂ ਤੇ ਕਬਜ਼ਾ ਕਰਨ, ਉਹ ਠੀਕ ਨਹੀਂ ਹੋਇਆ ਕਰਦਾ ਅਤੇ ਕਹਿਣ ਕਿ ਇਹ ਸਿਖ ਸੰਤ ਹੈ, ਇਹ ਹਿੰਦੂ ਸੰਤ ਹੈ, ਇਹ ਮੁਸਲਮਾਨ ਸੰਤ ਹੈ ਕਿਉਂਕਿ ਉਹ ਇਹਨਾਂ ਚੀਜ਼ਾਂ ਤੋਂ ਉਪਰ ਹੋ ਜਾਇਆ ਕਰਦੇ ਹਨ ਕਿਉਂਕਿ ਉਹਨਾਂ ਨੂੰ ਪਤਾ ਲਗ ਜਾਂਦਾ ਹੈ ਕਿ ਇਹ ਬੱਚਿਆਂ ਦੀ ਖੇਡ ਹੈ ਕਿਉਂਕਿ ਗਲ ਤਾਂ ਹੋ ਰਹੀ ਹੈ, ਹਿੰਦੂ ਮੁਸਲਮਾਨ ਤਾਂ ਸਰੀਰ ਹੋਇਆ ਕਰਦਾ ਹੈ, ਸਰੀਰ ਦੀ ਤਾਂ ਬਿਆਧੀ ਹੈ। ਇਹ ਅਗਿਆਨ ਨਾਲ ਕਹਿੰਦੇ ਹਨ ਕਿ ਇਹ ਹਿੰਦੂ ਹੈ, ਮੁਸਲਮਾਨ ਹੈ। ਅਸਲ ਵਿਚ ਤਾਂ ਕੇਵਲ ਆਤਮਾ ਹੀ ਹੈ, ਹੋਰ ਕੁਝ ਨਹੀਂ ਹੋਇਆ ਕਰਦਾ। ਸੰਤਾਂ ਦੀ ਕੋਈ ਜਾਤ ਨਹੀਂ ਹੋਇਆ ਕਰਦੀ, ਕੇਵਲ ਇਕੋ ਹੀ ਤੱਤ ਹੈ।

ਸੰਤ ਬਾਬਾ ਜਵਾਲਾ ਸਿੰਘ ਜੀ

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ॥***
***ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥***
***ਅਕਾਸ ਉਸਤਤਿ***

ਸੰਤ ਕਿਸੇ ਵਿਸ਼ੇਸ਼ ਦੇ ਨਹੀਂ ਹਨ, ਸਾਰੀ ਸ੍ਰਿਸ਼ਟੀ ਦੇ ਹਨ, ਸਾਰੀ ਕਾਇਨਾਤ ਦੇ ਹੋਇਆ ਕਰਦੇ ਹਨ।

ਸੋ ਪ੍ਰੇਮੀਆਂ ਨੇ ਨਾਮਦੇਵ ਜੀ ਨੂੰ ਕਿਹਾ ਕਿ ਤੁਸੀਂ ਕੇਵਲ ਦੱਖਣ ਵਿਚ ਹੀ ਰਹਿੰਦੇ ਹੋ, ਹੋਰ ਸਾਰਾ ਭਾਰਤਵਰਸ਼ ਵੀ ਤਾਂ ਹੈ। ਆਪ ਕ੍ਰਿਪਾ ਕਰੋ, ਦਿੱਲੀ ਆਓ, ਫਿਰ ਪੰਜਾਬ ਵਲ ਚਲੋ। ਸੰਗਤਾਂ ਦੀ ਬੇਨਤੀ ਮੰਨਕੇ ਦਿੱਲੀ ਆ ਗਏ। ਰੋਜ਼ ਜਮਨਾ ਦੇ ਕਿਨਾਰੇ ਬੈਠ ਕੇ ਬਚਨ ਕਰਦੇ ਹਨ। ਕਿੰਨੀਆਂ ਸੰਗਤਾਂ ਆ ਆ ਕੇ ਬਚਨ ਸਰਵਣ ਕਰਦੀਆਂ ਹਨ। ਅੱਜ ਆਪ ਸਮਾਧੀ ਵਿਚ ਲੀਨ ਬੈਠੇ ਹਨ, ਉਹ ਸਮਾਧੀ ਜਿਸ ਨੂੰ ਸਹਿਜ ਸਮਾਧ ਆਖਦੇ ਹਨ। ਮੈਂ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ ਸਮਾਧੀ ਪੰਜ ਕਿਸਮ ਦੀ ਹੋਇਆ ਕਰਦੀ ਹੈ। ਦੋ ਤਰ੍ਹਾਂ ਦੀ ਸਾਵਿਕਲਪ ਸਮਾਧੀ ਹੁੰਦੀ ਹੈ। ਦੋ ਤਰ੍ਹਾਂ ਦੀ ਨਿਰਵਿਕਲਪ ਹੁੰਦੀ ਹੈ। ਫੇਰ ਜਾ ਕੇ ਸਹਿਜ ਸਮਾਧ ਆਇਆ ਕਰਦੀ ਹੈ।

***ਸਹਜ ਸਮਾਧਿ ਲਗੀ ਲਿਵ ਅੰਤਰਿ ਸੋ***
***ਰਸੁ ਸੋਈ ਜਾਣੈ ਜੀਉ॥ ਪੰਨਾ – 106***

ਜਿਸ ਨੂੰ ਇਸ ਸਮਾਧੀ ਦਾ ਅਨੰਦ ਆ ਗਿਆ, ਇਸਦਾ ਰਸ ਓਹੀ ਜਾਣਦਾ ਹੈ। ਇਸ ਨੂੰ ਆਤਮ ਰਸ ਵੀ ਕਹਿੰਦੇ ਹਨ –

***ਆਤਮ ਰਸ ਜਿਹ ਜਾਨਹੀ, ਸੋ ਹੈ***
***ਖਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ,***
***ਰੰਚਕ ਨਾਹਨ ਭੇਵ॥***
***(ਸਰਬ ਲੋਹ ਗ੍ਰੰਥ 'ਚੋਂ)***

ਜਿਹੜਾ ਇਥੇ ਪਹੁੰਚ ਜਾਂਦਾ ਹੈ, ਦਸ਼ਮੇਸ਼ ਪਿਤਾ ਫੁਰਮਾਨ ਕਰਦੇ ਹਨ ਕਿ ਭਾਈ ਉਹ ਖਾਲਸਾ ਹੈ। ਖਾਲਸੇ ਦਾ ਆਦਰਸ਼ ਜਿਹੜਾ ਅਸੀਂ ਪ੍ਰਭੂ ਦੇ ਦਰ ਤੋਂ ਲਿਆ ਕੇ ਪ੍ਰਗਟ ਕੀਤਾ ਹੈ, ਉਹ ਇਹ ਆਦਰਸ਼ ਹੈ। ਅਸੀਂ ਕੋਈ ਭੇਖ ਨਹੀਂ ਲਿਆਂਦਾ। ਜਿੰਨੇ ਏਥੇ ਆਏ, ਆਪਣਾ ਆਪਣਾ ਕਰਕੇ ਚਲੇ ਗਏ। ਜਿਸ ਤਰ੍ਹਾਂ ਭੇਡਾਂ ਤੇ ਵਖਰੇ ਵਖਰੇ ਰੰਗ ਪਾ ਦਿਓ, ਇਕ ਤੇ ਲਾਲ, ਇਕ ਤੇ ਹਰਾ, ਇਕ ਤੇ ਪੀਲਾ, ਇੱਜੜ ਵਖਰੇ ਵਖਰੇ ਹੋਣਗੇ, ਪਰ ਹੈਗੀਆਂ ਤਾਂ ਸਾਰੀਆਂ ਭੇਡਾਂ ਹੀ। ਮਹਾਰਾਜ ਕਹਿੰਦੇ ਇਸ ਤਰ੍ਹਾਂ ਕਿਉਂ ਕੀਤਾ? ਮਨੁਖਤਾ ਨੂੰ ਵੰਡ ਦਿੱਤਾ। ਐਹ ਫਲਾਣਾ, ਐ ਫਲਾਣਾ, ਇਹ ਕੀ ਕੰਮ ਕੀਤਾ? ਉਨਤਾਲੀ ਹਜ਼ਾਰ ਦੋ ਸੌ – ਇਕੱਲੇ ਭਾਰਤ ਵਰਸ਼ ਵਿਚ ਹੀ ਐਨੇ ਲੋਕ ਵਖਰੇ ਵਖਰੇ ਸੰਪਰਦਾਵਾਂ ਦੇ ਹੋਇਆ ਕਰਦੇ ਸਨ ਅਤੇ ਬਹੱਤਰ ਫਿਰ ਕੇ ਮੁਸਲਮਾਨਾਂ ਦੇ ਹੋਇਆ ਕਰਦੇ ਸਨ। ਹੁਣ ਤਾਂ ਪਤਾ ਨਹੀਂ ਕਿੰਨੇ ਹਨ? ਸੋ ਇਸ ਤਰ੍ਹਾਂ ਇਹਨਾਂ ਸੰਪਰਦਾਵਾਂ ਨੇ ਸੰਸਾਰ ਨੂੰ ਵੰਡ ਦਿੱਤਾ। ਗੁਰੂ ਮਹਾਰਾਜ ਕਹਿੰਦੇ, ਮੈਂ ਮਨੁਖ ਨੂੰ ਵੰਡਣ ਨਹੀਂ ਆਇਆ। ਮੈਂ ਤਾਂ ਕੇਵਲ ਸੇਧ ਦੇਣ ਵਾਸਤੇ ਆਇਆ ਹਾਂ। ਜਦੋਂ ਦਸਮੇਸ਼

ਪਿਤਾ ਨੇ ਪ੍ਰੀਖਿਆ ਲਈ ਤਾਂ ਉਹਨਾਂ ਨੇ ਪੰਜ ਲਭੇ ਤੇ ਕਿਹਾ ਕਿ ਪੰਜਾਂ ਤੋਂ ਬੀਜ ਵਧੀ ਜਾਏਗਾ ਤੇ ਵਧਾਵਾਂਗੇ, ਪਰ ਬੰਦਾ ਪਿਛੇ ਨੂੰ ਚਲਾ ਗਿਆ, ਆਤਮ ਤੱਤ ਨੂੰ ਹੀ ਭੁਲ ਗਿਆ। ਸੋ ਬੰਦੇ ਨੂੰ ਜਗਾਉਣ ਵਾਸਤੇ ਮਹਾਂਪੁਰਸ਼ ਸੰਸਾਰ ਤੇ ਢੰਡੋਰਾ ਦਿਆ ਕਰਦੇ ਹਨ ਕਿ ਤੂੰ ਆਪਣੇ ਆਪ ਨੂੰ ਪਛਾਣ –

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥***
***ਪੰਨਾ – 441***

ਸੋ ਆਪ ਅੱਜ ਉਸ ਅਵਸਥਾ ਵਿਚ ਬੈਠੇ ਹੋਏ ਹਨ, ਜਿਸ ਨੂੰ ਸਹਿਜ ਸਮਾਧ ਆਖਦੇ ਹਨ। ਬਾਰ ਬਾਰ ਨੇਤਰ ਖੋਲ੍ਹਦੇ ਹਨ, ਬਾਰ ਬਾਰ ਬੰਦ ਕਰਦੇ ਹਨ। ਦਿਨ ਚੜ੍ਹ ਗਿਆ, ਦਸ ਵਜ ਗਏ, ਅੱਜ ਉਠ ਨਹੀਂ ਰਹੇ। ਏਨੇ ਨੂੰ ਇਕ ਅਰਥੀ ਆ ਗਈ। ਇਹਨਾਂ ਕੋਲ ਇਕ ਸਤਸੰਗੀ ਆਇਆ ਕਰਦਾ ਸੀ ਜਿਸਦਾ ਨਾਮ ਭਾਈ ਜਾਦੋ ਸੀ, ਉਹ ਚੜ੍ਹਾਈ ਕਰ ਗਿਆ। ਉਸ ਵੇਲੇ ਸਤੀ ਦੀ ਰਸਮ ਸੀ ਤੇ ਬੀਬੀ ਨਵੇਂ ਕੱਪੜੇ ਗਹਿਣੇ ਪਾ ਕੇ ਅਰਥੀ ਦੇ ਨਾਲ ਆਈ ਕਿਉਂਕਿ ਸਤੀ ਹੋਣ ਜਾ ਰਹੀ ਸੀ। ਜਦੋਂ ਨਾਮਦੇਵ ਜੀ ਦੇ ਦਰਸ਼ਨ ਕੀਤੇ ਤਾਂ ਸੋਚਿਆ ਕਿ ਨਾਮਦੇਵ ਜੀ ਦੇ ਚਰਨਾਂ ਵਿਚ ਸੀਸ ਨਿਵਾ ਦੇਵਾਂ, ਮੇਰੇ ਪਾਪ ਨਵਿਰਤ ਹੋ ਜਾਣਗੇ ਕਿਉਂਕਿ ਥੋੜ੍ਹੀ ਦੇਰ ਨੂੰ ਮੈਂ ਸੁਆਹ ਦੀ ਮੁਠੀ ਬਣ ਜਾਣਾ ਹੈ। ਆ ਕੇ ਬੀਬੀ ਨੇ ਉਹਨਾਂ ਦੇ ਚਰਨਾਂ ਤੇ ਸੀਸ ਨਿਵਾ ਦਿੱਤਾ ਤੇ ਕੁਝ ਗਹਿਣਿਆਂ ਦਾ ਖੜਕਾ ਹੋਇਆ। ਨਾਮਦੇਵ ਜੀ ਨੇ ਅਧ-ਖੁਲ੍ਹੇ ਨੇਤਰਾਂ ਨਾਲ ਬਚਨ ਕਰ ਦਿੱਤਾ, 'ਬੱਚੀ ਸੁਹਾਗ ਮਾਣ।' ਉਥੇ ਖੜ੍ਹੀ ਹੋ ਗਈ ਤੇ ਕਹਿਣ ਲੱਗੀ, ਮੇਰਾ ਸੁਹਾਗ....। ਐਨਾ ਕਹਿ ਕੇ ਰੋ ਪਈ। ਮਹਾਂਪੁਰਸ਼ਾਂ ਨੇ ਕਿਹਾ, ਬੇਟੀ! ਰੋਂਦੀ ਕਿਉਂ ਹੈਂ? ਕਹਿਣ ਲੱਗੀ, ਮੇਰਾ ਸੁਹਾਗ ਤਾਂ ਸਾਹਮਣੇ ਅਰਥੀ ਤੇ ਪਿਆ ਹੈ।

ਹੁਣ ਕ੍ਰਿਪਾ ਕਰੋ ਕਿ ਮੈਂ ਸੁਹਾਗ ਮਾਣਾਂ। ਆਪ ਦਾ ਬਚਨ ਹੋ ਗਿਆ ਹੈ। ਕਿਉਂਕਿ ਮੈਂ ਆਪਣੇ ਪਤੀ ਨਾਲ ਆਪ ਦੇ ਸਤਸੰਗ ਵਿਚ ਆਇਆ ਕਰਦੀ ਸੀ, ਮੈਂ ਸਤਸੰਗ ਵਿਚ ਸੁਣਿਆ ਸੀ ਕਿ ਜੇਕਰ ਮਹਾਂਪੁਰਸ਼ ਕੋਈ ਬਚਨ ਕਰ ਦੇਣ, ਉਹ ਬਿਰਥਾ ਨਹੀਂ ਜਾਇਆ ਕਰਦਾ ਜੋ ਕਿ ਇਸ ਤਰ੍ਹਾਂ ਹੈ –

***ਧਾਰਨਾ – ਭਾਵੇਂ ਚੰਦਰਮਾ ਨਾਸ਼ ਹੋ ਜਾਵੇ,***
***ਸੰਤਾਂ ਦਾ ਬੋਲ ਨਾ ਟਲੇ –2, 2.***
***ਮੇਰੇ ਪਿਆਰੇ, ਸੰਤਾਂ ਦਾ ਬੋਲ ਨਾ ਟਲੇ –2, 2.***
***ਭਾਵੇਂ ਚੰਦਰਮਾ ਨਾਸ਼ ਹੋ ਜਾਵੇ,........ –2.***

ਫੁਰਮਾਨ ਹੈ ਕਿ ਭਾਵੇਂ ਸਾਰਾ ਸੰਸਾਰ ਵਿਨਾਸ਼ ਹੋ ਜਾਵੇ।

***ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ॥***
***ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥***
***ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ॥***
***ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ॥***
***ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ॥***
***ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ॥***
***ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ॥***
***ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ॥***
***ਪੰਨਾ – 1204***

ਮਹਾਰਾਜ! ਆਪ ਦੇ ਮੁਖਾਰਬਿੰਦ ਤੋਂ ਬਚਨ ਹੋ ਗਿਆ ਹੈ ਕਿ ਸੁਹਾਗ ਮਾਣ। ਆਪ ਦ੍ਰਿਸ਼ਟੀ ਕਰੋ, ਆਪਣਾ ਬਚਨ ਸਫਲਾ ਕਰੋ। ਹੁਣ ਨਾਮਦੇਵ ਜੀ ਸੋਚਣ ਲੱਗ ਪਏ ਕਿ ਬਿਨਾਂ ਵਿਚਾਰੇ ਮੁਖ ਤੋਂ ਗਲ ਨਿਕਲ ਗਈ। ਜਿਹੜਾ ਪਰਮੇਸ਼ਰ ਹੈ ਸਾਧ ਸੰਗਤ ਜੀ! ਕਿਧਰੇ ਦੂਰ ਨਹੀਂ ਹੁੰਦਾ। ਉਹ ਸੰਤਾਂ ਦੇ ਹਿਰਦੇ ਵਿਚ ਪ੍ਰਗਟ ਹੁੰਦਾ ਹੈ ਜਾਂ ਇੰਜ ਕਹਿ ਲਓ ਕਿ ਸੰਤ ਤੇ ਪਰਮੇਸ਼ਰ ਵਿਚ ਕੋਈ ਭੇਦ ਹੀ ਨਹੀਂ ਹੋਇਆ ਕਰਦਾ। ਦੋਨੋਂ ਇਕਮਿਕ ਹੋਏ ਹੁੰਦੇ ਹਨ। ਕ੍ਰਿਸ਼ਨ ਮਹਾਰਾਜ ਕਹਿੰਦੇ ਹਨ ਕਿ ਅਰਜਨ! ਜੇ ਤੂੰ ਮੈਨੂੰ ਆਪਾ ਸਮਰਪਣ ਕਰ ਦੇਵੇਂ, ਆਪਣੇ ਕੋਲ ਕੁਝ ਵੀ ਨਾ ਰਖੇਂ, ਤਾਂ ਮੈਂ ਹਰ ਥਾਂ ਤੇ ਤੇਰੀ ਰਾਖੀ ਕਰਾਂਗਾ। ਇਥੇ ਹੀ ਬਸ ਨਹੀਂ ਹੈ, ਉਹਦੇ ਪਿਆਰ ਵਿਚ ਵੱਸ ਹੋਇਆ ਹੋਇਆ ਪ੍ਰੇਮੀ ਦੇ ਹਿਰਦੇ ਵਿਚ ਵਸਣ ਲਗ ਜਾਂਦਾ ਹਾਂ। ਕੋਈ ਵੀ ਸੰਸਾਰ ਦੀ ਹਸਤੀ ਪ੍ਰਭੂ ਉਤੇ ਹਾਵੀ ਨਹੀਂ ਹੋ ਸਕਦੀ। ਜੇ ਹਾਵੀ ਹੁੰਦੇ ਹਨ ਤਾਂ ਉਹ ਸੰਤ ਹੁੰਦੇ ਹਨ ਜੋ ਉਸਨੂੰ ਹਿਰਦੇ ਵਿਚ ਕਾਬੂ ਕਰ ਲੈਂਦੇ ਹਨ, ਬੰਨ੍ਹ ਕੇ ਰਖ ਲੈਂਦੇ ਹਨ। ਉਹ ਫਿਰ ਉਹਨਾਂ ਦੇ ਹਿਰਦੇ ਵਿਚੋਂ ਨਿਕਲ ਨਹੀਂ ਸਕਦਾ। ਜਿਸ ਤਰ੍ਹਾਂ ਕੋਈ ਕਿਸੇ ਨੂੰ ਕੈਦ ਕਰ ਲੈਂਦਾ ਹੈ, ਐਸ ਤਰ੍ਹਾਂ ਸੰਤ ਪ੍ਰਮਾਤਮਾ ਨੂੰ ਕੈਦ ਕਰ ਲੈਂਦੇ ਹਨ। ਪਿਆਰ ਦੇ ਵਸ ਹੋ ਕੇ ਐਸੀਆਂ ਡੋਰੀਆਂ ਪਾਉਂਦੇ ਹਨ, ਕੋਈ ਜੰਜੀਰ ਉਸ ਉਤੇ ਨਹੀਂ ਪੈ ਸਕਦੀ। ਜੇਕਰ ਉਹ ਕਿਸੇ ਚੀਜ਼ ਨਾਲ ਬੰਨ੍ਹਿਆ ਜਾਂਦਾ ਹਾਂ ਤਾਂ ਉਹ ਕੇਵਲ ਪਿਆਰ ਹੈ।

***ਧਾਰਨਾ – ਰੱਬ ਵਸ ਭਗਤਾਂ ਨੇ ਕੀਤਾ,***
***ਪਾ ਕੇ ਤੇ ਪ੍ਰੇਮ ਡੋਰੀਆਂ –2, 2.***
***ਮੇਰੇ ਪਿਆਰੇ, ਪਾ ਕੇ ਤੇ ਪ੍ਰੇਮ ਡੋਰੀਆਂ – 2.***
***ਸੰਗਤੇ, ਪਾ ਕੇ ਤੇ ਪ੍ਰੇਮ ਡੋਰੀਆਂ – 2.***
***ਰੱਬ ਵਸ ਭਗਤਾਂ ਨੇ ਕੀਤਾ,....... –2.***

***ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ॥***
***ਨਾ ਤੂ ਆਵਹਿ ਵਸਿ ਬੇਦ ਪੜਾਵਣੇ॥ ਪੰਨਾ – 962***

ਨਾ ਵੇਦ ਪੜ੍ਹਨ ਨਾਲ, ਨਾ ਪੜ੍ਹਾਉਣ ਨਾਲ, ਕਿਸੇ ਤਰੀਕੇ ਦੇ ਨਾਲ ਪਰਮੇਸ਼ਰ ਵਸ ਨਹੀਂ ਆਉਂਦਾ ਕਿਉਂਕਿ ਉਹ ਸਰਬ ਸਮਰੱਥ ਸ਼ਕਤੀ ਹੈ – ਸਭ ਤੋਂ ਵੱਡੀ ਜਿਸ ਤੋਂ ਵੱਡਾ ਕੋਈ ਨਹੀਂ ਹੈ –

***ਨਾ ਤੂ ਆਵਹਿ ਵਸਿ ਤੀਰਥਿ ਨਾਈਐ॥***
***ਨਾ ਤੂ ਆਵਹਿ ਵਸਿ ਧਰਤੀ ਧਾਈਐ॥***

***ਨਾ ਤੂ ਆਵਹਿ ਵਸਿ ਕਿਤੈ ਸਿਆਣਪੈ॥***
***ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥***

***ਪੰਨਾ - 962***

ਜੇਕਰ ਤਿਲ ਤਿਲ ਕਰਕੇ ਵੀ ਸਰੀਰ ਦੇ ਟੁਕੜੇ ਕਰਕੇ ਦਾਨ ਕਰ ਦਿਓ ਤਾਂ ਵੀ ਵਸ ਵਿਚ ਨਹੀਂ ਆਉਂਦਾ। ਜੇਕਰ ਵਸ ਆਉਂਦਾ ਹੈ ਤਾਂ ਉਹ ਸੰਤਾਂ ਦੇ ਵਸ ਆਉਂਦਾ ਹੈ ਕਿਉਂਕਿ ਉਹ ਆਪਣਾ ਸਭ ਕੁਝ ਪਰਮੇਸ਼ਰ ਦੇ ਅਰਪਨ ਕਰ ਦੇਂਦੇ ਹਨ। ਉਹਨਾਂ ਕੋਲ ਕੁਝ ਵੀ ਨਹੀਂ ਰਹਿੰਦਾ, ਕੇਵਲ ਪਿਆਰ ਰਹਿ ਜਾਂਦਾ ਹੈ। ਪਿਆਰ ਨਾਲ ਪਰਮੇਸ਼ਰ ਨੂੰ ਬੰਨ੍ਹ ਲੈਂਦੇ ਹਨ।

***ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥***
***ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥***

***ਪੰਨਾ - 962***

ਸੋ ਰੱਬ ਸੰਤਾਂ ਦੇ ਵਸ ਵਿਚ ਆ ਜਾਇਆ ਕਰਦਾ ਹੈ, ਉਹ ਘੇਰਾ ਪਾ ਲੈਂਦੇ ਹਨ। ਫੇਰ ਸੰਤ ਜੋ ਕੁਝ ਕਹਿੰਦੇ ਹਨ, ਉਹ ਹੋ ਜਾਂਦਾ ਹੈ। ਸੋ ਨਾਮਦੇਵ ਜੀ ਸੋਚ ਵਿਚ ਪੈ ਗਏ ਕਿ ਬਚਨ ਐਵੇਂ ਕਰ ਦਿੱਤਾ, ਹੁਣ ਮੈਂ ਕਿਵੇਂ ਕਰਾਂ? ਐਨੀ ਦੇਰ ਵਿਚ ਆਕਾਸ਼ ਬਾਣੀ ਹੋਈ। ਜਦੋਂ ਅਨੁਭਵ ਦੇ ਮੰਡਲ ਵਿਚ ਚਲਾ ਜਾਂਦਾ ਹੈ, ਉਦੋਂ ਸਾਧੂਆਂ ਨੂੰ ਆਕਾਸ਼ ਬਾਣੀ ਹੁੰਦੀ ਹੈ। ਕਿਸੇ ਨੂੰ ਗਿਆਨ ਦੀ ਆਕਾਸ਼ ਬਾਣੀ ਹੁੰਦੀ ਹੈ, ਆਪੇ ਹੀ ਗਿਆਨ ਖੁਲ੍ਹਦਾ ਹੈ। ਕੋਈ ਕਿਤਾਬ ਵਗੈਰਾ ਪੜ੍ਹਨ ਦੀ ਲੋੜ ਨਹੀਂ ਪੈਂਦੀ, ਸਿਮਰਨ ਦੀ ਹੀ ਐਸੀ ਅਵਸਥਾ ਹੈ। ਜਿਸ ਵਕਤ ਅਨੁਭਵ ਨੂੰ ਹੀ ਪਾਰ ਕਰ ਜਾਵੇ, ਉਸਦਾ ਨਾਮ ਵਿਵੇਕਮੰਡਲ ਹੋਇਆ ਕਰਦਾ ਹੈ ਜਿਥੇ ਅੰਤਸ਼ਕਰਣ ਦੀਆਂ ਚਾਰੇ ਚੀਜ਼ਾਂ ਖਤਮ ਹੋ ਜਾਇਆ ਕਰਦੀਆਂ ਹਨ - ਮਨ ਵੀ, ਬੁਧ ਵੀ, ਚਿਤ ਵੀ ਤੇ ਅਹੰਭਾਵ ਵੀ। ਉਥੇ ਕੇਵਲ ਪਰਮੇਸ਼ਰ ਸੱਤਾ ਮਾਤਰ ਆਪਣੇ ਆਪ ਨੂੰ ਦੇਖਦਾ ਹੈ। ਉਥੇ ਅਕਾਸ਼ਬਾਣੀ ਅਨੁਭਵ ਦੇ ਵਿਚ ਆਉਂਦੀ ਹੈ। ਓਹੀ ਅਕਾਸ਼ਬਾਣੀ ਗਿਆਨ ਬਣਕੇ ਬਾਹਰ ਆਉਂਦੀ ਹੈ - ਸੰਸਾਰ ਦਾ ਉਧਾਰ ਕਰਨ ਵਾਸਤੇ।

ਉਥੇ ਆਵਾਜ਼ ਆਈ, ਨਾਮਦੇਵ! ਤੁਹਾਨੂੰ ਕਾਹਦੀ ਕਲਪਨਾ ਪੈ ਗਈ, ਕੋਈ ਵੱਡੀ ਗੱਲ ਹੈ ਜੋ ਤੂੰ ਬੋਲਿਆ ਸੀ? ਤੇਰੀ ਜ਼ਬਾਨ ਤੇ ਤਾਂ ਮੈਂ ਹੀ ਬੋਲਿਆ ਸੀ। ਤੂੰ ਤਾਂ ਕੁਝ ਕਿਹਾ ਹੀ ਨਹੀਂ।

***ਪ੍ਰਭ ਜੀ ਬਸਹਿ ਸਾਧ ਕੀ ਰਸਨਾ॥ ਪੰਨਾ - 263***

ਤੇਰੀ ਰਸਨਾ ਤੇ ਮੈਂ ਹੀ ਵਸਿਆ ਹੋਇਆ ਸੀ। ਜਿਹੜੇ ਏਥੇ ਪਹੁੰਚ ਜਾਂਦੇ ਹਨ, ਆਪਾ ਸਮਰਪਨ ਕਰ ਦਿੰਦੇ ਹਨ ਤੇ ਸਹਿਜ ਸਮਾਧ ਵਿਚ ਮੈਨੂੰ ਹਰ ਥਾਂ ਦੇਖਦੇ ਹਨ ਤੇ ਆਪਣਾ ਆਪ ਗਵਾ ਦਿੰਦੇ ਹਨ, ਉਹ ਤਾਂ ਮੇਰਾ ਜੀਵਨ ਹੋਇਆ ਕਰਦੇ ਹਨ ਤੇ ਮੇਰਾ ਹੀ ਰੂਪ ਹੁੰਦੇ ਹਨ। ਇਸ ਤਰ੍ਹਾਂ ਫੁਰਮਾਉਂਦੇ ਹਨ -

***ਧਾਰਨਾ - ਮੇਰਾ ਹੀ ਰੂਪ ਨੇ,***
***ਮੇਰੇ ਹੀ ਬਣ ਗਏ ਜਿਹੜੇ -2, 2.***
***ਮੇਰੇ ਹੀ ਬਣ ਗਏ ਜਿਹੜੇ -2, 2.***
***ਮੇਰਾ ਹੀ ਰੂਪ ਨੇ,................ -2.***

***ਦਾਸ ਅਨਿੰਨ ਮੇਰੋ ਨਿਜ ਰੂਪ॥ ਪੰਨਾ - 1252***

ਜਿਹੜੇ ਮੇਰੇ ਨਾਲ ਪਿਆਰ ਕਰਦੇ ਹਨ, ਪਿਆਰ ਕਰਦੇ ਕਰਦੇ ਉਹ ਮੇਰਾ ਹੀ ਰੂਪ ਹੋ ਜਾਇਆ ਕਰਦੇ ਹਨ।

***ਦਰਸਨ ਨਿਮਖ ਤਾਪ ਤ੍ਰਈ ਮੋਚਨ***
***ਪਰਸਤ ਮੁਕਤਿ ਕਰਤ ਗ੍ਰਿਹਿ ਕੂਪ॥ ਪੰਨਾ - 1252***

ਐਸੇ ਹੋਇਆ ਕਰਦੇ ਹਨ ਕਿ ਮੇਰੇ ਵਿਚ ਤੇ ਉਹਨਾਂ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ।

***ਖਾਲਸਾ ਮੇਰੋ ਰੂਪ ਹੈ ਖਾਸ॥***
***ਖਾਲਸੇ ਮਹਿ ਹੌਂ ਕਰੌਂ ਨਿਵਾਸ॥ (ਸਰਬ ਲੋਹ ਗ੍ਰੰਥ 'ਚੋਂ)***

ਸੋ ਨਾਮਦੇਵ! ਤੇਰੇ ਤੇ ਮੇਰੇ ਵਿਚ ਕੋਈ ਫਰਕ ਨਹੀਂ ਹੈ। ਕਬੀਰ ਸਾਹਿਬ ਨੇ ਵੀ ਇਸ ਬਾਰੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ -

***ਧਾਰਨਾ - ਸੋਈ ਫਿਰਕੇ ਤੂੰ ਭਇਆ,***
***ਜਾ ਕੌ ਕਹਤਾ ਅਉਰ -2, 2.***
***ਜਾਕੌ ਕਹਤਾ ਅਉਰ -4, 2.***
***ਸੋਈ ਫਿਰਕੇ ਤੂੰ ਭਇਆ,........... -2.***

***ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ॥***
***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥***

***ਪੰਨਾ - 1370***

ਕਹਿੰਦੇ ਹੈਰਾਨੀ ਦੀ ਗੱਲ ਹੋਈ। ਵਾਹਿਗੁਰੂ ਨੂੰ ਖੋਜਦੇ ਫਿਰਦੇ ਸੀ, ਖੋਜਦੇ ਖੋਜਦੇ ਕੀ ਹੋਇਆ; ਅੰਦਰ ਦੇਖਦਾ ਹਾਂ, ਬਾਹਰ ਦੇਖਦਾ ਹਾਂ, ਸਭ ਥਾਂ ਤੇ ਵਾਹਿਗੁਰੂ ਹੀ ਵਾਹਿਗੁਰੂ ਨਜ਼ਰ ਆਉਂਦਾ ਹੈ।

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥***

***ਪੰਨਾ - 1376***

ਜਿਧਰ ਵੀ ਨਿਗਾਹ ਮਾਰਦਾ ਹਾਂ, ਜਿਧਰ ਵੀ ਦੇਖਦਾ ਹਾਂ, ਹੈਰਾਨੀ ਦੀ ਗੱਲ ਹੈ, ਹੋ ਕੀ ਗਿਆ? ਮੈਂ ਕਿਥੇ ਚਲਾ ਗਿਆ, ਮੇਰੀ 'ਮੈਂ' ਤਾਂ ਰਹੀ ਨਾ।

***ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥***
***ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥***

***ਪੰਨਾ - 969***

ਪਛਾਣ ਵਿਚ ਨਹੀਂ ਆਉਂਦਾ। ਕਿਵੇਂ ਨਹੀਂ ਆਉਂਦਾ? ਵੀਚਾਰ ਕਰੋ। ਪਹਿਲਾਂ ਅਸੀਂ ਇਹ ਸਮਝਦੇ ਹਾਂ ਕਿ ਸਾਢੇ ਤਿੰਨ ਹੱਥ ਦੀ ਦੇਹ ਹਾਂ। ਇਹ ਮੂਰਖਾਂ ਦਾ ਮੱਤ

ਹੋਇਆ ਕਰਦਾ ਹੈ - ਬੇਸਮਝਾਂ ਦਾ। ਇਹ ਤਾਂ ਬੜੇ ਬੜੇ ਪ੍ਰੋਫੈਸਰ ਕਹਿੰਦੇ ਹਨ, ਬਹੁਤ ਵੱਡੇ ਵੱਡੇ ਆਫੀਸਰ ਕਹਿੰਦੇ ਹਨ ਕਿ ਮੈਂ ਸਰੀਰ ਹਾਂ। ਭਾਈ ਸਰੀਰ ਤਾਂ ਤੈਨੂੰ ਕਾਰਜ ਸਿੱਧੀ ਵਾਸਤੇ ਦਿੱਤਾ ਹੈ। ਤੂੰ ਸਰੀਰ ਨਹੀਂ ਹੈਂ, ਸਰੀਰ ਦੇ ਵਿਚ ਤਾਂ ਪੰਜ ਤੱਤ ਹਨ। ਇਕ ਵਾਰੀ ਮੈਂ ਬੇਨਤੀ ਕੀਤੀ ਸੀ ਕਿ ਕੋਈ ਵੀ ਚੀਜ਼ ਤੁਸੀਂ ਵਾਹਿਗੁਰੂ ਨਾਲੋਂ ਵੱਖ ਕਰਕੇ ਦਿਖਾ ਦਿਓ ਕਿ ਇਹ ਵੱਖ ਹੈ। ਘਾਹ ਦੀ ਗੱਲ ਕੀਤੀ ਸੀ ਕਿ ਇਹ ਘਾਹ ਦਾ ਤਿਨਕਾ ਵੱਖ ਹੈ। ਇਕ ਕਾਰਜ ਹੁੰਦਾ ਹੈ, ਇਕ ਕਾਰਣ ਹੁੰਦਾ ਹੈ। ਕਾਰਣ ਤੋਂ ਕਾਰਜ ਬਣਿਆ ਕਰਦਾ ਹੈ; ਇਹਦਾ ਕਾਰਣ ਕੀ ਹੈ? ਇਹਦਾ ਕਾਰਜ ਕੀ ਹੈ? ਘਾਹ ਦਾ ਤਿਨਕਾ ਕਿਥੋਂ ਆਇਆ ਹੈ? ਕਹਿੰਦੇ, ਮਿੱਟੀ ਵਿਚੋਂ ਪੈਦਾ ਹੋਇਆ ਹੈ, ਹੁਣ ਸਾਰੇ ਵਿਗਿਆਨੀਆਂ ਨੂੰ ਪੁਛੋ ਕਿ ਇਹ ਮਿੱਟੀ ਕਿਥੋਂ ਆਈ ਹੈ? ਕਹਿੰਦੇ ਜੀ, ਮਿੱਟੀ ਦੀ ਪ੍ਰਾਪਤੀ ਤਾਂ ਮਿੱਟੀ ਵਿਚੋਂ ਹੋਈ। ਕਹਿੰਦੇ, ਪਾਣੀ ਕਿਥੋਂ ਆਇਆ? ਕਹਿੰਦੇ ਜੀ, ਪਾਣੀ ਤਾਂ ਗੈਸਿਜ਼ ਤੋਂ ਬਣਿਆ ਹੈ। ਨਾਈਟਰੋਜਨ ਤੇ ਆਕਸੀਜਨ ਦੋਨਾਂ ਨੂੰ ਮਿਲਾ ਦਿਓ, ਸੋਲਾਂ ਹਿੱਸੇ ਇਕ, ਇਕ ਹਿੱਸਾ ਆਕਸੀਜਨ ਹੋਵੇ, ਵਿਚੋਂ ਬਿਜਲੀ ਦੀ ਕਰੰਟ ਲੰਘਾ ਦਿਓ ਤਾਂ ਪੀਣ ਵਾਸਤੇ ਪਾਣੀ ਆ ਜਾਏਗਾ ਕਿਉਂਕਿ ਪਾਣੀ ਦਾ ਆਪਣਾ ਵਜੂਦ ਕੋਈ ਨਹੀਂ ਹੈ। ਇਹ ਗੈਸਿਜ਼ ਤੋਂ ਪੈਦਾ ਹੋਇਆ। ਜਿਸ ਨੂੰ ਅਗਨ ਕਹਿ ਦਿੰਦੇ ਹਨ, ਤੇਜ ਕਹਿ ਦਿੰਦੇ ਹਨ, ਕਹਿੰਦੇ ਇਹ ਕਿਥੋਂ ਆਇਆ? ਕਹਿੰਦੇ ਹਵਾ ਵਿਚੋਂ ਆਇਆ। ਸਾਇੰਸ ਕਹਿੰਦੀ ਹੈ, ਪਹਿਲਾਂ ਵਰੋਲੇ ਹੀ ਵਰੋਲੇ ਚਲਦੇ ਸੀ। ਇਹ ਵਰੋਲੇ ਦ੍ਰਿਸ਼ਟਮਾਨ ਕਿਥੋਂ ਹੋਏ? ਕਹਿੰਦੇ, ਇਹ ਸੁੰਨ ਵਿਚੋਂ ਹੋਏ, ਇਸਦੀ ਹੋਂਦ ਤਾਂ ਕੋਈ ਨਹੀਂ ਜਿਸ ਨੂੰ ਆਕਾਸ਼ ਕਹਿੰਦੇ ਹਨ। ਆਕਾਸ਼ ਕਿਥੋਂ ਹੋਇਆ? ਕਹਿੰਦੇ ਆਕਾਸ਼ 'ਮਹਿ ਤੱਤ' ਵਿਚੋਂ ਹੋਇਆ, ਜਿਸ ਨੂੰ ਪ੍ਰਕਿਰਤੀ ਕਹਿੰਦੇ ਹਨ, ਮੈਟਰ ਕਹਿੰਦੇ ਹਨ। ਮਹਿ ਤੱਤ ਕਿਥੋਂ ਹੋਇਆ? ਕਹਿੰਦੇ, ਇਹ ਹੋਇਆ ਮਾਇਆ ਤੋਂ। ਕਹਿੰਦੇ, ਮਾਇਆ ਕਿਥੋਂ ਆਈ? ਕਹਿੰਦੇ, ਹਉਮੈ ਵਿਚੋਂ। ਫੇਰ ਧਰਮ ਆ ਗਿਆ, ਸਾਇੰਸ ਖਤਮ ਹੋ ਗਈ। ਸਾਇੰਸ ਮਹੀਤੱਤ ਤੋਂ ਅਗੇ ਨਹੀਂ ਜਾਂਦੀ। ਇਸ ਨੂੰ ਐਨਰਜੀ ਕਹਿੰਦੇ ਹਨ ਕਿ ਐਨਰਜ਼ੀ ਵਿਚੋਂ ਸਭ ਕੁਝ ਹੋਇਆ। ਐਨਰਜੀ ਕਿਥੋਂ ਆਈ? ਕਹਿੰਦੇ, ਮਾਇਆ ਤੋਂ, ਮਾਇਆ ਗਿਆਨ ਸਰੂਪ ਸ਼ੁਧ ਸਤੋਗੁਣ ਦਾ ਅੰਸ਼ ਹੋਇਆ ਕਰਦਾ ਹੈ।

ਤਿੰਨ ਗੁਣ ਹਨ - ਰਜੋ ਗੁਣ, ਸਤੋ ਗੁਣ ਤੇ ਤਮੋ ਗੁਣ। ਇਹ ਤ੍ਰਿਣ ਮਾਇਆ ਹੈ, ਇਹਦੇ ਵਿਚ ਹੀ ਸਾਰਾ ਸੰਸਾਰ ਖੇਲ੍ਹ ਰਿਹਾ ਹੈ। ਸਭ ਵੇਦ, ਸਾਸ਼ਤਰ, ਦੇਵੀ, ਦੇਵਤੇ, ਪੀਰ-ਪੈਗੰਬਰ, ਜਿਹੜਾ 'ਮੈਂ' ਸਮਝਦਾ ਹੈ ਤੇ ਜਿਸ ਨੂੰ ਗਿਆਨ ਨਹੀਂ ਹੋਇਆ, ਉਹ ਮਾਇਆ ਦਾ ਮੰਡਲ ਕਰੋਸ ਨਹੀਂ ਕਰ ਸਕਿਆ। ਭਗਤ ਵੀ ਬਾਰ ਬਾਰ ਕਹਿੰਦੇ ਹਨ, ਹੇ ਵਾਹਿਗੁਰੂ! ਮੈਨੂੰ ਤਾਰ ਲੈ -

***ਤਾਰਿ ਲੈ ਬਾਪ ਬੀਠੁਲਾ॥ ਪੰਨਾ - 1196***

ਵਾਹਿਗੁਰੂ! ਮੈਨੂੰ ਏਥੋਂ ਤਾਰ ਲੈ ਕਿਉਂਕਿ ਇਹ ਮਾਇਆ ਜੋ ਹੈ, ਇਹ 'ਅਤੱਰ' ਹੈ, ਇਹ ਤਰੀ ਨਹੀਂ ਜਾਂਦੀ। ਇਹਦਾ ਇਕ ਰੂਪ ਨਹੀਂ ਹੈ, ਇਹ ਤਾਂ ਅੱਗੇ ਹੀ ਅੱਗੇ ਖੁਲਵੀ ਜਾਂਦੀ ਹੈ, ਅਗੇ ਹੀ ਅਗੇ ਮਾਇਆ ਤੁਰੀ ਜਾਂਦੀ ਹੈ। ਮਾਇਆ ਕਿਥੋਂ ਆਈ? ਏਥੇ ਸਭ ਚੁਪ ਕਰ ਗਏ। ਏਥੇ ਗੁਰੂ ਨਾਨਕ ਸਾਹਿਬ ਬੋਲੇ ਕਿ ਮਾਇਆ ਅਨਰਬਚਨੀ (ਅਨਰਚਵਚਨਯ) ਹੈ। ਕਹਿੰਦੇ ਇਹ ਸਾਰਾ ਦ੍ਰਿਸ਼ਟਮਾਨ ਮਾਇਆ ਹੈ। ਇਹ ਪਹਿਲਾਂ ਹੋਈ ਕਿ ਰਚਨਾ? ਮੁਰਗੀ ਪਹਿਲਾਂ ਹੋਈ ਕਿ ਅੰਡਾ ਪਹਿਲਾਂ ਹੋਇਆ? ਏਥੇ ਕੋਈ ਕੀ ਜਵਾਬ ਦੇਵੇਗਾ ਕਿ ਅੰਡੇ ਤੋਂ ਬਿਨਾ ਮੁਰਗੀ ਨਹੀਂ ਹੁੰਦੀ ਤੇ ਮੁਰਗੀ ਤੋਂ ਬਿਨਾਂ ਅੰਡਾ ਨਹੀਂ ਹੁੰਦਾ। ਜਿਥੇ ਕਿਸੇ ਗੱਲ ਦਾ ਕੋਈ ਨਿਰਣਾ ਨਾ ਹੋਵੇ ਉਸ ਨੂੰ ਅਨਰਬਚਨੀ ਕਹਿੰਦੇ ਹਨ ਕਿਉਂਕਿ ਏਥੇ ਕਿਸੇ ਗੱਲ ਦਾ ਕੋਈ ਨਿਰਣਾ ਨਹੀਂ ਹੁੰਦਾ। ਸੋ ਇਥੇ ਸਾਰੇ ਹੀ ਚੁਪ ਕਰ ਗਏ, ਏਥੇ ਗੁਰੂ ਨਾਨਕ ਸਾਹਿਬ ਨੇ ਸਿਧਾਂ ਨੂੰ ਪੁਛਿਆ -

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ॥ ਪੰਨਾ - 946***

ਕਹਿਣ ਲੱਗੇ ਕਿ ਸੰਸਾਰ ਬਣ ਗਿਆ ਤੇ ਸੰਸਾਰ ਬਣਨ ਨਾਲ ਦੁਖ ਸ਼ੁਰੂ ਹੋ ਗਿਆ। ਜੀਵ ਨੇ ਕਰਮ ਕਰ ਲਿਆ ਤੇ ਕਰਮ ਕਰਕੇ ਬੰਨ੍ਹਿਆ ਗਿਆ, ਜਦ ਤੋਂ ਦੁਖ ਸ਼ੁਰੂ ਹੋ ਗਏ। ਦੁਖ ਪਰਮੇਸ਼ਰ ਨੇ ਨਹੀਂ ਬਣਾਇਆ, ਰੂਹ ਨੇ ਆਪੇ ਹੀ ਬਣਾ ਲਿਆ, ਇਹਦੇ ਕਰਮਾਂ ਨੇ ਦੁਖ ਬਣਾ ਲਏ - ਸੁਖ ਵੀ ਹੋ ਸਕਦੇ ਹਨ, ਦੁਖ ਵੀ ਹੋ ਸਕਦੇ ਹਨ। ਕਹਿੰਦੇ, ਜਿਹੜਾ ਦੁਖ ਸੰਸਕਾਰ ਕਰਕੇ ਮਿਲ ਗਿਆ, ਇਹ ਕਿਵੇਂ ਜਾਏਗਾ? ਮਹਾਰਾਜ ਕਹਿੰਦੇ -

***ਹਉਮੈ ਵਿਚਿ ਜਗੁ ਉਪਜੈ ਪੁਰਖਾ..............॥***
***ਪੰਨਾ - 946***

ਹਉਮੈ ਦੇ ਵਿਚ ਸੰਸਾਰ ਦੀ ਉਤਪਤੀ ਹੋਈ ਹੈ -

***................ ਨਾਮਿ ਵਿਸਰਿਐ ਦੁਖੁ ਪਾਈ॥***
***ਪੰਨਾ - 946***

ਨਾਮ ਜਿਹੜਾ ਤੱਤ ਹੈ, ਜਿਸ ਨੂੰ ਆਤਮ ਤੱਤ ਕਹਿੰਦੇ ਹਨ, ਜਦੋਂ ਇਹ ਆਤਮ ਤੱਤ, ਬ੍ਰਹਮ ਤੱਤ ਨੂੰ ਭੁਲ ਗਿਆ, ਉਸ ਵੇਲੇ ਇਸ ਨੂੰ ਦੁਖ ਦੀ ਪ੍ਰਾਪਤੀ ਹੋਈ। ਅਸੀਂ ਕਹਿੰਦੇ ਹਾਂ ਵਾਹਿਗੁਰੂ, ਵਾਹਿਗੁਰੂ ਹੀ ਨਾਮ ਹੈ। ਇਹ ਤਾਂ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਅਸੀਂ ਕਹਿ ਦਈਏ ਕਿ ਪੜ੍ਹਾਈ ਨਾ ਕਰਨ ਨਾਲ ਇਸ ਨੂੰ ਇਹ ਗਲ ਹੋਈ। ਭਲਾ ਪੜ੍ਹਾਈ ਵੀ ਕਦੀ ਖਤਮ ਹੁੰਦੀ ਹੈ; ਪੀ.ਐਚ-ਡੀ, ਡੀ. ਲਿਟ. ਤਕ ਚਲੀ ਜਾਂਦੀ ਹੈ, ਹੋਰ ਸਪੈਸ਼ਲ ਪੜ੍ਹਾਈਆਂ ਹੋ ਜਾਂਦੀਆਂ ਹਨ। ਡਾਕਟਰ ਬਣ ਜਾਂਦੇ ਹਨ, ਇੰਜੀਨੀਅਰ, ਸਾਂਇਟਿਸਟ ਬਣ ਜਾਂਦੇ ਹਨ। ਇਸ ਤਰ੍ਹਾਂ ਨਾਮ ਵੀ ਵਾਹਿਗੁਰੂ,

ਵਾਹਿਗੁਰੂ ਤੋਂ ਵੀ ਹੇਠਾਂ ਤੋਂ ਸ਼ੁਰੂ ਹੁੰਦਾ ਹੈ, ਬਾਣੀ ਪੜ੍ਹਨ ਤੋਂ ਹੀ ਸ਼ੁਰੂ ਹੁੰਦਾ ਹੈ। ਇਥੋਂ ਲੈ ਕੇ ਬ੍ਰਹਮ ਗਿਆਨ ਦੀ ਪ੍ਰਾਪਤੀ ਤਕ ਦੀ ਸਾਰੀ ਕਿਰਿਆ ਨੂੰ ਨਾਮ ਕਿਹਾ ਜਾਂਦਾ ਹੈ। ਬਹੁਤ ਲੰਬੀ ਚੌੜੀ ਨਾਮ ਦੀ ਪ੍ਰੀਭਾਸ਼ਾ ਹੈ। ਵੈਸੇ ਨਾਮ ਆਤਮ ਤੱਤ ਨੂੰ ਕਹਿੰਦੇ ਹਨ।

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਪੰਨਾ - 293*

ਕਿਉਂਕਿ ਉਸਦਾ ਰੂਪ ਹੀ ਸੱਤ ਹੈ, ਚਿਤ ਹੈ, ਅਨੰਦ ਹੈ। ਸੋ ਇਸ ਕਰਕੇ ਉਸ ਨੂੰ ਕੀ ਕਹਿ ਦਿਆਂਗੇ, ਜਿਹੜਾ ਹੈ ਹੀ ਅਨੰਦ, ਕਹਿਆ ਹੀ ਨਹੀਂ ਜਾਂਦਾ, ਨਾਹੀ ਉਹਦੀ ਕੋਈ ਸੀਮਾ ਹੈ ਕਿ ਐਨਾ ਅਨੰਦ ਹੈ। ਸੀਮਾਂ ਤਾਂ ਸੰਸਾਰ ਦੇ ਅਨੰਦਾਂ ਦੀ ਹੈ, ਜਿਸ ਤਰ੍ਹਾਂ ਕਿ ਇਕ ਚੱਕਰਵਰਤੀ ਬਾਦਸ਼ਾਹ ਹੋਵੇ, ਜਿਸਦਾ ਕੋਈ ਦੁਸ਼ਮਨ ਨਾ ਹੋਵੇ, ਨਾ ਉਹ ਬੁੱਢਾ ਹੋਵੇ, ਨਾ ਉਸਦਾ ਕੋਈ ਵਿਦਰੋਹ ਕਰੇ, ਨਾ ਉਹ ਬਿਮਾਰ ਹੋਵੇ, ਨਾ ਉਸਦਾ ਖਜਾਨਾ ਕਦੀ ਖਾਲੀ ਹੋਵੇ, ਉਹ ਸੁਖ ਦੀ ਇਕ ਯੂਨਿਟ ਹੋਇਆ ਕਰਦੀ ਹੈ। ਉਸ ਤੋਂ ਸੌ ਗੁਣਾਂ ਸੁਖ ਹੋਇਆ ਕਰਦਾ ਹੈ - ਗੰਧਰਵ ਲੋਕ ਵਿਚ। ਉਸ ਤੋਂ ਸੌ ਗੁਣਾ ਸੁਖ ਹੋਇਆ ਕਰਦਾ ਹੈ - ਪਿਤਰ ਲੋਕ ਵਾਲਿਆਂ ਨੂੰ। ਉਸ ਤੋਂ ਸੌ ਗੁਣਾ ਸੁਖ ਹੋਇਆ ਕਰਦਾ ਹੈ- ਸਵਰਗ ਦੇਵ ਲੋਕ ਵਿਚ। ਉਸ ਤੋਂ ਸੌ ਗੁਣਾਂ ਸੁਖ ਹੋਇਆ ਕਰਦਾ ਹੈ ਇੰਦਰ ਲੋਕ ਵਿਚ। ਉਸ ਤੋਂ ਸੌ ਗੁਣਾਂ ਸੁਖ ਹੁੰਦਾ ਹੈ ਪ੍ਰਜਾਪੱਤ ਲੋਕ ਵਿਚ। ਇਸ ਤੋਂ ਸੌ ਗੁਣਾ ਸੁਖ ਹੁੰਦਾ ਹੈ - ਬ੍ਰਹਮ ਲੋਕ ਵਿਚ। ਉਸ ਤੋਂ ਸੌ ਗੁਣਾਂ ਸੁਖ ਹੁੰਦਾ ਹੈ ਸ਼ਿਵਪੁਰੀ ਵਿਚ, ਫਿਰ ਸੌ ਗੁਣਾਂ ਸੁਖ ਬੈਕੁੰਠ ਵਿਚ। ਬੈਕੁੰਠ ਦੇ ਸੁਖ ਨੂੰ ਇਕ 'ਬੂੰਦ' ਗਿਣ ਲਓ ਤੇ ਬ੍ਰਹਮ ਗਿਆਨ ਦੇ ਸੁਖ ਨੂੰ ਸਮੁੰਦਰ ਗਿਣ ਲਓ।

ਸੋ ਜੋ ਬ੍ਰਹਮ ਸੁਖ ਹੈ, ਅਨੰਦ ਹੈ, ਉਸਦੀ ਕੋਈ ਗਿਣਤੀ ਮਿਣਤੀ ਨਹੀਂ ਹੋਇਆ ਕਰਦੀ ਐਨਾ ਜ਼ਿਆਦਾ ਸੁਖ ਪ੍ਰਾਪਤ ਹੁੰਦਾ ਹੈ। ਸੋ ਉਸ ਸੁਖ ਦੀ ਕੋਈ ਵਿਆਖਿਆ ਨਹੀਂ ਕਰ ਸਕਦਾ। ਹਉਮੈ ਕਰਕੇ ਇਸਨੂੰ ਦੁਖ ਪ੍ਰਾਪਤ ਹੋਇਆ। ਨਾਮ ਦੀ ਪ੍ਰਾਪਤੀ ਕਰਕੇ, ਨਾਮ ਦੀ ਸੋਝੀ ਕਰਕੇ, ਸਾਰੇ ਦੁਖਾਂ ਦਾ ਖਾਤਮਾ ਹੋ ਜਾਏਗਾ, ਸਾਰੀਆਂ ਵਾਸ਼ਨਾਵਾਂ ਖਤਮ ਹੋ ਜਾਣਗੀਆਂ, ਕੋਈ ਵਾਸ਼ਨਾ ਨਹੀਂ ਰਹੇਗੀ, ਪੰਜੇ ਕਲੇਸ਼ ਖਤਮ ਹੋ ਜਾਣਗੇ। ਸੋ ਏਸ ਤਰ੍ਹਾਂ ਦੇ ਨਾਲ ਹਉਮੈ ਤੋਂ ਸਾਰਾ ਕੁਝ ਬਣਿਆ ਹੈ। ਕਹਿੰਦੇ ਫਿਰ ਹਉਮੈ ਕਿਥੋਂ ਆਈ? ਕਹਿਣ ਲੱਗੇ ਇਹ ਸ਼ਬਦ ਵਿਚੋਂ ਆਈ। ਸਾਰਾ ਸੰਸਾਰ ਸ਼ਬਦ ਵਿਚੋਂ ਬਣਿਆ ਹੈ। ਫੇਰ ਸ਼ਬਦ ਕਿਥੋਂ ਆਇਆ? ਸ਼ਬਦ ਨਿਰੰਕਾਰ ਕੋਲੋਂ, ਪਰਮੇਸ਼ਰ ਕੋਲੋਂ। ਹੁਣ ਪਰਮੇਸ਼ਰ ਹੀ ਸ਼ਬਦ ਵਿਚੋਂ ਪ੍ਰਗਟ ਹੋਇਆ। ਉਥੋਂ ਹਉਮੈ ਨੂੰ ਸੱਤਾ ਮਿਲੀ, ਉਥੋਂ ਮਾਇਆ ਨੂੰ ਸੱਤਾ ਮਿਲੀ, ਉਥੋਂ ਮਹਿਤੱਤ ਨੂੰ ਮਿਲੀ। ਉਹਦੇ ਵਿਚੋਂ ਆਕਾਸ਼ ਬਾਣੀ ਆਈ। ਉਹਦੇ ਵਿਚੋਂ ਆਕਾਸ਼, ਆਕਾਸ਼ ਵਿਚੋਂ ਹਵਾ, ਤੇ ਹਵਾ ਵਿਚੋਂ ਤੇਜ ਬਣਿਆ। ਉਹਦੇ ਵਿਚੋਂ ਪਾਣੀ ਬਣਿਆ, ਪਾਣੀ ਵਿਚੋਂ ਮਿੱਟੀ ਬਣੀ ਤੇ ਮਿੱਟੀ ਵਿਚੋਂ ਘਾਹ ਪੈਦਾ ਹੋਇਆ। ਸੋ ਇਹ ਸਭ ਅੱਡ ਕਰਕੇ ਦਿਖਾਓ, ਕਿਵੇਂ ਕਰ ਲਓਗੇ? ਕਿਤੇ ਅੱਡ ਹੋ ਸਕਦਾ ਹੈ? ਕਹਿੰਦੇ ਖੋਜਦੇ ਖੋਜਦੇ ਹੈਰਾਨੀ ਹੋ ਗਏ। ਜਿਸਨੂੰ ਖੋਜਦੇ ਸੀ ਅਸੀਂ ਓਹੀ ਬਣ ਗਏ। ਹੈ ਤਾਂ ਪ੍ਰਮੇਸ਼ਰ ਹੀ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਪੰਨਾ - 846*

ਸੋ ਐਸੀ ਖੋਜ ਕਰਕੇ ਜਿਹੜੇ ਸਹਿਜ ਸਮਾਧ ਵਿਚ ਚਲੇ ਗਏ, ਜਿਥੇ ਕੇਵਲ ਪਰਮੇਸ਼ਰ ਹੀ ਰਹਿ ਜਾਇਆ ਕਰਦਾ ਹੈ।

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥*
*ਪੰਨਾ - 273*

ਮਹਾਰਾਜ ਨੇ ਐਵੇਂ ਤਾਂ ਨਹੀਂ ਲਿਖ ਦਿੱਤਾ ਕਿ ਸ਼ਿਵ ਜੀ ਖੋਜਦੇ ਫਿਰਦੇ ਹਨ।

ਸੋ ਜਿਸਦੀ ਬਿਰਤੀ ਬ੍ਰਹਮ ਦੇ ਵਿਚ ਪਹੁੰਚ ਗਈ, ਉਹ ਸਥਿਰ ਹੋ ਗਈ। ਜਾਨਣਾ ਹੋਰ ਹੈ ਤੇ ਮੰਨ ਜਾਣਾ ਇਕ ਹੋਰ ਚੀਜ਼ ਹੈ। ਦੋਨਾਂ ਚੀਜ਼ਾਂ ਵਿਚ ਫਰਕ ਹੈ। ਜੋ ਬ੍ਰਹਮ ਗਿਆਨੀ ਹੁੰਦਾ ਹੈ, ਉਹ ਜਿਉਂ ਦੀ ਤਿਉਂ ਚੀਜ਼ ਨੂੰ ਦੇਖ ਕੇ, ਉਸ ਵਿਚ ਸਥਿਤ ਹੋ ਜਾਂਦਾ ਹੈ। ਜਿਹੜਾ ਵਾਚ ਗਿਆਨੀ ਹੁੰਦਾ ਹੈ, ਉਹ ਗੱਲਾਂ ਤਾਂ ਜਾਣਦਾ ਹੈ ਲੇਕਿਨ ਉਸ ਚੀਜ਼ ਦੇ ਅੰਦਰ ਉਸਦੀ ਸਥਿਤੀ ਨਹੀਂ ਹੈ। ਸੋ ਫਰਕ ਹੁੰਦਾ ਹੈ। ਜਿਹੜਾ ਅਭੇਦ ਅਵਸਥਾ ਦਾ ਹੋ ਜਾਂਦਾ ਹੈ, ਉਦੋਂ ਭਾਵੇਂ ਉਹ ਬੋਲ ਪਵੇ, ਭਾਵੇਂ ਰੱਬ ਬੋਲ ਪਵੇ, ਦੋਹਾਂ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ। ਸੋ ਕਹਿਣ ਲੱਗੇ, "ਨਾਮਦੇਵ! ਜੋ ਤੂੰ ਬੋਲਿਆ ਸੀ, ਉਹ ਤਾਂ ਮੈਂ ਹੀ ਬੋਲਦਾ ਹਾਂ। ਦੂਜੀ ਗੱਲ ਹੈ, ਤੇਰੇ ਵਿਚ ਤਾਕਤ ਮੇਰੀ ਬੰਨੀ ਹੋਈ ਛੁਡਾਉਣ ਦੀ ਵੀ ਹੈ।"

ਇਕ ਵਾਰੀ ਕ੍ਰਿਸ਼ਨ ਮਹਾਰਾਜ ਜੋ ਦੁਆਪਰ ਜੁਗ ਦੇ ਅੰਦਰ, ਸੋਲਾਂ ਕਲਾਂ ਸੰਪੂਰਨ ਵਿਸ਼ਨੂੰ ਜੀ ਦੇ ਅਵਤਾਰ ਸਨ, ਆਪ ਨੇ ਦੇਖਿਆ ਕਿ ਕਲਜੁਗ ਵਿਚ ਬੜੇ ਉਪਦ੍ਰਵ ਹੋਣੇ ਸ਼ੁਰੂ ਹੋ ਗਏ। ਕਲਜੁਗ ਨੇ ਪੈਰ ਧਰ ਲਿਆ। ਉਸ ਵੇਲੇ ਆਪਣੇ ਸਾਰੇ ਯਾਦਵ ਖਾਨਦਾਨ ਨੂੰ ਕਿਹਾ, ਕਿ ਸੰਤਾਂ ਨੂੰ ਬੁਲਾਉਂਦੇ ਹਾਂ ਤੇ ਸੰਤ ਸਮਾਗਮ ਕਰਵਾਉਂਦੇ ਹਾਂ ਤਾਂ ਕਿ ਸੰਸਾਰ ਦਾ ਕੁਝ ਭਲਾ ਹੋ ਜਾਵੇ। ਸਾਰੇ ਸਾਧੂਆਂ ਨੂੰ ਬੁਲਾ ਲਿਆ ਕਿਉਂਕਿ ਸਾਧ ਸੰਗਤ ਜੀ! ਇਹ ਗੱਲ ਮੰਨਣੀ ਪੈਣੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੋਈ ਵੀ ਸ਼ਬਦ ਦਿਖਾ

ਦਿਓ ਜਿਸ ਵਿਚ ਸੰਤ ਦਾ ਜ਼ਿਕਰ ਨਾ ਹੋਵੇ। ਜੇਕਰ 'ਸੰਤ' ਅਖਰ ਕੱਢ ਦਿਤਾ ਤਾਂ ਬਾਕੀ ਕੀ ਰਹਿ ਗਿਆ? ਗੁਰੂ ਮਹਾਰਾਜ ਨੇ ਪਹਿਲਾਂ ਸੰਤ ਕਿਹਾ ਸੀ, ਫੇਰ ਸਿਪਾਹੀ ਕਿਹਾ ਸੀ। ਉਹ ਸਿਪਾਹੀਪੁਨਾ ਤਾਂ ਸਾਡੇ ਵਿਚ ਰਹਿ ਗਿਆ; ਹੁਣ ਉਹ ਵੀ ਨਹੀਂ ਰਿਹਾ ਕਿਉਂਕਿ ਸੰਤ ਬਿਨਾਂ ਸਿਪਾਹੀ ਵੀ ਸੱਚਾ ਨਹੀਂ ਹੋਇਆ ਕਰਦਾ। ਉਹ ਵੀ ਖੁਦਗਰਜ਼ ਸਿਪਾਹੀ ਹੁੰਦਾ ਹੈ, ਆਪਣੇ ਹਿਤ ਦਾ। ਜੇ ਸੰਤ ਹੋਵੇ ਤਾਂ ਸਿਪਾਹੀ ਵੀ ਸਹੀ ਹੁੰਦਾ ਹੈ - ਇੰਗਲੈਂਡ ਦੀ ਪੁਲਿਸ, ਏਥੇ ਦੁਆਬੀਆ ਸਾਹਿਬ ਬੈਠੇ ਹਨ, ਜਾਣਦੇ ਹਨ ਕਿ ਇੰਗਲੈਂਡ ਦੀ ਪੁਲਿਸ ਦਾ ਐਨਾ ਸਤਿਕਾਰ ਤੇ ਆਦਰ ਹੈ ਕਿਉਂਕਿ ਉਹਦੇ ਵਿਚ ਅਜੇ ਗੁਣ ਹਨ ਸਿਪਾਹੀ ਵਾਲੇ। ਇਕ ਵਾਰੀ ਬੱਚਿਆਂ ਦਾ ਪਤਾ ਨਾ ਲਗਿਆ ਤੇ ਮੈਂ ਚਿੱਠੀ ਲਿਖ ਦਿੱਤੀ। ਉਹਨਾਂ ਦਾ ਜਵਾਬ ਆ ਗਿਆ ਕਿ ਅਸੀਂ ਹੁਣੇ ਹੀ ਬੰਦਾ ਭੇਜ ਦਿੰਦੇ ਹਾਂ। ਚਾਰ ਦਿਨ ਬਾਅਦ ਮੈਨੂੰ ਜਵਾਬ ਆ ਗਿਆ ਕਿ ਅਸੀਂ ਈਵਨਿੰਗ ਮੇਲ ਵਿਚ ਵੀ ਕੱਢ ਦਿੱਤਾ ਹੈ ਅਤੇ ਸਾਡਾ ਆਫੀਸਰ ਮਿਲਣ ਗਿਆ ਸੀ ਤੇ ਬੱਚਿਆਂ ਨਾਲ ਗਲਬਾਤ ਕੀਤੀ। ਉਹ ਠੀਕ ਠਾਕ ਸਨ ਤੇ ਕਿਹਾ ਕਿ ਉਹ ਪੜ੍ਹਾਈ ਵਿਚ ਜ਼ਿਆਦਾ ਰੁਝੇ ਹੋਏ ਸਨ, ਏਸ ਕਰਕੇ ਸਾਨੂੰ ਚਿੱਠੀ ਨਹੀਂ ਸੀ ਲਿਖ ਸਕੇ। ਦੂਜੇ ਦਿਨ ਫਿਰ ਪੁਲਿਸ ਵਾਲਿਆਂ ਦੀ ਚਿੱਠੀ ਆ ਗਈ ਕਿ ਸਾਡੇ ਆਫੀਸਰ ਨੇ ਫਿਰ ਜਾ ਕੇ ਤਸਦੀਕ ਕਰ ਲਿਆ ਹੈ ਤੇ ਬਚਿਆਂ ਨੇ ਆਪ ਨੂੰ ਚਿੱਠੀ ਲਿਖ ਦਿੱਤੀ ਹੈ।

ਮਹਾਰਾਜ ਨੇ ਫੁਰਮਾਨ ਕੀਤਾ -

***ਖਾਲਸਾ ਅਕਾਲ ਪੁਰਖ ਕੀ ਫੌਜ॥(ਸਰਬ ਲੋਹ ਗ੍ਰੰਥ 'ਚੋਂ)***

ਰੱਬ ਦੀ ਫੌਜ ਇਸ ਤਰ੍ਹਾਂ ਦੀ ਹੋ ਜਾਵੇ ਕਿ ਸਿਪਾਹੀ ਬਣ ਗਏ ਅਤੇ ਸੰਤ ਨਾ ਬਣੇ। ਮਹਾਰਾਜ ਨੇ ਤਾਂ ਪਹਿਲਾਂ ਸੰਤ ਬਣਾਇਆ ਹੈ, ਫਿਰ ਸਿਪਾਹੀ ਬਣਾਇਆ। ਸੰਤ ਪਹਿਲਾਂ ਦੋ ਸੌ ਸਾਲ ਬਣਾਇਆ ਫਿਰ ਸਿਪਾਹੀਪੁਣਾ ਦਿੱਤਾ ਕਿ ਹੁਣ ਇਨਸਾਫ ਕਰੇਗਾ। ਪੂਰੇ ਇਨਸਾਫ ਨਾਲੋਂ ਟੁਟ ਕੇ ਫਿਰ ਗੁਰੂ ਗ੍ਰੰਥ ਸਾਹਿਬ ਨਾਲੋਂ ਟੁਟ ਗਏ। ਮੈਨੂੰ ਕਹਿਣ ਦੀ ਲੋੜ ਨਹੀਂ, ਤੁਸੀਂ ਆਪੇ ਹੀ ਦੇਖੋ। ਸੋ ਇਸ ਤਰ੍ਹਾਂ ਪ੍ਰਮੇਸ਼ਰ ਦੇ ਵਿਚ ਅਭੇਦ ਕਰ ਦਿੱਤਾ। ਕ੍ਰਿਸ਼ਨ ਮਹਾਰਾਜ ਨੇ ਇਹ ਗੱਲ ਕਰੀ ਕਿ ਸੰਤਾਂ ਨੂੰ ਬੁਲਾ ਕੇ ਕਥਾ ਕੀਰਤਨ ਕਰਾਈਏ, ਤਾਂ ਕਿ ਸੰਸਾਰ ਦਾ ਵੀ ਭਲਾ ਹੋਵੇ। ਕਲਜੁਗ ਨੇ ਤਾਂ ਪੈਰ ਰਖ ਦਿੱਤਾ। ਬਹੁਤ ਸਾਰੇ ਸਾਧੂ ਬੁਲਾ ਲਏ। ਆਪ ਵੀ ਕ੍ਰਿਸ਼ਨ ਮਹਾਰਾਜ ਪ੍ਰਭਾਵ ਸ਼ੇਤਰ ਤੇ ਚਲੇ ਗਏ, ਪ੍ਰਭਾਵ ਸ਼ੇਤਰ ਵਿਚ ਜਾ ਕੇ ਯਥਾਸ਼ਕਤ ਯੱਗ ਵਗੈਰਾ ਸ਼ੁਰੂ ਹੋ ਗਏ ਤੇ ਬਚਿਆਂ ਨੂੰ ਲੈ ਗਏ, ਜਿਹੜੇ ਇਹਨਾਂ ਦੇ ਪੁਤਰ ਪੋਤਰੇ ਸਨ, ਉਨ੍ਹਾਂ ਵਿਚ ਰਾਜਅੰਸ਼ ਸੀ ਕਿਉਂਕਿ ਰਾਜਅੰਸ਼ ਵਿਚ ਵੇਪਰਵਾਹ ਹੋਇਆ ਕਰਦੇ ਹਨ। ਬੱਚੇ ਇਕੱਠੇ ਹੋ ਕੇ ਕਹਿਣ ਲੱਗੇ ਕਿ ਐਨੇ ਸਾਧ ਬੁਲਾਏ ਹੋਏ ਹਨ। ਕੀ ਹੈ ਇਹਨਾਂ ਵਿਚ, ਕੁਝ ਵੀ ਨਹੀਂ ਹੈ। ਅਖੀਰ ਕਹਿਣ ਲੱਗੇ ਕਿ ਅਸੀਂ ਇਹਨਾਂ ਦੀ ਪੋਲ ਕਢੀਏ। ਕ੍ਰਿਸ਼ਨ ਮਹਾਰਾਜ ਦਾ ਪੋਤਰਾ ਸੀ ਅਤੇ ਉਸਦਾ ਨਾਮ 'ਸੰਭ' ਸੀ। ਉਹਦੇ ਪੇਟ ਦੇ ਉਤੇ ਕੱਪੜੇ ਬੰਨ੍ਹ ਦਿੱਤੇ ਤੇ ਪੰਜ ਸੱਤ ਮੁੰਡਿਆਂ ਨੇ ਬੀਬੀਆਂ ਵਾਲੇ ਕੱਪੜੇ ਪਾ ਲਏ। ਨਾਲ ਹੋ ਗਏ ਤਾੜੀ ਵਜਾਉਣ ਵਾਸਤੇ। ਅਗੇ ਗਏ ਨਮਸਕਾਰ ਕਰਨ। ਸੰਤਾਂ ਨੇ ਪੁਛਿਆ, ਕਿਵੇਂ ਆਏ ਬੇਟਾ? ਹੌਲੀ ਦੇ ਕੇ ਦੂਜੇ ਮੁੰਡੇ ਬੋਲ ਪੈਣ ਕਿ ਜੀ ਇਹ ਬੀਬੀ ਹੈ, ਜਿਸਨੇ ਇਹ ਪੁਛਣਾ ਹੈ ਕਿ ਏਹਦੇ ਪੇਟ ਵਿਚ ਲੜਕਾ ਹੈ ਕਿ ਲੜਕੀ? ਇਹ ਸੰਗਦੀ ਬੋਲਦੀ ਨਹੀਂ। ਮਹਾਤਮਾ ਤ੍ਰਿਕਾਲ ਦਰਸ਼ੀ ਸਨ, ਚੁਪ ਕਰ ਗਏ। ਕਹਿਣ ਲੱਗੇ, ਹੋਰ ਬਥੇਰੇ ਸੰਤ ਬੈਠੇ ਹਨ। ਇਹ ਮਹਾਤਮਾ ਤ੍ਰਿਕਾਲ ਦਰਸ਼ੀ ਸਨ। ਮੁੰਡੇ ਤਾੜੀ ਮਾਰ ਕੇ ਹਸ ਪਏ ਤੇ ਕਹਿਣ ਲੱਗੇ ਕਿ ਤੁਸੀਂ ਐਵੇਂ ਪੂਰੀਆਂ ਖਾਣ ਵਾਲੇ ਹੀ ਹੋ ਸੰਤੋ! ਪ੍ਰਸ਼ਾਦ ਛੱਕਣ ਵਾਲੇ ਹੀ ਹੋ? ਕੋਈ ਗਲ ਵੀ ਦਸੋ। ਸੰਤ ਸਹਿੰਦੇ ਗਏ, ਕਿਉਂਕਿ ਸੰਤਾਂ ਦਾ ਸਭ ਤੋਂ ਵੱਡਾ ਗਹਿਣਾ ਸਹਿਨਸ਼ੀਲਤਾ ਹੁੰਦਾ ਹੈ। ਜਿਹੜੇ ਮਹਾਤਮਾ ਵਿਚ ਸਹਿਨਸ਼ੀਲਤਾ ਨਹੀਂ ਆਈ, ਬਚਨ ਨਹੀਂ ਸਹਿ ਸਕਦਾ, ਉਹ ਤਾਂ ਅਜੇ ਕੁਝ ਵੀ ਨਹੀਂ ਬਣਿਆ, ਕੇਵਲ ਭੇਖ ਮਾਤਰ ਸੰਤ ਹੈ, ਲੇਕਿਨ ਅਜੇ ਅੰਦਰਲੇ ਗੁਣ ਨਹੀਂ ਆਏ। ਸਹਿਨਸ਼ੀਲਤਾ ਬਹੁਤ ਵੱਡਾ ਗਹਿਣਾ ਹੋਇਆ ਕਰਦਾ ਹੈ।

ਇਕ ਵਾਰ ਆਸਾਮ ਦੇ ਅੰਦਰ ਇਸ ਬਾਰੇ ਗੱਲ ਚਲ ਪਈ। ਬਹੁਤ ਸਾਰੇ ਸਾਧੂ ਇਕੱਠੇ ਹੋਏ ਹੋਏ ਸਨ ਤੇ ਕਹਿਣ ਲੱਗੇ ਕਿ ਦੇਖੀਏ, ਕੋਈ ਸੱਚਾ ਸਾਧੂ ਹੈ? ਉਥੇ ਇਕ ਨਾਗਾ ਸੰਤ ਸੀ। ਕਹਿਣ ਲੱਗਾ ਕਿ ਮੈਂ ਪੰਜਾਬ ਤੋਂ ਆਇਆ ਹਾਂ, ਉਥੇ ਮੈਨੂੰ ਇਕ ਐਸੇ ਸੰਤਾਂ ਨਾਲ ਵਾਹ ਪਿਆ, ਜਿਹਨਾਂ ਦਾ ਨਾਮ ਸੀ ਸੰਤ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ। ਉਹ ਇਕ ਬਹੁਤ ਉਚੇ ਮਹਾਤਮਾ ਹਨ। ਦੂਜਾ ਕਹਿਣ ਲੱਗਾ, ਲੈ ਹੋ ਸਕਦਾ ਹੈ ਜੇਕਰ ਸੰਤ ਨੂੰ ਗੁੱਸੇ ਕਰਨਾ ਹੋਵੇ ਤਾਂ ਅਸੀਂ ਬਥੇਰਾ ਕੁਝ ਜਾਣਦੇ ਹਾਂ, ਜੋ ਚਾਹੋ ਕਰ ਲਵੋ। ਪਰ ਸੰਤਾਂ ਨੂੰ ਗੁੱਸੇ ਨਹੀਂ ਕਰਨਾ ਚਾਹੀਦਾ।

***ਸੰਤਨ ਸੇਤੀ ਮਸਕਰੀ ਇਹ ਡੂਬਨ ਕੀ ਰੀਤ॥***

ਇਹ ਡੁਬਣ ਦੀ ਰੀਤ ਹੋਇਆ ਕਰਦੀ ਹੈ।

***'ਚਲਦਾ'***


**For more information**

**please visit us on internet at -**

http://www.atammarg.org

&

http://www.atammarg.com

# ਅਨੰਦਮਈ ਜੀਵਨ ਜਾਚ
# The Art of Joyful Living

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ - 60 )*

ਬਹੁਤ ਵਾਰੀ ਤੁਹਾਡੀ ਪ੍ਰਾਥਨਾ ਬੜੀ ਬਚਕਾਨੀ ਹੁੰਦੀ ਹੈ ਬਿਲਕੁਲ ਇਕ ਬੱਚੇ ਵਰਗੀ ਜਿਵੇਂ ਇਕ ਬੱਚਾ ਆਪਣੀ ਮਾਂ ਕੋਲੋਂ ਮੰਗ ਰਿਹਾ ਹੋਵੇ, ਇਹ ਦੇ ਦੇ ਉਹ ਦੇ ਦੇ, ਸਾਰਾ ਦਿਨ ਇਹ ਹੀ ਰਾਗ। ਇਹੋ ਜਿਹੀ ਅਰਦਾਸ ਤੁਹਾਨੂੰ ਮੰਗਤਾ ਬਣਾ ਦਿੰਦੀ ਹੈ ਤੇ ਮੰਗਤਾ ਕਦੀ ਵੀ ਪ੍ਰੀਤਮ ਨੂੰ ਨਹੀਂ ਮਿਲ ਸਕਦਾ, ਪ੍ਰਭੂ ਮਿਲਾਪ ਲਈ ਪ੍ਰਭੂ ਹੀ ਬਣਨਾ ਪੈਂਦਾ ਹੈ, ਪ੍ਰਭੂ ਤਾਂ ਹੀ ਬਣ ਸਕਦੇ ਹੋ ਜਦੋਂ ਆਪਾ ਚੀਨ ਲਵੋ, ਆਪਾ ਚੀਨੇ ਬਿਨਾਂ ਤੁਸੀਂ ਪ੍ਰਭੂ ਨਹੀਂ ਬਣ ਸਕਦੇ।

ਸਭ ਤੋਂ ਪਹਿਲੀ ਗੱਲ ਤੁਹਾਨੂੰ ਆਪਣੇ ਕਰਮ ਸੁਚੱਜੀ ਤਰ੍ਹਾਂ ਕਰਨੇ ਸਿੱਖਣੇ ਚਾਹੀਦੇ ਹਨ। ਜੋ ਵੀ ਤੁਸੀਂ ਕਰਮ ਕਰਦੇ ਹੋ, ਤੁਸੀਂ ਆਪਣੀ ਡੀਊਟੀ ਜਾਣ ਕੇ ਕਰਦੇ ਹੋ। ਡੀਊਟੀ ਤੋਂ ਬਿਨਾਂ ਕਰਮ ਦੀ ਕੋਈ ਮਹੱਤਤਾ ਹੀ ਨਹੀਂ। ਕਰਮ ਤੁਹਾਡੀ ਡੀਊਟੀ ਹੀ ਬਣ ਜਾਂਦੇ ਹਨ ਕਿਉਂਕਿ ਤੁਸੀਂ ਉਨ੍ਹਾਂ ਨੂੰ ਡੀਊਟੀ ਸਮਝ ਕੇ ਕਰਦੇ ਹੋ। ਤੁਸੀਂ ਪਰਿਵਾਰ ਦੇ ਸਦੱਸਿਆ ਹੋਣ ਦੇ ਨਾਤੇ ਕੁਝ ਡੀਊਟੀ ਕਰਦੇ ਹੋ ਫੇਰ ਤੁਸੀਂ ਉਸ ਡੀਊਟੀ ਅਨੁਸਾਰ ਕਰਮ ਕਰਦੇ ਹੋ।

ਅਗਲੀ ਗੱਲ ਹੋਰ ਵੀ ਚੰਗੀ ਤਰ੍ਹਾਂ ਸਮਝਣ ਵਾਲੀ ਹੈ। ਜਦੋਂ ਤੁਸੀਂ ਕੋਈ ਕਰਮ ਕਰਦੇ ਹੋ, ਤੁਹਾਨੂੰ ਫਲ ਮਿਲਣਾ ਹੀ ਮਿਲਣਾ ਹੈ। ਇਹ ਇਕ ਵਿਗਿਆਨਕ ਤੱਤ ਹੈ, ਹਰ ਇਕ ਕਾਰਜ ਦਾ ਸਿੱਟਾ ਤਾਂ ਨਿਕਲਣਾ ਹੀ ਹੈ। ਜਿਹੜਾ ਵੀ ਕਰਮ ਤੁਸੀਂ ਕਰੋਗੇ ਫਲ ਤਾਂ ਅਵੱਸ਼ ਮਿਲਣਾ ਹੀ ਹੈ।

ਜਿਹੜੇ ਫਲ ਤੁਹਾਨੂੰ ਮਿਲਦੇ ਹਨ ਉਹ ਤੁਹਾਨੂੰ ਕਰਮ ਕਰਨ ਲਈ ਫੇਰ ਉਤਸ਼ਾਹਿਤ ਕਰਨਗੇ। ਸੋ ਤੁਸੀਂ ਸਵੇਰ ਤੋਂ ਸ਼ਾਮ ਤਕ, ਤੁਸੀਂ ਸਾਰੀ ਜ਼ਿੰਦਗੀ ਅਣਥੱਕ ਕਰਮ ਹੀ ਕਰਦੇ ਤੁਰੇ ਜਾਂਦੇ ਹੋ ਤੇ ਇਹ ਇਕ ਨਾ ਖਤਮ ਹੋਣ ਵਾਲਾ ਤਾਂਤਾ ਹੈ। ਕਰਮ ਕਰੋ, ਫਲ ਮਿਲੇ, ਫੇਰ ਕਰਮ, ਫੇਰ ਫਲ ਮਿਲੇ, ਇਵੇਂ ਹੀ ਚਲਦਾ ਰਹਿੰਦਾ ਹੈ ਇਹ ਇਕ ਘੁੰਮਣਘੇਰੀ ਬਣ ਜਾਂਦਾ ਹੈ ਤੇ ਤੁਹਾਡਾ ਉਹਦੇ ਵਿਚੋਂ ਨਿਕਲਣਾ ਔਖਾ ਹੋ ਜਾਂਦਾ ਹੈ। ਤੁਸੀਂ ਇਸ ਘੁੰਮਣਘੇਰੀ ਵਿਚ ਘਿਰ ਜਾਂਦੇ ਹੋ ਤੇ ਕਰਮ ਕੀਤੇ ਬਿਨਾਂ ਨਹੀਂ ਰਹਿ ਸਕਦੇ। ਮਨੁੱਖ ਨੂੰ ਕਰਮ ਕਰਨੇ ਪੈਂਦੇ ਹਨ ਕਿਉਂਕਿ ਉਸ ਨੇ ਮਨੁੱਖਾ ਜਨਮ ਲਿਆ ਹੈ। ਇਸ ਤਰ੍ਹਾਂ ਕਰਨ ਨਾਲ ਤੁਹਾਡੀਆਂ ਆਦਤਾਂ ਪੱਕ ਜਾਂਦੀਆਂ ਹਨ। ਇਕ ਦਿਨ ਤੁਸੀਂ ਕੋਈ ਕਰਮ ਕਰਦੇ ਹੋ, ਅਗਲੇ ਦਿਨ ਤੁਹਾਡੀ ਯਾਦ ਉਸ ਕਰਮ ਕਰਨ ਨੂੰ ਫੇਰ ਪ੍ਰੇਰਦੀ ਹੈ, ਫੇਰ ਇਸ ਤਰ੍ਹਾਂ ਨਾਲ ਤੁਸੀਂ ਦੁਬਾਰਾ ਦੁਬਾਰਾ ਦੁਹਰਾਉਂਦੇ ਚਲੇ ਜਾਂਦੇ ਹੋ। ਜਿੰਨਾਂ ਤੁਸੀਂ ਕਰੀ ਜਾਂਦੇ ਹੋ ਓਨਾਂ ਹੀ ਇਹ ਤੁਹਾਡੇ ਅੰਦਰ ਘਰ ਕਰਦਾ ਜਾਂਦਾ ਹੈ ਤੇ ਅੰਤ ਇਹ ਤੁਹਾਡੀ ਇਕ ਆਦਤ ਬਣ ਜਾਂਦੀ ਹੈ।

ਕਈ ਵਾਰੀ ਤੁਸੀਂ ਸੋਚਦੇ ਹੋ ਤੁਹਾਡੀ ਆਦਤ ਤਾਂ ਓਪਰੀ ਜਿਹੀ ਹੀ ਹੈ, ਜਦੋਂ ਚਾਹਾਂ ਸ਼ਰਾਬ ਪੀਣੀ ਛੱਡ ਸਕਦਾ ਹਾਂ, ਕਿਉਂਕਿ ਬੜੀ ਦੇਰ ਤੋਂ ਪੀਤੀ ਨਹੀਂ ਹੈ, ਪਰ ਜਦੋਂ ਕਦੀ ਤੁਸੀਂ ਆਪਣੀ ਆਦਤ ਦੇਖਦੇ ਹੋ, ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਤਾਂ ਬਹੁਤ ਦੇਰ ਤਕ ਸ਼ਰਾਬ ਪੀਂਦੇ ਰਹੇ ਹੋ ਤੇ ਹੁਣ ਤੁਹਾਡੇ ਵਾਸਤੇ ਸ਼ਰਾਬ ਛੱਡਣੀ ਬੜੀ ਔਖੀ ਗੱਲ ਹੈ। ਪਰ ਫੇਰ ਵੀ ਤੁਸੀਂ ਆਪਣਾ ਵਤੀਰਾ ਬਦਲ ਸਕਦੇ ਹੋ, ਤੁਸੀਂ ਬੰਧਨਾਂ ਤੋਂ ਛੁਟ ਸਕਦੇ ਹੋ, ਅਮਲਾਂ ਤੋਂ ਭੈੜੀਆਂ ਆਦਤਾਂ ਤੋਂ ਛੁਟਕਾਰਾ ਪਾ ਸਕਦੇ ਹੋ ਜੇ ਤੁਸੀਂ ਦ੍ਰਿੜ੍ਹ ਇਰਾਦਾ ਕਰ ਲਵੋ ਤੇ ਕਹੋ ਕਿ ਮੈਨੂੰ ਮਦਦ ਚਾਹੀਦੀ ਹੈ। ਸੰਸਾਰ ਵਿਚ ਇਹੋ ਜਿਹੇ ਲੋਕ ਤੁਹਾਨੂੰ ਮਿਲ ਜਾਣਗੇ ਜਿਹੜੇ ਤੁਹਾਡੀ ਸਹਾਇਤਾ ਕਰਨ ਨੂੰ ਤਿਆਰ ਹਨ ਪਰ ਜੇ ਤੁਸੀਂ ਸਹਾਇਤਾ ਚਾਹੁੰਦੇ ਹੋ ਤਾਂ। ਤੁਸੀਂ ਕੋਈ ਪਾਪ ਨਹੀਂ ਕਰ ਰਹੇ, ਸਮੱਸਿਆ ਤੁਹਾਡੀ ਭੈੜੀ ਆਦਤ ਦੀ ਹੈ। ਜੇ ਤੁਸੀਂ ਆਪਣੇ ਵਿਅਕਤੀਤ੍ਵ ਨੂੰ ਨੇੜੇ ਹੋ ਕੇ ਦੇਖੋਗੇ, ਤੁਸੀਂ ਮਹਿਸੂਸ ਕਰੋਗੇ ਕਿ ਤੁਹਾਡਾ ਵਿਅਕਤੀਤ੍ਵ ਆਦਤਾਂ ਦਾ ਇਕ ਜੋੜ ਹੈ, ਤੁਹਾਡੀਆਂ ਆਦਤਾਂ ਹੀ ਜੁੜ ਕੇ ਤੁਹਾਡਾ ਵਿਅਕਤੀਤ੍ਵ ਬਣਦਾ ਹੈ। ਤੁਹਾਡੀਆਂ ਆਦਤਾਂ ਦਾ ਤਾਣਾ ਬਾਣਾ ਤੁਹਾਡੀ ਸਖਸ਼ੀਅਤ ਹੈ ਤੇ ਤੁਹਾਡੀਆਂ ਆਦਤਾਂ ਤੁਹਾਡੇ ਕਰਮਾਂ ਨੂੰ ਬਾਰ ਬਾਰ ਦੁਹਰਾ ਕੇ ਬਣੀਆਂ ਹਨ। ਕਦੀ ਵੀ ਕੋਈ ਕਰਮ ਨਹੀਂ ਕੀਤਾ ਜਾ ਸਕਦਾ ਜੇ ਉਸ ਦਾ ਬੀਜ ਤੁਹਾਡੇ ਦਿਮਾਗ ਵਿਚ ਨਾ ਹੋਵੇ, ਤੁਸੀਂ ਸੋਚਿਆ ਨਾ ਹੋਵੇ, ਜਾਂ ਤੁਸੀਂ ਕਿਸੇ ਪੱਧਰ ਚਾਹੁੰਦੇ ਨਾ ਹੋਵੇ ਤੁਹਾਡੀ ਸਖਸ਼ੀਅਤ ਤੇ ਆਦਤਾਂ ਉਸੇ ਪੱਧਰ ਦਾ ਪ੍ਰਤੀਕ ਬਣਦੀਆਂ ਹਨ।

ਮਿਸਾਲ ਵਜੋਂ ਜੇ ਤੁਸੀਂ ਕਦੀ ਸੋਚਿਆ ਹੀ ਨਹੀਂ ਕਿ ਤੁਸੀਂ ਓਸ ਪਾਸੇ ਜਾਓਗੇ, ਤੁਸੀਂ ਕਦੀ ਜਾਓਗੇ ਹੀ ਨਹੀਂ। ਤੁਹਾਡੇ ਕਰਮਾਂ ਨੂੰ ਪ੍ਰੇਰਤ ਕਰਨ ਵਾਲੀ ਤੁਹਾਡੀ ਸੋਚ ਹੈ ਪਰ ਸੋਚ ਤੋਂ ਵੀ ਡੂੰਘੀ ਕੋਈ ਹੋਰ ਚੀਜ਼ ਹੈ - ਉਹ ਹਨ ਤੁਹਾਡੇ ਸੰਵੇਗ, ਤੁਹਾਡੇ ਭਾਵ। ਜੇ ਕਿਤੇ ਤੁਸੀਂ ਭਾਵਨਾ ਸ਼ਕਤੀ, ਸੰਵੇਗਕ ਸ਼ਕਤੀ ਦੀ ਵਰਤੋਂ ਕਰਕੇ ਅਧਿਆਤਮਕ ਅਨੰਦ ਦੀ ਚਰਾਸੀਮ ਤੇ ਪਹੁੰਚ ਸਕਦੇ ਹੋ ਪਰ ਜੇ ਤੁਸੀਂ ਇਹ ਸੰਵੇਗ ਸ਼ਕਤੀ ਨਖੇਦੀ ਵਲ ਲੈ ਜਾਓ ਫੇਰ ਤੁਸੀਂ ਬਰਬਾਦ ਹੋ ਜਾਂਦੇ ਹੋ, ਫੇਰ ਤੁਸੀਂ ਕਿਸੇ ਪਾਸੇ ਦੇ ਨਹੀਂ

ਰਹਿੰਦੇ। ਤੁਹਾਡੇ ਅੰਦਰ ਭੰਡਾਰ ਹੈ - ਗੁਣਾਂ ਦਾ ਭੰਡਾਰ, ਸ਼ਕਤੀਆਂ ਦਾ ਭੰਡਾਰ, ਤੁਸੀਂ ਉਸ ਨੂੰ ਵਰਤ ਨਹੀਂ ਰਹੇ ਜਾਂ ਉਸ ਦੀ ਗਲਤ ਵਰਤੋਂ ਹੋ ਰਹੀ ਹੈ, ਤੁਸੀਂ ਉਹ ਸ਼ਕਤੀ ਗਲਤ ਆਦਤਾਂ ਬਣਾਉਣ ਲਈ ਵਰਤ ਰਹੇ ਹੋ।

ਤੁਸੀਂ ਇਹ ਕਿਵੇਂ ਕਹਿ ਸਕਦੇ ਹੋ ਕਿਹੜੀਆਂ ਆਦਤਾਂ ਭੈੜੀਆਂ ਹਨ ਤੇ ਕਿਹੜੀਆਂ ਚੰਗੀਆਂ ਹਨ? ਭੈੜੀਆਂ ਆਦਤਾਂ ਉਹ ਹਨ ਜਿਹੜੀਆਂ ਤੁਹਾਡੀ ਸਿਹਤ ਲਈ ਹਰ ਤਰ੍ਹਾਂ ਨਾਲ ਹਾਨੀਕਾਰਕ ਹਨ। ਭਾਵ ਸਰੀਰਕ ਤੌਰ ਤੇ ਅਤੇ ਅਧਿਆਤਮ ਪੱਖੋਂ ਹਰ ਤਰ੍ਹਾਂ ਨਾਲ ਚੰਗੀਆਂ ਆਦਤਾਂ ਉਹ ਹਨ ਜੋ ਤੁਹਾਡੇ ਸਰੀਰ ਲਈ ਹੀ ਲਾਭਵੰਦ ਨਹੀਂ, ਵੈਸੇ ਵੀ ਤੁਹਾਡੇ ਲਈ ਚੰਗੀਆਂ ਹਨ। ਉਪਨਿਸ਼ਦਾਂ ਵਿਚ ਦੋ ਤਰ੍ਹਾਂ ਦੇ ਅਭਿਆਸ ਦੱਸੇ ਗਏ ਹਨ - ਸ਼ਰੇਅ ਤੇ ਪਰਿਆਸ। ਪਰਿਆਸ ਤੋਂ ਭਾਵ ਹੈ ਚੰਗਾ ਤੇ ਸ਼ਰੇਅ ਤੋਂ ਭਾਵ ਹੈ ਸਹਾਇਕ ਭਾਵ ਖੁਸ਼ੀ ਦੇਣ ਵਾਲਾ ਤੇ ਸਹਾਇਤਾ ਦੇਣ ਵਾਲਾ। ਬਹੁਤ ਵਾਰੀ ਇਸ ਤਰ੍ਹਾਂ ਹੁੰਦਾ ਹੈ ਕਿ ਚੰਗੇ ਖੁਸ਼ੀ ਦੇਣ ਵਾਲੇ ਅਨੁਭਵ ਸਹਾਇਕ ਜਾਂ ਚੰਗੇ ਨਹੀਂ ਹੁੰਦੇ। ਬਹੁਤ ਵਾਰੀ ਸਹਾਇਤਾ ਕਰਨ ਵਾਲੇ ਚੰਗੇ ਅਨੁਭਵ ਖੁਸ਼ੀ ਭਰਪੂਰ ਨਹੀਂ ਹੁੰਦੇ। ਇਹ ਇਸ ਕਰਕੇ ਹੁੰਦਾ ਹੈ ਕਿਉਂਕਿ ਤੁਹਾਡੀਆਂ ਆਦਤਾਂ ਚੰਗੀਆਂ ਨਹੀਂ ਹੁੰਦੀਆਂ। ਤੁਹਾਨੂੰ ਇਹ ਗੱਲ ਚੰਗੀ ਤਰ੍ਹਾਂ ਸਮਝਣੀ ਪਵੇਗੀ ਕਿ ਤੁਹਾਡੇ ਲਈ ਚੰਗਾ ਕੀ ਹੈ? ਤੁਹਾਡੇ ਲਈ ਸਹਾਇਕ ਕੀ ਹੈ? ਜੇ ਮੈਂ ਕਿਸੇ ਨੂੰ ਕਹਾਂ, ਤੁਸੀਂ ਖੰਡ ਨਹੀਂ ਖਾਣੀ ਜਾਂ ਇਹ ਕਹਾਂ, ਤੁਸੀਂ ਆਪਣੇ ਪਤੀ ਨਾਲ ਨਰਾਜ਼ ਨਹੀਂ ਹੋਣਾ, ਅਗੋਂ ਉਹ ਕਹੇ ਮੈਂ ਕੀ ਕਰਾਂ, ਮੈਂ ਪਤੀ ਨੂੰ ਪਿਆਰ ਤਾਂ ਬਹੁਤ ਕਰਦੀ ਹਾਂ ਪਰ ਮੈਂ ਗੁੱਸੇ ਹਾਂ ਜਾਂ ਉਹ ਕਹੇ ਮੈਂ ਕੀ ਕਰਾਂ ਮੈਂ ਤਾਂ ਖੰਡ ਖਾਣਾ ਨਹੀਂ ਛੱਡ ਸਕਦੀ। ਉਹ ਬੀਬੀ ਜਾਣਦੀ ਹੈ ਕਿ ਉਸ ਦਾ ਪਤੀ ਬਹੁਤ ਹੀ ਚੰਗਾ ਮਨੁੱਖ ਹੈ ਤੇ ਉਹ ਉਸਨੂੰ ਬਹੁਤ ਹੀ ਪਿਆਰ ਕਰਦੀ ਹੈ ਤੇ ਉਹ ਖੰਡ ਖਾਂਦੀ ਹੈ ਤੇ ਉਹ ਉਸਨੂੰ ਖਰਾਬ ਕਰਦੀ ਹੈ, ਨੁਕਸਾਨ ਪਹੁੰਚਾਉਂਦੀ ਹੈ, ਉਹ ਖੰਡ ਹੀ ਉਸ ਨੂੰ ਚਿੜਚਿੜਾ ਬਣਾ ਕੇ ਗੁੱਸਾ ਦਿਵਾਉਂਦੀ ਹੈ, ਉਸ ਦੇ ਅੰਤਰ ਲਈ ਚੀਨੀ ਠੀਕ ਨਹੀਂ, ਉਹ ਚਿੜਚਿੜੀ ਹੋ ਕੇ ਪਤੀ ਨਾਲ ਗੁੱਸੇ ਹੋ ਜਾਂਦੀ ਹੈ।

ਇਹ ਆਦਤ ਹੈ। ਤੁਹਾਨੂੰ ਪਤਾ ਹੈ ਕਿ ਤੁਸੀਂ ਇਸ ਤਰ੍ਹਾਂ ਦਾ ਵਿਹਾਰ ਕਰਕੇ ਦੁਖੀ ਹੋ ਰਹੇ ਹੋ, ਦੁਖੀ ਹੋਣ ਦਾ ਕਾਰਨ ਬਾਹਰ ਨਾ ਢੂੰਡੋ, ਆਪਣੇ ਅੰਦਰ ਝਾਤੀ ਮਾਰੋ। ਸੰਸਾਰ ਦੀ ਕੋਈ ਵੀ ਚੀਜ਼ ਤੁਹਾਡੀ ਸਹਾਇਤਾ ਨਹੀਂ ਕਰ ਸਕਦੀ ਜੇ ਤੁਸੀਂ ਆਪਣੀ ਸਹਾਇਤਾ ਆਪ ਨਾ ਕਰੋ। ਜਦੋਂ ਤੁਸੀਂ ਆਪਣੀ ਸਹਾਇਤਾ ਆਪ ਕਰੋਗੇ, ਜਦੋਂ ਵੀ ਕੋਈ ਮਨੁੱਖ ਆਪਣੇ ਆਪ ਨੂੰ ਸੋਧਣ ਦਾ ਪ੍ਰਣ ਕਰ ਲੈਂਦਾ ਹੈ ਫੇਰ ਪ੍ਰਮਾਤਮਾ ਵੀ ਉਸਦੀ ਸਹਾਇਤਾ ਕਰਦਾ ਹੈ। ਜੇ ਤੁਸੀਂ ਆਪਣੇ ਆਪ ਨੂੰ ਬਿਮਾਰ ਕਰਦੇ ਹੋ ਤਾਂ ਪ੍ਰਮਾਤਮਾ ਵੀ ਤੁਹਾਨੂੰ ਬਿਮਾਰ ਹੀ ਕਰਦਾ ਹੈ। ਜੇ ਤੁਸੀਂ ਆਪਣੇ ਆਪ ਨੂੰ ਤੰਦਰੁਸਤ ਰਖਦੇ ਹੋ ਤਾਂ ਪ੍ਰਮਾਤਮਾ ਵੀ ਤੁਹਾਡੀ ਸਹਾਇਤਾ ਉਸ ਤਰ੍ਹਾਂ ਹੀ ਕਰੇਗਾ, ਪ੍ਰਮਾਤਮਾ ਵੀ ਤੁਹਾਨੂੰ ਤੰਦਰੁਸਤ ਰਹਿਣ ਦੀ ਸ਼ਕਤੀ ਦੇਵੇਗਾ।

ਆਪਣੇ ਆਪ ਨੂੰ ਸੁਧਾਰਨਾ, ਆਪਾ ਚੀਨਣਾ ਤੁਹਾਨੂੰ ਕਦੀ ਨਹੀਂ ਛੱਡਣਾ ਚਾਹੀਦਾ। ਸਭ ਤੋਂ ਵੱਧ ਨੁਕਸਾਨ ਪਹੁੰਚਾਉਣ ਵਾਲੀ ਗੱਲ ਉਹ ਹੈ ਜਦੋਂ ਤੁਸੀਂ ਆਪਣੀ ਇੱਛਾ ਸ਼ਕਤੀ ਨੂੰ ਕਮਜ਼ੋਰ ਕਰ ਲੈਂਦੇ ਹੋ ਜਦੋਂ ਤੁਹਾਡੀ ਇੱਛਾ ਸ਼ਕਤੀ ਕਹਿੰਦੀ ਹੈ ਕਿ ਮੈਂ ਨਹੀਂ ਕਰ ਸਕਦਾ। ਸਭ ਤੋਂ ਚੰਗਾ ਉਹ ਹੁੰਦਾ ਹੈ ਜਦੋਂ ਤੁਸੀਂ ਕਹਿੰਦੇ ਹੋ, ਮੈਂ ਇਹ ਕਰ ਸਕਦਾ ਹਾਂ, ਮੈਂ ਇਹ ਕਰਾਂਗਾ। ਤੁਹਾਨੂੰ ਆਪਣੇ ਆਪ ਨੂੰ ਇਹ ਹੀ ਯਾਦ ਕਰਾਉਣਾ ਚਾਹੀਦਾ ਹੈ, ਤੁਹਾਨੂੰ ਇਸ ਤਰ੍ਹਾਂ ਹੀ ਕਰਨਾ ਚਾਹੀਦਾ ਹੈ, ਇਹ ਹੀ ਕਹਿਣਾ ਚਾਹੀਦਾ ਹੈ ਕਿ ਮੈਂ ਕਰ ਸਕਦਾ ਹਾਂ, ਮੈਂ ਕਰਾਂਗਾ।

ਜੇ ਤੁਸੀਂ ਇਕ ਵਾਰੀ ਕਾਮਯਾਬ ਨਾ ਹੋਵੋ, ਦੁਬਾਰਾ ਕੋਸ਼ਿਸ਼ ਕਰੋ; ਛੱਡੋ ਨਾ, ਛੱਡਣਾ ਹਾਰ ਹੈ, ਜੇ ਛੱਡ ਦਿਓਗੇ ਤਾਂ ਤੁਹਾਡਾ ਅੰਤਰ ਕਮਜ਼ੋਰ ਪੈ ਜਾਵੇਗਾ, ਤੁਹਾਡੀ ਸੰਵੇਦਨ ਸ਼ਕਤੀ ਨੂੰ ਸੱਟ ਲੱਗੇਗੀ। ਆਪਣੇ ਆਪ ਨੂੰ ਸੋਧੋ, ਆਪਣੇ ਆਪ ਨੂੰ ਸੋਧ ਕੇ ਹੀ ਤੁਸੀਂ ਸੰਪੂਰਨ ਬਣ ਸਕਦੇ ਹੋ। ਮਿਸਾਲ ਵਜੋਂ ਜੇ ਤੁਸੀਂ ਬਹੁਤ ਬੋਲਦੇ ਹੋ, ਤਾਂ ਆਪਣੇ ਆਪ ਨੂੰ ਯਾਦ ਕਰਾਓ ਕਿ ਤੁਸੀਂ ਬੋਲੋਗੇ ਤਾਂ ਚੰਗਾ ਬੋਲੋਗੇ, ਨਹੀਂ ਤਾਂ ਚੁੱਪ ਰਹੋਗੇ, ਬਿਨਾਂ ਮਤਲਬ ਤੋਂ ਨਹੀਂ ਬੋਲੋਗੇ। ਜਿਹੜੇ ਲੋਕੀ ਬਹੁਤਾ ਬੋਲਦੇ ਹਨ ਉਹ ਗਲਤ ਬੋਲਦੇ ਹਨ, ਬਿਨਾਂ ਮਤਲਬ ਦੇ ਬੋਲਦੇ ਹਨ। ਬਹੁਤ ਬੋਲਣ ਵਾਲੇ ਉਹ ਨਹੀਂ ਬੋਲਦੇ ਜੋ ਉਨ੍ਹਾਂ ਨੂੰ ਬੋਲਣਾ ਚਾਹੀਦਾ ਹੈ ਜਾਂ ਜੋ ਉਹ ਕਹਿਣਾ ਚਾਹੁੰਦੇ ਹਨ। ਜਦੋਂ ਤੁਸੀਂ ਬੋਲਦੇ ਹੋ, ਤੁਹਾਡੀ ਸ਼ਕਤੀ ਲਗਦੀ ਹੈ। ਇਸ ਤਰ੍ਹਾਂ ਹੀ ਜਦੋਂ ਤੁਸੀਂ ਕਰਮ ਕਰਦੇ ਹੋ, ਜਦੋਂ ਤੁਸੀਂ ਗਲਤ ਕਰਮ ਜਾਂ ਬਿਨਾਂ ਲੋੜ ਤੋਂ ਕਰਮ ਕਰਦੇ ਹੋ ਤੁਸੀਂ ਆਪਣੀ ਸ਼ਕਤੀ ਗੁਆ ਰਹੇ ਹੋ, ਉਸ ਨਾਲ ਤੁਹਾਡੀ ਸਿਹਤ ਤੇ ਵੀ ਪ੍ਰਭਾਵ ਪੈਂਦਾ ਹੈ ਤੇ ਨਾਲ ਹੀ ਤੁਹਾਡਾ ਭਵਿੱਖ ਵੀ ਠੀਕ ਨਹੀਂ ਰਹਿੰਦਾ।

ਪਰ ਤੁਹਾਨੂੰ ਕਦੀ ਆਪਾ ਚੀਨਣਾ ਛੱਡਣਾ ਨਹੀਂ ਚਾਹੀਦਾ। ਤੁਹਾਨੂੰ ਬਹੁਤ ਸਾਰੇ ਇਸ ਤਰ੍ਹਾਂ ਦੇ ਉਦਾਹਰਣ ਮਿਲ ਜਾਣਗੇ ਜਿਨ੍ਹਾਂ ਨੇ ਆਪਣੇ ਆਪ ਨੂੰ ਸੁਧਾਰਿਆ ਹੈ ਤੇ ਆਪਣੇ ਵਿਅਕਤੀਤ੍ਵ ਵਿਚ ਬਹੁਤ ਸਾਰੇ ਸੁਧਾਰ ਲਿਆਂਦੇ ਹਨ। ਤੁਸੀਂ ਬਾਲਮੀਕ ਦੀ ਉਦਾਹਰਣ ਹੀ ਲੈ ਲਓ, ਬਾਲਮੀਕ ਡਾਕੇ ਮਾਰਦੇ ਸੀ ਤੇ ਸਾਧੂ ਸੰਤਾਂ ਨੂੰ ਲੁੱਟਦਾ ਸੀ। ਇਕ ਵਾਰੀ ਦੀ ਗੱਲ ਹੈ, ਸਵਾਮੀ ਉਥੋਂ ਲੰਘ ਰਹੇ ਸੀ, ਉਨ੍ਹਾਂ ਕੋਲ ਕੁਝ ਵੀ ਨਹੀਂ ਸੀ, ਕੇਵਲ ਪਾਣੀ ਪੀਣ ਲਈ ਇਕ ਬਰਤਨ ਸੀ। ਬਾਲਮੀਕ ਨੇ ਉਨ੍ਹਾਂ ਨੂੰ ਪਕੜ ਲਿਆ, ਉਨ੍ਹਾਂ ਦਾ ਬਰਤਨ ਖੋਹ ਲਿਆ ਤੇ ਉਨ੍ਹਾਂ ਨੂੰ ਬਹੁਤ ਮਾਰਿਆ। ਸਵਾਮੀ ਨੇ ਕਿਹਾ, ਬੇਟਾ! ਪਹਿਲਾਂ ਮੇਰੀ ਗੱਲ ਸੁਣ, ਫੇਰ ਤੂੰ ਜੋ ਮਰਜ਼ੀ ਹੈ ਕਰ ਲਵੀਂ, ਚਾਹੇ ਮੈਨੂੰ ਮਾਰ ਲਈਂ। ਪਹਿਲਾਂ ਮੈਨੂੰ ਇਹ ਦੱਸ, ਇਹ ਕਿਉਂ ਕਰ

ਰਿਹਾ ਹੈਂ? ਤੂੰ ਕੀ ਸੋਚਦਾ ਹੈਂ? ਇਹ ਤੂੰ ਆਪਣੀ ਪਤਨੀ ਲਈ ਤੇ ਬੱਚਿਆਂ ਲਈ ਕਰ ਰਿਹਾ ਹੈਂ? ਇਹ ਭੈੜੀ ਆਦਤ ਤੂੰ ਕਿਉਂ ਬਣਾਈ ਹੈ?

ਇਸ ਤਰ੍ਹਾਂ ਹੀ ਸੇਂਟ ਪਾਲ ਨਾਲ ਹੋਇਆ। ਸੇਂਟ ਬਣਨ ਤੋਂ ਪਹਿਲਾਂ ਉਹ ਇਕ ਭੈੜਾ ਮਨੁੱਖ ਸੀ, ਉਹ ਦਮਸ਼ਕ ਜਾ ਰਿਹਾ ਸੀ ਜਦੋਂ ਰਾਹ ਵਿਚ ਉਸ ਦਾ ਉਧਾਰ ਹੋਇਆ ਕਿਉਂਕਿ ਉਸ ਦੇ ਅੰਤਰ ਨੇ ਪ੍ਰਸ਼ਨ ਪੁੱਛਣੇ ਸ਼ੁਰੂ ਕਰ ਦਿਤੇ ਕਿ ਤੂੰ ਇਹ ਕਿਉਂ ਕਰ ਰਿਹਾ ਹੈਂ, ਤੂੰ ਚੰਗੇ ਰਸਤੇ ਕਿਉਂ ਨਹੀਂ ਚਲ ਰਿਹਾ। ਉਸ ਨੇ ਆਪਣੇ ਅੰਤਰ ਦੀ ਆਵਾਜ਼ ਸੁਣੀ ਤੇ ਆਪਣੇ ਆਪ ਨੂੰ ਸੋਧਿਆ।

ਇਹ ਬਹੁਤ ਵਾਰੀ ਹੁੰਦਾ ਹੈ। ਭਾਵੇਂ ਅਸੀਂ ਪੜ੍ਹੇ ਹੋਏ ਹੋਈਏ ਭਾਵੇਂ ਅਨਪੜ੍ਹ, ਸਾਡੇ ਅੰਦਰੋਂ ਆਵਾਜ਼ ਆਉਂਦੀ ਹੈ। ਤੁਸੀਂ ਇਹ ਸਭ ਕੁਝ ਕਿਉਂ ਕਰ ਰਹੇ ਹੋ? ਤੁਹਾਨੂੰ ਬਾਹਰੋਂ ਕਿਸੇ ਤੋਂ ਪੁੱਛਣ ਦੀ ਲੋੜ ਨਹੀਂ, ਬਾਹਰੋਂ ਕਿਸੇ ਦੇ ਦੱਸਣ ਦੀ ਲੋੜ ਨਹੀਂ, ਕੀ ਠੀਕ ਹੈ ਕੀ ਗਲਤ ਹੈ।

ਜਦੋਂ ਤੁਸੀਂ ਇਕ ਚੀਜ਼ ਨੂੰ ਬਾਰ ਬਾਰ ਕਰਦੇ ਹੋ, ਉਹ ਤੁਹਾਡੇ ਲਈ ਇਕ ਆਦਤ, ਇਕ ਨਸ਼ਾ ਬਣ ਜਾਂਦਾ ਹੈ। ਤੁਹਾਨੂੰ ਪਤਾ ਹੈ ਕਿ ਇਹ ਇਕ ਬੁਰੀ ਆਦਤ ਹੈ ਫੇਰ ਵੀ ਤੁਸੀਂ ਕਰਦੇ ਚਲੇ ਜਾਂਦੇ ਹੋ। ਤੁਹਾਡੇ ਗਿਆਨ ਤੇ ਕਿਸੇ ਚੀਜ਼ ਦਾ ਅਸਰ ਨਹੀਂ ਪਿਆ, ਤੁਸੀਂ ਠੀਕ ਹੋ ਪਰ ਜੋ ਵੀ ਤੁਸੀਂ ਜਾਣਦੇ ਹੋ ਉਸ ਦਾ ਤੁਸੀਂ ਅਭਿਆਸ ਕਰਨਾ ਹੈ, ਜੋ ਤੁਸੀਂ ਜਾਣਦੇ ਹੋ ਉਸ ਨੂੰ ਵਰਤੋਂ ਵਿਚ ਲਿਆਉਣਾ ਹੈ। ਜਦੋਂ ਮੈਂ ਤੁਹਾਨੂੰ ਪੁਛਦਾ ਹਾਂ ਤੁਸੀਂ ਮੈਡੀਟੇਸ਼ਨ ਕਿਉਂ ਕਰਦੇ ਹੋ, ਤੁਸੀਂ ਐਨੇ ਸੁਚੇਤ ਕਿਉਂ ਹੋ? ਤੁਹਾਡੇ ਵਿਚੋਂ ਬਹੁਤ ਸਾਰੇ ਹੈਰਾਨ ਹੁੰਦੇ ਹਨ ਕਿ ਸਵਾਮੀ ਭਾਰਤ ਵਿਚੋਂ ਆ ਕੇ ਇਥੇ ਕੀ ਕਰ ਰਿਹਾ ਹੈ, ਸਾਨੂੰ ਉਹ ਕੁਝ ਸਿਖਾ ਰਿਹਾ ਹੈ ਜਿਹੜਾ ਸਾਡੇ ਸਭਿਆਚਾਰ ਦਾ ਹਿੱਸਾ ਨਹੀਂ ਹੈ।

ਮੈਂ ਤੁਹਾਨੂੰ ਯਾਦ ਕਰਾਉਣਾ ਚਾਹੁੰਦਾ ਹਾਂ, ਤੁਹਾਡੇ ਪੂਰਵਜਾਂ ਨੂੰ ਮੈਡੀਟੇਸ਼ਨ ਦਾ ਪੂਰਾ ਪੂਰਾ ਗਿਆਨ ਸੀ, ਤੁਸੀਂ ਸਾਰੇ ਹੀ ਭੁੱਲ ਚੁੱਕੇ ਹੋ, ਤੁਸੀਂ ਆਪਣੀਆਂ ਸ਼ਕਤੀਆਂ ਖਲੇਰ ਲਈਆਂ ਹਨ, ਤੁਸੀਂ ਸੰਸਾਰ ਦੇ ਰੰਗਾਂ ਵਿਚ ਗੁਆਚ ਗਏ ਹੋ। ਅੰਦਰ ਆਓ, ਤੁਸੀਂ ਆਪਣੇ ਆਪ ਤੋਂ ਦੂਰ ਚਲੇ ਗਏ ਹੋ। ਜੇ ਤੁਸੀਂ ਅੰਤਰਮੁਖੀ ਨਹੀਂ ਹੋਵੋਗੇ ਤਾਂ ਛੇਤੀ ਹੀ ਇਹ ਸੰਸਾਰ ਇਕ ਪਾਗਲਖਾਨਾ ਬਣ ਜਾਵੇਗਾ।

ਅੱਜ ਦੇ ਸੰਸਾਰ ਵਿਚ ਹਰ ਤਰ੍ਹਾਂ ਦਾ ਆਰਾਮ ਹੈ ਜਿਹੜਾ ਕਦੀ ਸੋਚਿਆ ਵੀ ਨਹੀਂ ਸੀ ਜਾ ਸਕਦਾ, ਪਰ ਮਨੁੱਖ ਫੇਰ ਵੀ ਪ੍ਰਸੰਨ ਨਹੀਂ, ਜੀਵਨ ਦਾ ਕੋਈ ਆਧਾਰ ਨਹੀਂ ਰਿਹਾ, ਮਨੁੱਖ ਭੈ ਤੇ ਸੰਤਾਪ ਦਾ ਮਾਰਿਆ ਪਿਆ ਹੈ, ਤੁਸੀਂ ਸਾਰੇ ਐਨੇ ਪੀੜਤ ਲਗ ਰਹੇ ਹੋ ਕਿ ਕਿਸੇ ਦੇ ਚਿਹਰੇ ਤੇ ਮੁਸਕਰਾਹਟ ਨਹੀਂ ਹੈ, ਇਸੇ ਕਰਕੇ ਮੈਂ ਤੁਹਾਨੂੰ ਸਾਰਿਆਂ ਨੂੰ ਇਹ ਬੇਨਤੀ ਕਰਦਾ ਹਾਂ ਕਿ ਤੁਸੀਂ ਸਾਰੇ ਮੈਡੀਟੇਸ਼ਨ ਕਰੋ। ਚੁੱਪ ਰਹਿਣਾ ਸਿੱਖੋ, ਘੱਟੋ ਘੱਟ ਕੁਝ ਘੰਟੇ ਤਾਂ ਚੁੱਪ ਰਹੋ ਤਾਂ ਕਿ ਜੋ ਕੁਝ ਤੁਹਾਡੇ ਅੰਦਰ ਪਿਆ ਹੈ, ਬੇਅੰਤ ਖਜ਼ਾਨਾ ਹੈ ਤੁਹਾਡੇ ਅੰਦਰ; ਜੇ ਤੁਸੀਂ ਚੁੱਪ ਰਹੋਗੇ ਤਾਂ ਉਹ ਉਘੜ ਕੇ ਤੁਹਾਡੇ ਅੱਗੇ ਆਏ ਤੇ ਤੁਹਾਨੂੰ ਜੀਵਨ ਮਨੋਰਥ ਦਾ ਪਤਾ ਲੱਗੇ, ਜੀਵਨ ਦਾ ਮਨੋਰਥ ਕੇਵਲ ਜੀਵਕਾ ਕਮਾਉਣਾ ਨਹੀਂ। ਇਹ ਬਾਹਰੀ ਚੀਜ਼ਾਂ ਤਾਂ ਕੇਵਲ ਤੁਹਾਡੇ ਸੁਖ ਲਈ ਹਨ, ਤੁਹਾਨੂੰ ਇਸ ਯੋਗ ਬਣਾਉਣ ਲਈ ਤਾਂ ਜੋ ਤੁਸੀਂ ਯੋਗ ਪ੍ਰਾਪਤੀਆਂ ਕਰ ਸਕੋ, ਜੀਵਨ ਦਾ ਉਦੇਸ਼ ਬਣਾ ਸਕੋ, ਉਸਨੂੰ ਪ੍ਰਾਪਤ ਕਰ ਸਕੋ, ਇਕ ਹਿੱਸੇ ਦੀ ਪ੍ਰਾਪਤੀ ਤੁਸੀਂ ਕਰ ਚੁੱਕੇ ਹੋ, ਤੁਸੀਂ ਬਾਹਰੀ ਸੰਸਾਰ ਦੀ ਚੰਗੀ ਪ੍ਰਾਪਤੀ ਕਰ ਲਈ ਹੈ, ਤੁਸੀਂ ਚੰਗੇ ਕਮਾ ਖਾ ਰਹੇ ਹੋ ਪਰ ਉਸ ਤੋਂ ਅਅਗੇ ਕੁਝ ਨਹੀਂ ਤੁਹਾਨੂੰ ਉਸ ਤੋਂ ਅੱਗੇ ਵੀ ਦੇਖਣਾ ਚਾਹੀਦਾ ਹੈ। ਉਸ ਤੋਂ ਅੱਗੇ ਅਜੇ ਤੁਹਾਡੀ ਕੋਈ ਪ੍ਰਾਪਤੀ ਨਹੀਂ ਹੈ।

ਅਗਲੀ ਗੱਲ ਹੈ ਕਿ ਜਿਵੇਂ ਤੁਸੀਂ ਨਿਰਣਾ ਕਰਦੇ ਹੋ ਜਿਸ ਤਰੀਕੇ ਨਾਲ ਤੁਸੀਂ ਜੀਵਨ ਬਿਤਾ ਰਹੇ ਹੋ, ਕੀ ਤੁਸੀਂ ਸੁਚੱਜੀ ਤਰ੍ਹਾਂ ਜੀਵਨ ਬਿਤਾ ਰਹੇ ਹੋ, ਤੁਹਾਡੇ ਜੀਵਨ ਦੇ ਤਰੀਕੇ ਕੋਈ ਕਸ਼ਟ ਤਾਂ ਨਹੀਂ ਪੈਦਾ ਕਰ ਰਹੇ, ਕੋਈ ਦੁਖ ਤਾਂ ਨਹੀਂ ਦੇ ਰਹੇ। ਅਸਲੀਅਤ ਤਾਂ ਇਹ ਹੈ ਕਿ ਕਦੀ ਵੀ ਕੋਈ ਸੰਸਾਰੀ ਤਰੀਕੇ ਤੁਹਾਨੂੰ ਗਿਆਨ ਨਹੀਂ ਦੇ ਸਕਦੇ, ਕਦੀ ਵੀ ਤੁਹਾਨੂੰ ਸੰਪੂਰਨ ਨਹੀਂ ਬਣਾ ਸਕਦੇ। ਸੰਸਾਰੀ ਤਰੀਕੇ ਤਾਂ ਇਕ ਹੱਦ ਦੇ ਅੰਦਰ ਹੀ ਕੰਮ ਕਰ ਸਕਦੇ ਹਨ, ਪਰ ਅਸਲੀ ਖਜ਼ਾਨਾ ਤਾਂ ਤੁਹਾਡੇ ਅੰਦਰ ਹੈ, ਤੁਹਾਨੂੰ ਅੰਦਰ ਜਾਣਾ ਪਵੇਗਾ, ਤੁਹਾਡੀ ਅਨੁਭਵ ਹੀ ਤੁਹਾਡਾ ਆਪਣਾ ਗਿਆਨ ਹੋ ਸਕਦਾ ਹੈ।

ਬਹੁਤ ਵਾਰੀ ਤੁਸੀਂ ਦੇਖੋਗੇ ਜਿਸ ਦਾ ਘਰ ਘਾਟ ਨਹੀਂ ਹੈ ਜਿਸ ਕੋਲ ਬਹੁਤ ਹੀ ਥੋੜ੍ਹੀਆਂ ਜਿਹੀਆਂ ਚੀਜ਼ਾਂ ਹਨ ਪਰ ਉਹ ਬਹੁਤ ਖੁਸ਼ ਹੈ। ਉਸ ਦੇ ਉਲਟ ਤੁਹਾਡੇ ਕੋਲ ਸਭ ਕੁਝ ਹੈ ਫੇਰ ਵੀ ਤੁਸੀਂ ਖੁਸ਼ ਨਹੀਂ। ਤਿਆਗੀ ਕਿਉਂ ਪ੍ਰਸੰਨ ਦਿਸਦੇ ਹਨ ਉਨ੍ਹਾਂ ਕੋਲ ਤਾਂ ਕੁਝ ਹੁੰਦਾ ਹੀ ਨਹੀਂ, ਗ੍ਰਹਿਸਤੀਆਂ ਕੋਲ ਸਭ ਕੁਝ ਹੁੰਦੇ ਵੀ ਪ੍ਰਸੰਨ ਨਹੀਂ। ਜਦੋਂ ਕਿ ਗ੍ਰਹਿਸਤੀ ਨੂੰ ਵਧੇਰੇ ਪ੍ਰਸੰਨ ਹੋਣਾ ਚਾਹੀਦਾ ਹੈ, ਤਿਆਗੀ ਤਾਂ ਗ੍ਰਹਿਸਤੀਆਂ ਦੇ ਦਿਤੇ ਦਾਨ ਤੇ ਨਿਰਭਰ ਹੈ, ਤੁਹਾਡੀ ਆਪਣੀ ਫਿਲੋਸਫੀ ਹੋਣੀ ਚਾਹੀਦੀ ਹੈ ਜੀਵਨ ਜੀਉਣ ਦੀ ਫਿਲੌਸਫੀ, ਤੁਸੀਂ ਭਾਵੇਂ ਹਰ ਸਮੇਂ ਸੋਚਦੇ ਰਹਿੰਦੇ ਹੋ ਪਰ ਕੀ ਤੁਸੀਂ ਜੀਵਨ ਦੀ ਫਿਲੌਸਫੀ, ਤੁਸੀਂ ਭਾਵੇਂ ਹਰ ਸਮੇਂ ਸੋਚਦੇ ਰਹਿੰਦੇ ਹੋ ਪਰ ਕੀ ਤੁਸੀਂ ਜੀਵਨ ਦੀ ਫਿਲੋਸਫੀ ਬਾਰੇ ਸੋਚਿਆ ਹੈ, ਤੁਹਾਡੀ ਜੀਵਨ ਫਿਲੋਸਫੀ ਤੁਹਾਡੀਆਂ ਡੀਊਟੀਆਂ ਨਾਲ ਸ਼ੁਰੂ ਹੋਣੀ ਚਾਹੀਦੀ ਹੈ, ਡੀਊਟੀਆਂ ਨੂੰ ਸਮਝਣਾ ਚਾਹੀਦਾ ਹੈ, ਜੋ ਕੁਝ ਤੁਸੀਂ ਜੀਵਨ ਵਿਚ ਕਰ ਰਹੇ ਹੋ। ਤੁਸੀਂ ਡੀਊਟੀਆਂ ਕੀਤੇ ਬਿਨਾਂ ਨਹੀਂ ਰਹਿ ਸਕਦੇ ਫੇਰ ਤੁਸੀਂ ਕੀ ਕਰੋਗੇ, ਕੀ ਕਰੋਗੇ, ਸੇਵਾ ਮੁਕਤ ਹੋ

ਜਾਓਗੇ, ਪਾਸੇ ਹਟ ਜਾਓਗੇ, ਕੁਝ ਨਹੀਂ ਕਰੋਗੇ, ਕਰਮ ਕਰਨ ਤੋਂ ਮੂੰਹ ਮੋੜ ਲਵੋਗੇ। ਕਿਥੇ ਜਾਓਗੇ? ਜਿਥੇ ਵੀ ਜਾਓਂਗੇ ਕਰਮ ਤਾਂ ਕਰਨੇ ਹੀ ਪੈਣਗੇ।

ਵਾਸਤਵ ਵਿਚ ਦੇਖਿਆ ਜਾਏ ਤਾਂ ਇਕ ਗ੍ਰਹਿਸਤੀ ਦਾ ਜੀਵਨ ਕਿਸੇ ਵੀ ਹੋਰ ਜੀਵਨ ਤੋਂ ਕਿਤੇ ਉਚਾ ਹੈ, ਪਰ ਦੇਖਣ ਵਿਚ ਲਗਦਾ ਹੈ ਜਿਵੇਂ ਸੰਸਾਰ ਵਿਚ ਅਜੀਬ ਗੱਲਾਂ ਹੋ ਰਹੀਆਂ ਹੋਣ, ਸੰਸਾਰ ਹਾਸੋ-ਹੀਣਾ ਮਹਿਸੂਸ ਹੁੰਦਾ ਹੈ। ਰਿਸ਼ੀਕੇਸ਼ ਗੰਗਾ ਕਿਨਾਰੇ ਵਸਿਆ ਹੋਇਆ ਹੈ, ਪਹਾੜ ਤੇ ਖੜ੍ਹੇ ਹੋ ਕੇ ਨਦੀ ਦਾ ਦੂਸਰਾ ਪਾਰ ਨਜ਼ਰ ਆਉਂਦਾ ਹੈ, ਉਸ ਪਾਰ ਤੋਂ ਲੋਕ ਪਹਾੜ ਦੇਖ ਸਕਦੇ ਹਨ। ਜਿਹੜੇ ਇਸ ਪਾਰ ਹਨ, ਉਹ ਕਹਿੰਦੇ ਹਨ, ਆਹ! ਪਹਾੜਾਂ ਤੇ ਕੀ ਬਹਾਰ ਹੈ, ਪਹਾੜਾਂ ਤੇ ਰਹਿਣ ਦੀ ਗੱਲ ਹੀ ਕੁਝ ਹੋਰ ਹੈ। ਜੇ ਅਸੀਂ ਵੀ ਹਿਮਾਲਿਆ ਚਲੇ ਜਾਈਏ ਤਾਂ ਅਸੀਂ ਵੀ ਸਾਧੂ ਹੀ ਬਣ ਜਾਵਾਂਗੇ। ਹਿਮਾਲੀਆ ਤੇ ਰਹਿਣ ਵਾਲੇ ਲੋਕ ਅਮਰੀਕਾ ਵਿਚ ਰਹਿਣ ਵਾਲਿਆਂ ਬਾਰੇ ਸੋਚਦੇ ਹਨ। ਗ੍ਰਹਿਸਤੀ ਸੋਚਦੇ ਹਨ ਕਿ ਸਵਾਮੀ, ਸਾਧੂ, ਸੰਤ ਕਿਵੇਂ ਚੰਗੀ ਤਰ੍ਹਾਂ, ਸੋਹਣੀ ਤਰ੍ਹਾਂ ਰਹਿੰਦੇ ਹਨ, ਸਭ ਤੋਂ ਵੱਧ ਇਹ ਹੀ ਪ੍ਰਸੰਨ ਰਹਿੰਦੇ ਹਨ। ਯੋਗੀ ਸੋਚਦਾ ਹੈ, ਮੈਂ ਸਵੇਰੇ ਕੀ ਖਾਣਾ ਹੈ, ਮੇਰੇ ਕੋਲ ਤਾਂ ਕੁਝ ਹੈ ਹੀ ਨਹੀਂ।

ਤੁਹਾਨੂੰ ਆਪਣੇ ਅੰਦਰ ਸੋਧਣ ਲਈ, ਬਾਹਰ ਕੁਝ ਵੀ ਕਰਨ ਦੀ ਲੋੜ ਨਹੀਂ, ਤੁਸੀਂ ਜੋ ਹੋ ਉਹ ਹੀ ਹੋ। ਨਿਰਣਾ ਕਰਨਾ ਸਿੱਖੋ, ਦ੍ਰਿੜ੍ਹ ਵਿਸ਼ਵਾਸ਼ ਸਿੱਖੋ, ਤੁਸੀਂ ਕਿਸੇ ਵੀ ਪ੍ਰਾਪਤੀ ਦੇ ਸਿਖਰ ਤੇ ਪਹੁੰਚ ਸਕਦੇ ਹੋ। ਜੇ ਤੁਸੀਂ ਅੰਤਰ ਖੋਜੋਗੇ, ਤੁਸੀਂ ਕਦੀ ਵੀ ਭਟਕੋਗੇ ਨਹੀਂ, ਜੇ ਤੁਸੀਂ ਅੰਤਰ ਖੋਜੋਗੇ, ਖੋਜ ਅੰਤਰ ਦੀ ਹੀ ਹੈ; ਜੇ ਬਾਹਰ ਖੋਜੋਗੇ ਤਾਂ ਗੁਆਚ ਜਾਓਗੇ, ਖੋਜ ਅੰਦਰੂਨੀ ਹੀ ਹੈ, ਬਾਹਰ ਤੋਂ ਸਰੀਰ ਤੋਂ ਸ਼ੁਰੂ ਕਰਕੇ ਅੰਤਰ ਤੱਕ, ਸਥੂਲ ਤੋਂ ਸ਼ੁਰੂ ਕਰਕੇ ਸੂਖਮ ਤਕ।

ਇਹ ਠੀਕ ਹੈ ਕਿ ਤੁਹਾਡਾ ਸਰੀਰ ਹੈ, ਸਰੀਰ ਇਕ ਬਹੁਤ ਹੀ ਜ਼ਰੂਰੀ ਯੰਤਰ ਹੈ, ਸਰੀਰ ਨੂੰ ਹਮੇਸ਼ਾ ਠੀਕ ਸਵੱਸਥ ਰੱਖੋ, ਪਰ ਸਰੀਰ ਨਾਲ ਤੁਹਾਨੂੰ ਕਦੀ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਦੋਂ ਤੁਸੀਂ ਸਰੀਰ ਨਾਲੋਂ ਆਪਣੀ ਪਛਾਣ ਹਟਾਓਂਗੇ, ਸਰੀਰ ਵਿਚ ਕੋਈ ਤਕਲੀਫ ਨਹੀਂ ਹੋਏਗੀ। ਮਰਨ ਤੋਂ ਕਦੀ ਵੀ ਨਾ ਡਰੋ, ਮਰਨਾ ਜੀਊਣ ਦਾ ਹੀ ਇਕ ਹਿੱਸਾ ਹੈ, ਮਰਨਾ ਤਾਂ ਹੈ ਹੀ, ਮਰਨਾ ਕਦੀ ਵੀ ਦੁਖਦਾਈ ਨਹੀਂ ਹੈ। ਦੁਖ ਹੈ ਮਰਨ ਦੇ ਭੈ ਦਾ, ਮਰਨ ਦੇ ਡਰ ਦਾ, ਇਹ ਡਰ ਕਿ 'ਮੈਂ ਮਰਨਾ ਹੈ, ਮੈਂ ਮਰਨਾ ਹੈ।' ਇਹ ਦੁਖਦਾਈ ਹੈ। ਮਰਨਾ ਕੋਈ ਦੁਖਦਾਈ ਨਹੀਂ ਹੈ, ਚੰਗੇ ਭਲੇ ਰਿਸ਼ਟ ਪੁਸ਼ਟ ਬੰਦੇ ਵੀ ਮਰਦੇ ਹਨ, ਅਮੀਰ ਵੀ ਮਰਦੇ ਹਨ, ਗਰੀਬ ਵੀ ਮਰਦੇ ਹਨ, ਮੌਤ ਆਪਣੇ ਆਪ ਵਿਚ ਦੁਖਦਾਈ ਨਹੀਂ, ਕੋਈ ਦਰਦਮਈ ਨਹੀਂ ਹੈ। ਦੁਖਦਾਈ ਹੈ- ਮੌਤ ਦਾ ਡਰ ਭੈ, ਕਿਉਂਕਿ ਇਹ ਇਕ ਨਿਖੇਧੀ ਦੀ ਸੋਚ ਹੈ।

ਜੇ ਤੁਸੀਂ ਆਪਣੇ ਆਪ ਨੂੰ ਦੇਖੋਗੇ, ਤੁਸੀਂ ਮਹਿਸੂਸ ਕਰੋਗੇ ਕਿ ਤੁਸੀਂ ਬਹੁਤ ਵਾਰੀ ਨਖੇਧੀ ਦੀ ਸੋਚ ਹੀ ਸੋਚਦੇ ਹੋ। ਮਿਸਾਲ ਵਜੋਂ ਜੇ ਪਤੀ ਘਰ ਨਹੀਂ ਆਇਆ, ਪਤਨੀ ਸੋਚ ਰਹੀ ਹੈ ਕਿ ਰੋਜ਼ ਉਹ ਨੌਂ ਵਜੇ ਆ ਜਾਂਦਾ ਹੈ, ਅੱਜ ਤਾਂ ਦਸ ਸਵੇ ਦਸ ਵਜ ਗਏ ਹਨ। ਜੇ ਪਤਨੀ ਆਪਣੇ ਡਰ ਨੂੰ ਨਹੀਂ ਸਮੋ ਸਕਦੀ, ਨਹੀਂ ਇੰਤਜ਼ਾਰ ਕਰ ਸਕਦੀ, ਉਹ ਸੋਚੇਗੀ ਮੈਂ ਕੀ ਕਰਾਂ, ਪੁਲਿਸ ਨੂੰ ਫੋਨ ਕਰਾਂ, ਹਸਪਤਾਲ ਫੋਨ ਕਰਾਂ, ਗੁਆਂਢੀਆਂ ਕੋਲ ਜਾਵਾਂ, ਕੀ ਕਰਾਂ, ਬੱਚਿਆਂ ਨੂੰ ਉਠਾਵਾਂ, ਕੀ ਕਰਾਂ? ਇਹ ਸਭ ਕੁਝ ਉਹ ਸੋਚ ਰਹੀ ਹੈ, ਇਹ ਸੋਚ ਹੀ ਨਖੇਧੀ ਦੀ ਸੋਚ ਹੈ।

ਤੁਸੀਂ ਭੈ ਵਿਚ ਰਹਿੰਦੇ ਹੋ, ਸਦਾ ਢਹਿੰਦੀ ਕਲਾ ਵਲ ਜਾਂਦੇ ਹੋ, ਤੁਸੀਂ ਮਰਨ ਤੋਂ ਡਰਦੇ ਹੋ, ਤੁਸੀਂ ਉਹ ਪ੍ਰਾਪਤੀ ਕਰਨ ਤੋਂ ਡਰਦੇ ਹੋ, ਜੋ ਤੁਸੀਂ ਚਾਹੁੰਦੇ ਹੋ। ਜੋ ਤੁਹਾਡੇ ਕੋਲ ਹੈ ਉਹ ਤੁਸੀਂ ਛੱਡਣਾ ਨਹੀਂ ਚਾਹੁੰਦੇ। ਤੁਸੀਂ ਐਨੇ ਸਾਰੇ ਡਰ ਭੈ ਲਈ ਬੈਠੇ ਹੋ, ਡਰ ਹੀ ਤੁਹਾਡਾ ਸਭ ਤੋਂ ਵੱਡਾ ਸ਼ਤਰੂ ਹੈ।

ਇਹ ਦੇਖਿਆ ਗਿਆ ਹੈ ਕਿ ਦੋ ਬੰਦੇ ਇਕ ਦੂਸਰੇ ਤੋਂ ਡਰਦੇ ਹਨ, ਡਰਦੇ ਉਹ ਇਕ ਦੂਸਰੇ ਨਾਲ ਬੋਲਦੇ ਨਹੀਂ। ਤੁਸੀਂ ਵਿਆਹੁਤਾ ਜੀਵਨ ਵਿਚ ਸੁਰੱਖਿਆ ਚਾਹੁੰਦੇ ਹੋ। ਕਿਸ ਤਰ੍ਹਾਂ ਦੀ ਸੁਰੱਖਿਆ ਦਾ ਅਨੁਭਵ ਤੁਹਾਡੇ ਕੋਲ ਹੈ ਜਾਂ ਕਿਸ ਤਰ੍ਹਾਂ ਦੀ ਸੁਰੱਖਿਆ ਤੁਸੀਂ ਚਾਹੁੰਦੇ ਹੋ? ਤੁਹਾਨੂੰ ਇਕ ਦੂਸਰੇ ਤੋਂ ਡਰ ਲਗਦਾ ਹੈ। ਉਹ ਇਸ ਕਰਕੇ ਕਿ ਤੁਸੀਂ ਆਪਣੇ ਆਪ ਨੂੰ ਹੀ ਨਹੀਂ ਜਾਣਿਆ। ਤੁਸੀਂ ਦੋਨੋਂ ਹੀ ਆਪਣੇ ਆਪ ਨੂੰ ਨਹੀਂ ਜਾਣਦੇ, ਤੁਸੀਂ ਇਕ ਦੂਜੇ ਨਾਲ ਝੂਠ ਬੋਲਦੇ ਹੋ, ਤੁਸੀਂ ਇਕ ਦੂਜੇ ਨੂੰ ਪਿਆਰ ਨਹੀਂ ਕਰਦੇ, ਤੁਸੀਂ ਇਹ ਜਾਣਦੇ ਹੋ, ਇਸ ਤਰ੍ਹਾਂ ਤੁਹਾਡਾ ਦੰਪਤੀ ਜੀਵਨ ਕਿਵੇਂ ਚੰਗਾ ਤੇ ਰੋਚਕ ਹੋ ਸਕਦਾ ਹੈ, ਕਿਵੇਂ ਸਫਲ ਹੋ ਸਕਦਾ ਹੈ ਜਦੋਂ ਤੁਸੀਂ ਆਪਣੇ ਆਪ ਨੂੰ ਨਹੀਂ ਜਾਣਦੇ, ਤੁਸੀਂ ਇਕ ਦੂਜੇ ਤੋਂ ਡਰਦੇ ਹੋ।

ਤੁਹਾਨੂੰ ਜੀਵਨ ਦੀ ਕੋਈ ਸਮਝ ਹੋਣੀ ਚਾਹੀਦੀ ਹੈ। ਤੁਸੀਂ ਆਮ ਤੌਰ ਤੇ ਦੂਸਰਿਆਂ ਬਾਰੇ ਸੋਚਦੇ ਹੋ, ਉਨ੍ਹਾਂ ਦੀ ਪੜਚੋਲ ਕਰਦੇ ਹੋ, ਉਨ੍ਹਾਂ ਬਾਰੇ ਦਸਦੇ ਹੋ, ਉਹ ਕੀ ਕਰਦੇ ਹਨ। ਤੁਸੀਂ ਆਮ ਤੌਰ ਤੇ ਗੱਲਾਂ ਕਰਦੇ ਹੋ ਜਿਵੇਂ ਨਸ਼ੇ ਵਿਚ ਹੋਵੋ, ਤੁਹਾਡੇ ਵਿਚ ਤੇ ਨਸ਼ਈ ਵਿਚ ਸਾਂਝ ਇਸ ਗੱਲ ਦੀ ਹੈ ਕਿ ਜੇ ਨਸ਼ਈ ਤੁਰਿਆ ਜਾਂਦਾ ਹੈ ਤੇ ਉਹ ਨੰਗਾ ਹੈ, ਉਹ ਜਦੋਂ ਦੂਸਰੇ ਨੂੰ ਸੜਕ ਤੇ ਦੇਖੇਗਾ, ਉਹ ਕਹੇਗਾ ਕਿ ਉਹ ਤੂੰ ਤਾਂ ਨੰਗਾ ਹੈਂ, ਜਦੋਂ ਕਿ ਉਹ ਆਪ ਨੰਗਾ ਹੈ ਪਰ ਉਹ ਆਪਣੇ ਬਾਰੇ ਨਹੀਂ ਜਾਣਦਾ, ਨਾ ਹੀ ਉਹ ਆਪਣੇ ਆਪ ਨੂੰ ਦੇਖਦਾ ਹੈ, ਉਹ ਤਾਂ ਦੂਸਰੇ ਨੂੰ ਦੇਖ ਕਿ ਕਹਿੰਦਾ ਹੈ ਤੂੰ ਨੰਗਾ ਹੈਂ।

ਇਹੋ ਹੀ ਹਾਲ ਤੁਹਾਡੇ ਬਹੁਤ ਸਾਰਿਆਂ ਦਾ ਹੈ। ਕਿਉਂ ਇਕ ਦੂਜੇ ਦੀਆਂ ਗਲਤੀਆਂ ਕੱਢਦੇ ਹੋ, ਇਕ ਦੂਸਰੇ ਦੀਆਂ ਗਲਤੀਆਂ ਕੱਢਣ ਵਿਚ ਸਮਾਂ ਬੇਅਰਥ ਗੁਆਉਂਦੇ ਹੋ। ਤੁਸੀਂ ਆਪਣੇ ਆਪ ਨੂੰ ਨਹੀਂ ਦੇਖਦੇ ਕਿਉਂਕਿ ਤੁਸੀਂ ਨਸ਼ੇ ਵਿਚ ਹੋ - ਸੰਸਾਰ ਦੇ ਨਸ਼ੇ ਵਿਚ। ਸੰਸਾਰ ਦਾ ਨਸ਼ਾ ਤੁਹਾਨੂੰ ਚੜ੍ਹਿਆ ਹੋਇਆ ਹੈ, ਤੁਸੀਂ ਸੰਸਾਰ ਦੇ ਰੰਗਾਂ ਵਿਚ ਰੰਗੇ ਪਏ ਹੋ, ਮੌਜ ਮਸਤੀ ਵਿਚ ਪੂਰੀ ਤਰ੍ਹਾਂ ਰੁਝੇ ਹੋਏ ਹੋ,

ਦੂਸਰਿਆਂ ਦੀਆਂ ਸਲਾਹਾਂ ਤੇ ਚਲ ਰਹੇ ਹੋ, ਤੁਸੀਂ ਹਿਪਨੋਟਾਈਜ਼ ਹੋਏ ਪਏ। ਦੂਸਰੇ ਤੁਹਾਨੂੰ ਕਹਿੰਦੇ ਹਨ, ਤੁਸੀਂ ਇਸ ਤਰ੍ਹਾਂ ਹੋ, ਇਸ ਤਰ੍ਹਾਂ ਹੋ, ਤੁਸੀਂ ਉਸ ਤਰ੍ਹਾਂ ਹੋ, ਤੁਸੀਂ ਮਨ ਲੈਂਦੇ ਹੋ, ਤੇ ਤੁਸੀਂ ਬਣ ਜਾਂਦੇ ਹੋ। ਜਿਸ ਦਿਨ ਤੁਸੀਂ ਆਪਣੇ ਆਪ ਨੂੰ ਆਪ ਦੇਖਣ ਲਗ ਪੈਂਦੇ ਹੋ, ਉਸ ਦਿਨ ਤੁਸੀਂ ਸੁਤੰਤਰ ਹੋ ਜਾਂਦੇ ਹੋ। ਇਹੋ ਹੀ ਅੰਤਰ ਹੈ ਆਤਮ ਗਿਆਨ ਵਿਚ ਤੇ ਆਪਣੇ ਬਾਰੇ ਭੁਲੇਖੇ ਵਿਚ ਰਹਿਣ ਦਾ। ਜਾਂ ਕਹਿ ਲਓ ਸ੍ਵੈ ਹਿਪਨੋਟਾਈਜ਼ ਹੋਣ ਵਿਚ।

ਆਤਮ ਮਾਰਗ ਸ਼ੁਰੂ ਹੁੰਦਾ ਹੈ – ਆਪਣੀਆਂ ਡੀਊਟੀਆਂ ਕਰਨੀਆਂ, ਕਰਮ ਕਰਨਾ। ਮੇਰੀ ਡਿਊਟੀ ਵਿਦਿਆਰਥੀਆਂ ਨੂੰ ਪੜ੍ਹਾਉਣ ਦੀ ਹੈ – ਨਿਰਸੁਆਰਥ ਹੋ ਕੇ ਪੜ੍ਹਾਉਣਾ। ਜੇ ਮੈਂ ਆਪਣੀ ਡੀਊਟੀ ਚੰਗੀ ਤਰ੍ਹਾਂ ਨਹੀਂ ਕਰ ਕਰਦਾ, ਮੇਰੀ ਆਤਮਾ ਮੈਨੂੰ ਲਾਹਨਤਾਂ ਪਾਏਗੀ, ਮੈਂ ਅੰਦਰੋਂ ਦੁਖੀ ਹੋਵਾਂਗਾ। ਇਹੋ ਜਿਹਾ ਦ੍ਵੰਦ, ਸੰਤਾਪ ਪੈਦਾ ਕਰਦਾ ਹੈ, ਖਾਸ ਤੌਰ ਤੇ ਜਦੋਂ ਤੁਹਾਡੇ ਅੰਦਰ ਦ੍ਵੰਦ ਹੋਵੇ ਕਿ ਤੁਸੀਂ ਡੀਊਟੀ ਕਿਵੇਂ ਕਰ ਰਹੇ ਹੋ।

ਸਭ ਤੋਂ ਪਹਿਲਾਂ ਆਪਣੀ ਡੀਊਟੀ ਨੂੰ ਸਮਝੋ ਤੇ ਇਹ ਵੀ ਸਮਝੋ ਕਿ ਸੁਚੱਜੀ ਤਰ੍ਹਾਂ ਡੀਊਟੀ ਕਿਵੇਂ ਕਰਨੀ ਹੈ। ਡੀਊਟੀ ਕਰਨ ਦਾ ਇਕ ਬਹੁਤ ਹੀ ਸਰਲ ਤਰੀਕਾ ਹੈ ਪਰ ਤੁਹਾਨੂੰ ਪ੍ਰੈਕਟੀਕਲੀ ਕਰਨਾ ਪਵੇਗਾ, ਤਰਤੀਬਵਾਰ ਕਰਨਾ ਪਵੇਗਾ। ਰੋਜ਼ ਸਵੇਰੇ ਉਠ ਕੇ ਆਪਣੇ ਆਪ ਨੂੰ ਕਹੋ, ਜੋ ਮਰਜ਼ੀ ਹੋ ਜਾਏ, ਤੁਸੀਂ ਆਪਣੇ ਆਪ ਨੂੰ ਅਸ਼ਾਂਤ ਨਹੀਂ ਹੋਣ ਦਿਓਗੇ। ਜੇ ਤੁਸੀਂ ਅਸ਼ਾਂਤ ਹੋ ਜਾਂਦੇ ਹੋ, ਤੁਸੀਂ ਕੁਝ ਵੀ ਠੀਕ ਤਰ੍ਹਾਂ ਨਹੀਂ ਕਰ ਸਕਦੇ।

## ਅਰਦਾਸ

ਸਾਡੀ ਜ਼ਿੰਦਗੀ ਬੀਤ ਜਾਵੇ ਤੇਰੇ ਚਰਨਾਂ ਵਿਚ ਸਾਈਆਂ,
ਦਰ ਦਰ ਤੇ ਭਉਂਦੀ ਮੈਂ ਹੁਣ ਤੇਰੇ ਦਰ ਆਈਆਂ।
ਇਹ ਦੁਨੀਆਂ ਦੀ ਨਗਰੀ ਤਾਂ ਘੁੱਪ ਹਨ੍ਹੇਰਾ ਏ,
ਤੇਰੇ ਪਿਆਰ ਦੇ ਮੰਡਲ ਵਿਚ ਤਾਂ ਸਦਾ ਸਵੇਰਾ ਏ।
ਪ੍ਰੀਤਾਂ ਤੋੜ ਕੇ ਜੱਗ ਵਲੋਂ ਹੁਣ ਤੇਰੇ ਨਾਲ ਲਾਈਆਂ,
ਸਾਡੀ ਜ਼ਿੰਦਗੀ ਬੀਤ ਜਾਵੇ ਤੇਰੇ ਚਰਨਾਂ ਵਿਚ ਸਾਈਆਂ।
ਰਿਹਾ ਕੋਈ ਨਾ ਦਰਦੀ ਏ ਜਦ ਤੈਥੋਂ ਦੂਰ ਹੋਈ,
ਹੁਣ ਜਦ ਤੂੰ ਮਿਲ ਗਿਆ ਏ ਮੈਂ ਨੂਰੋ ਨੂਰ ਹੋਈ।
ਮੈਨੂੰ ਤੈਥੋਂ ਭੁਲੀ ਨੂੰ ਜਮ ਪਉਂਦੇ ਗਲ ਫਾਹੀਆਂ,
ਸਾਡੀ ਜ਼ਿੰਦਗੀ ਬੀਤ ਜਾਵੇ ਤੇਰੇ ਚਰਨਾਂ ਵਿਚ ਸਾਈਆਂ।
ਹੋਰ ਕੋਈ ਨਾ ਦੁਨੀਆਂ ਤੇ ਜੋ ਸਾਡੀ ਸਾਰ ਲਵੇ,
ਮੈਂ ਕਰਮਾਂ ਮਾਰੀ ਪਾਪਣ ਨੂੰ, ਸਤਿਗੁਰ ਤਾਰ ਦਵੇ।
ਅਰਜ਼ੋਈਆਂ ਕਰ ਕਰ ਕੇ ਮਸਾਂ ਤੇਰੇ ਦਰ ਆਈਆਂ,
ਸਾਡੀ ਜ਼ਿੰਦਗੀ ਬੀਤ ਜਾਵੇ ਤੇਰੇ ਚਰਨਾਂ ਵਿਚ ਸਾਈਆਂ।
ਅਸੀਂ ਹਿਤ ਦੇ ਪਿਆਰੇ ਹਾਂ ਤੂੰ ਹਿੱਤ ਤੋਂ ਨਿਆਰਾ ਏ,
ਸਾਡੇ ਅਵਗੁਣ ਤੱਕ ਕੇ ਵੀ ਤੂੰ ਬਖਸ਼ਣਹਾਰਾ ਏ।
ਇਕ ਆਸਰਾ ਤੇਰਾ ਏ ਹੋਰ ਢੇਰੀਆਂ ਸਭ ਢਾਹੀਆਂ,
ਸਾਡੀ ਜ਼ਿੰਦਗੀ ਬੀਤ ਜਾਵੇ ਤੇਰੇ ਚਰਨਾਂ ਵਿਚ ਸਾਈਆਂ।

***ਗੁਰਮੀਤ ਸਿੰਘ 'ਗਿੱਲ'***

(ਪੰਨਾ 16 ਦੀ ਬਾਕੀ)

ਇਉਂ ਅਸੀਂ ਉਸ ਮਾਲਕ ਦੇ ਹੁਕਮੀ ਬੰਦੇ ਬਣਕੇ ਉਸਦੀ ਰਹਿਮਤ ਦੇ ਪਾਤਰ ਬਣ ਜਾਂਦੇ ਹਾਂ। ਉਹ ਮਾਲਕ ਸਾਡਾ ਰਚਣਹਾਰ ਹੈ, ਪਾਲਕ ਹੈ। ਉਸਦਾ ਦਿੱਤਾ ਹੋਇਆ ਹੀ ਅਸੀਂ ਖਾਂਦੇ ਹਾਂ, ਪਹਿਨਦੇ ਹਾਂ। ਓਹੀ ਦਾਤਾ, ਸਭ ਨੂੰ ਦਾਤਾਂ ਦਿੰਦਾ ਹੈ। ਉਸਦੇ ਭੰਡਾਰੇ ਅਮੁੱਕ ਹਨ, ਜੁੱਗਾਂ ਜੁਗਾਂਤਰਾਂ ਤੋਂ ਉਹ ਦਾਤਾਂ ਵਰਤਾ ਰਿਹਾ ਹੈ। ਲੈਣ ਵਾਲੇ ਥੱਕ ਜਾਂਦੇ ਹਨ ਪਰ ਦੇਣ ਵਾਲਾ ਕਦੀ ਥੱਕਦਾ ਨਹੀਂ। ਨਾ ਹੀ ਉਸਦੇ ਭੰਡਾਰਿਆਂ ਵਿਚ ਕਦੀ ਕੋਈ ਕਮੀ ਆਉਂਦੀ ਹੈ।

***ਦੇਦਾ ਦੇ ਲੈਦੇ ਥਕਿ ਪਾਹਿ॥***
***ਜੁਗਾ ਜੁਗੰਤਰਿ ਖਾਹੀ ਖਾਹਿ॥*** ***ਪੰਨਾ – 2***

ਉਹ ਮਾਲਕ ਆਪ ਪਿਆਰ ਦਾ ਸਰੂਪ ਹੈ। ਪਿਆਰ ਦਾ ਰੂਪ ਹੋ ਕੇ ਹੀ ਸੰਸਾਰ ਵਿਚ ਫੈਲਿਆ ਹੋਇਆ ਹੈ। ਆਪਣੇ ਜੀਵਾਂ ਤੇ ਸਦਾ ਮਿਹਰ ਭਰੀ ਦ੍ਰਿਸ਼ਟੀ ਕਰਦਾ ਹੈ। ਖਿਨ ਖਿਨ ਸਾਡੀ ਪ੍ਰਿਤਪਾਲਨਾ ਕਰਦਾ ਹੈ। ਸਾਡੀਆਂ ਬੇਨਤੀਆਂ, ਅਰਜੋਈਆਂ ਸੁਣਦਾ ਹੈ। ਸਾਡੇ ਹੱਥਾਂ ਪੈਰਾਂ ਤੋਂ ਵੀ ਨੇੜੇ ਵਸਦਾ ਹੈ ਅਤੇ ਸਾਡਾ ਸਭਨਾਂ ਦਾ ਸੱਚਾ ਮਾਤਾ ਪਿਤਾ ਹੈ, ਮਾਲਕ ਹੈ। ਅਸੀਂ ਸਭ ਜੀਵ, ਉਸਦੀਆਂ ਇਸਤ੍ਰੀਆਂ ਹਨ ਤੇ ਉਹ ਹੀ ਸਾਡੇ ਸਿਰ ਦਾ ਸਾਈਂ ਹੈ।

(ਪੰਨਾ 23 ਦੀ ਬਾਕੀ)

ਲੱਗ ਜਾਂਦੇ ਸਨ। ਜਿੰਨਾ ਜਿੰਨਾ ਵੀ ਜਿਸ ਕੋਲ ਸਮਾਂ ਹੁੰਦਾ, ਸਿਮਰਨ ਕਰਨ ਵਾਸਤੇ ਇਕਾਂਤ ਵਿਚ ਬੈਠਦਾ ਅਤੇ ਮਰਜ਼ੀ ਅਨੁਸਾਰ ਘਰ ਨੂੰ ਤੁਰ ਪਿਆ ਕਰਦਾ ਸੀ। ਬਾਬਾ ਜੀ ਦੱਸਿਆ ਕਰਦੇ ਸੀ ਕਿ ਉਹ ਸਾਰਿਆਂ ਤੋਂ ਬਾਅਦ ਵਿਚ ਜਾਇਆ ਕਰਦੇ ਸੀ।

ਸੋ ਇਸ ਤਰ੍ਹਾਂ ਸਿਮਰਨ ਭਜਨ ਦਾ ਹਰ ਰੋਜ਼ ਦਾ ਨਿਤਨੇਮ ਬਣ ਜਾਂਦਾ ਸੀ। ਬਾਬਾ ਜੀ ਨੇ ਨੌਕਰੀ ਕਰਦਿਆਂ ਹੋਇਆਂ ਵੀ ਆਪਣੇ ਸਾਥੀਆਂ ਨੂੰ ਭਜਨ ਬੰਦਗੀ ਵਿਚ ਲਾਉਣ ਦਾ ਉਪਰਾਲਾ ਕੀਤਾ ਹੋਇਆ ਸੀ। ਬਾਬਾ ਜੀ ਕਿਹਾ ਕਰਦੇ ਸੀ ਕਿ ਇਸ ਤਰ੍ਹਾਂ ਸਭ ਨੂੰ ਇਕ ਦੂਜੇ ਤੋਂ ਵਧ ਭਜਨ ਕਰਨ ਦਾ ਸ਼ੌਕ ਸੀ। ਇਸ ਤਰ੍ਹਾਂ ਦੀ ਲਗਨ ਲਗਾਉਣ ਦਾ ਸਾਧਨ ਬਾਬਾ ਜੀ ਨੇ ਬਣਾਇਆ ਹੋਇਆ ਸੀ ਕਿਉਂਕਿ ਉਹ ਖੁਦ ਨਾਮ ਜਪਦੇ ਸਨ ਅਤੇ ਦੂਸਰਿਆਂ ਨੂੰ ਜਪਾਉਂਦੇ ਸਨ। ਫੇਰ ਜਦੋਂ ਦੂਜੇ ਸਾਥੀ ਇਕ ਦੂਜੇ ਨੂੰ ਮਿਲਦੇ ਤਾਂ ਨਾਮ ਦੀਆਂ ਗੱਲਾਂ ਬਾਤਾਂ, ਸਤਸੰਗ ਦੇ ਹੀ ਬਚਨ ਕਰਿਆ ਕਰਦੇ ਸਨ। ਇਧਰ ਉਧਰ ਦੀਆਂ ਫਾਲਤੂ ਗੱਲਾਂ ਘੱਟ ਹੀ ਕਰਦੇ ਸਨ। ਜੋ ਵੀ ਬਾਬਾ ਜੀ ਦੇ ਸੰਪਰਕ ਵਿਚ ਆਇਆ, ਉਸ ਨੂੰ ਗੁਰਮਤਿ ਦੀ ਪੂਰੀ ਸੇਧ ਦਿਤੀ ਅਤੇ ਨਾਮ ਜਪਣ ਦੀ ਚੇਟਕ ਲਾਈ।

***'ਚਲਦਾ'***

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

ਸਾਧਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

ਕਈ ਦਿਨਾਂ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਇਸ ਅਸਥਾਨ ਤੋਂ ਪ੍ਰਸਾਰ ਹੋ ਰਿਹਾ ਸੀ ਜਿਸ ਦਾ ਅਸਰ ਦੂਰ ਦੂਰ ਤੱਕ, ਜਿਥੇ ਵੀ ਆਵਾਜ਼ ਜਾਂਦੀ ਸੀ ਉਥੇ ਤਕ ਹੋ ਰਿਹਾ ਸੀ ਜੋ ਸੁੱਖ-ਸ਼ਾਂਤੀ ਤੇ ਖੇੜਾ ਪ੍ਰਦਾਨ ਕਰ ਰਿਹਾ ਸੀ। ਬੇਅੰਤ ਐਸੇ ਰੋਗ ਨੇ ਜਿਨ੍ਹਾਂ ਦੇ ਬਾਰੇ ਅਸੀਂ ਜਾਣਦੇ ਨਹੀਂ, ਇਸ ਮਾਮਲੇ ਵਿਚ ਅਸੀਂ ਅਜੇ ਬਹੁਤ ਅਨਜਾਣ ਹਾਂ। ਸਾਇੰਸ ਨੇ ਜੋ ਤਰੱਕੀ ਕੀਤੀ ਹੈ ਉਹ ਇਸ ਤਰ੍ਹਾਂ ਸਮਝ ਲਓ ਕਿ ਪੂਰੀ ਪੈਂਤੀ ਨਹੀਂ ਪੜ੍ਹੀ ਉਸ ਨੇ, ਅਜੇ ਪੜ੍ਹਾਈ ਤਾਂ ਅੱਗੇ ਸ਼ੁਰੂ ਹੋਣੀ ਹੈ ਕਿਉਂਕਿ ਐਸੇ ਬੇਅੰਤ ਕਿਸਮ ਦੇ ਰੋਗ ਨੇ, ਬੇਅੰਤ ਕਿਸਮ ਦੀਆਂ ਅਬਾਦੀਆਂ ਨੇ, ਬੇਅੰਤ ਕਿਸਮ ਦੇ ਸਰੀਰ ਨੇ, ਬੇਅੰਤ ਕਿਸਮ ਦੀਆਂ ਬਾਣੀਆਂ ਨੇ, ਬੇਅੰਤ ਕਿਸਮ ਦੀਆਂ ਖਾਣੀਆਂ ਨੇ ਜਿਨ੍ਹਾਂ ਬਾਰੇ ਸਾਨੂੰ ਗਿਆਨ ਨਹੀਂ। ਅਸੀਂ ਸਿਰਫ ਚਾਰ ਬਾਣੀਆਂ ਤੇ ਚਾਰ ਖਾਣੀਆਂ ਬਾਰੇ ਜਾਣਦੇ ਹਾਂ, ਕੁਝ ਬਾਣੀਆਂ ਬਾਰੇ ਜਾਣਦੇ ਹਾਂ, ਬੇਅੰਤ ਪੌਣਾਂ ਨੇ। ਜਿੱਥੇ ਤਕ ਵੀ ਉਨ੍ਹਾਂ ਦੀ ਹੋਂਦ ਹੈ ਇਹ ਹਰੀ ਦਾ ਜੱਸ vibrations (ਤਰੰਗਾਂ) ਰਾਹੀਂ ਉਥੇ ਪਹੁੰਚ ਜਾਇਆ ਕਰਦਾ ਹੈ। ਇਥੋਂ ਤਕ ਕਿ ਪ੍ਰਭੂ ਦੇ ਦਰਬਾਰ ਵਿਚ ਵੀ ਇਸ ਦੀ ਅਵਾਜ਼ ਪਹੁੰਚਦੀ ਹੈ। ਸੋ ਉਸ ਦਾ ਫਲ ਕਿੰਨਾ ਹੁੰਦਾ ਹੈ? ਮਹਾਰਾਜ ਜੀ ਕਹਿੰਦੇ ਇਸਦਾ ਇਕ ਤਰੀਕਾ ਹੈ। ਜੇ ਪੂਰਾ-ਪੂਰਾ ਫਲ ਲੈਣਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਐਸੇ ਸਿਧਾਂਤ ਲਿਖੇ ਹੋਏ ਨੇ -

***ਸੇਵਕ ਸਿਖ ਪੂਜਣ ਸਭਿ ਆਵਹਿ...................॥***

***ਪੰਨਾ - 669***

ਆਉਂਦੇ ਸਾਰੇ ਹੀ ਨੇ ਦੂਰ-ਦਰਾਜ਼ ਤੋਂ, ਗਾਉਂਦੇ ਵੀ ਨੇ, ਸੁਣਾਉਣ ਵਾਲੇ ਸੁਣਾਉਂਦੇ ਵੀ ਨੇ -

............. ***ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥***

***ਪੰਨਾ - 669***

ਮਹਾਰਾਜ ਜੀ ਕਹਿੰਦੇ, ਥਾਂ ਉਨ੍ਹਾਂ ਦਾ ਪੈਂਦਾ ਹੈ -

***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥***

***ਪੰਨਾ - 669***

ਹੁਣ ਇਥੇ ਸਵਾਲ ਆਉਂਦਾ ਹੈ ਕਿ ਸਾਡਾ ਗਾਣਾ-ਸੁਣਨਾ ਥਾਂ ਪੈਂਦਾ ਹੈ ਜਾਂ ਅਸੀਂ ਐਵੇਂ ਹੀ ਰਸਮ ਪੂਰੀ ਕਰਨ ਵਾਸਤੇ, ਕਿਸੇ ਖਿਆਲ ਦੇ ਅਧੀਨ ਨਾ ਹੋਣ ਕਰਕੇ ਐਵੇਂ ਹੀ ਅਸੀਂ ਆ ਕੇ ਬੈਠ ਜਾਂਦੇ ਹਾਂ ਕਿ ਸਾਨੂੰ ਫਲ ਮਿਲੇਗਾ ਕਿਉਂਕਿ ਫਲ ਬਹੁਤਾ ਲਿਖਿਆ ਹੋਇਆ ਹੈ ਮਹਾਰਾਜ ਜੀ ਨੇ, ਥੋੜ੍ਹਾ ਨਹੀਂ ਲਿਖਿਆ। ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***

***ਪੰਨਾ - 546***

ਜਿਹੜੇ ਸੁਣਦੇ ਨੇ ਤੇ ਗਾਉਂਦੇ ਨੇ ਉਨ੍ਹਾਂ ਨੂੰ ਕਈ ਕਰੋੜ ਜੱਗਾਂ ਦਾ ਫਲ ਮਿਲਦਾ ਹੈ। ਹੁਣ ਇਨ੍ਹਾਂ ਗੱਲਾਂ ਤੋਂ ਸ਼ੰਕੇ ਹੋ ਜਾਂਦੇ ਨੇ ਕਿ ਮਿਲਦਾ ਵੀ ਹੈ ਫਲ ਜਾਂ ਐਵੇਂ ਹੀ ਕਿਹਾ ਹੈ ਕਿਉਂਕਿ ਸਾਨੂੰ ਬਹੁਤੀਆਂ ਗੱਲਾਂ ਐਵੇਂ ਹੀ ਕਹਿਣ ਦਾ ਸੁਭਾਅ ਪਿਆ ਹੋਇਆ ਹੈ, ਆਪਣੇ ਕੋਲੋਂ ਹੀ ਬਣਾ ਕੇ ਗੱਲਾਂ ਅਸੀਂ ਕਹਿ ਦਿੰਦੇ ਹਾਂ। ਉਸ ਦੀ ਵਿਚਾਰ ਵਿਚ ਨਹੀਂ ਜਾਂਦੇ ਕਿ ਗੱਲ ਸਤਿ ਤੇ ਅਧਾਰਿਤ ਹੈ ਜਾਂ ਮਿਥਿਆਵਾਕ ਹੈ। ਜੇ ਐਨਾ ਫਲ ਮਿਲਦਾ ਹੈ - ਕਈ ਕਰੋੜ ਜੱਗਾਂ ਦਾ, ਫੇਰ ਤਾਂ ਬਹੁਤ ਹੀ ਵੱਡੀ ਚੀਜ਼ ਹੈ। ਲੇਕਿਨ ਮੈਂ ਇਕ ਬੇਨਤੀ ਕਰਦਾ ਹਾਂ ਕਿ ਜਿਹੜੇ ਫਲ ਮਿਲਦੇ ਨੇ ਜੇ ਉਹ ਫਲ ਪ੍ਰਾਪਤ ਹੋ ਵੀ ਜਾਣ ਤਾਂ ਸਾਡਾ ਜੰਮਣਾ-ਮਰਨਾ ਖਤਮ ਨਹੀਂ ਹੋਇਆ ਕਰਦਾ। ਅਸੀਂ ਉਸ ਦਾ ਫਲ ਭੋਗਣ ਵਾਸਤੇ ਫੇਰ ਸੰਸਾਰ ਤੇ ਆਉਂਦੇ ਹਾਂ। ਮਹਾਰਾਜ ਜੀ ਕਹਿੰਦੇ, ਫਲ ਮਿਲਦਾ ਤਾਂ ਹੈ ਜੇ ਉਸ ਨੂੰ ਸੁਣਨ ਤੇ ਮੰਨਣ ਦੀ ਜਾਂਚ ਆਉਂਦੀ ਹੋਵੇ। ਰੂਹਾਨੀ ਮਾਰਗ ਦੇ ਅੰਦਰ ਪਹਿਲਾਂ ਬਹਿਰੰਗ ਸਾਧਨ ਨੇ। ਉਨ੍ਹਾਂ ਤੋਂ ਬਾਅਦ ਜਿਹੜੇ ਅੰਤਰੰਗ ਸਾਧਨ ਆਉਂਦੇ ਨੇ, ਉਹ ਚਾਰ ਨੇ - ਸੁਣਨਾ, ਮੰਨਣਾ, ਮੰਨ ਕੇ ਫੇਰ ਉਸ ਦੇ ਉਤੇ ਅਮਲ ਕਰਨਾ, ਅਮਲ ਕਰਨ ਤੋਂ ਬਾਅਦ ਉਸ ਚੀਜ਼ ਨੂੰ ਹਾਸਲ ਕਰ ਲੈਣਾ ਜਿਸ ਦੇ ਬਾਰੇ ਪਹਿਲਾਂ ਸੁਣਿਆ ਸੀ ਫੇਰ ਮੰਨਿਆ ਸੀ।

ਐਉਂ ਸਮਝ ਲਓ ਕਿ ਸੁਣਨਾ ਤਾਂ ਹੈ ਜਿਵੇਂ ਕੋਈ ਅਧਿਆਪਕ ਸਬਕ ਸੁਣਾ ਰਿਹਾ ਹੈ, theory ਸੁਣਾ ਰਿਹਾ ਹੈ। ਵਿਗਿਆਨ ਦਾ ਵਿਦਿਆਰਥੀ ਹੈ ਉਸ ਨੇ theory ਸੁਣ ਲਈ ਕਿ ਹਾਈਡਰੋਜਨ ਤੇ ਆਕਸੀਜਨ ਦੀ 1:8 ਦੀ ਮਾਤਰਾ ਦੇ ਵਿਚੋਂ ਦੀ ਜੇ ਬਿਜਲੀ ਲੰਘਾ ਦਿਤੀ ਜਾਵੇ ਕਿਸੇ ਖਾਸ ਢੰਗ ਦੇ ਨਾਲ ਤਾਂ ਇਸ ਦਾ ਪਾਣੀ ਬਣ ਜਾਂਦਾ ਹੈ, ਹਵਾ ਵਿਚੋਂ ਪਾਣੀ ਬਣ ਜਾਂਦਾ ਹੈ ਕਿਉਂਕਿ ਹਵਾ ਵਿਚੋਂ ਪੈਦਾ ਹੋਇਆ ਹੈ। ਮਾਸਟਰ ਦੀ ਉਸ ਨੇ ਗੱਲ ਸੁਣ ਲਈ - ਸਾਇੰਸ ਦੀ ਪ੍ਰਯੋਗਸ਼ਾਲਾ ਦੇ ਅੰਦਰ। ਹੁਣ ਜਿਹੜਾ ਵਿਦਿਆਰਥੀ ਹੈ ਉਹ ਵਿਸ਼ਵਾਸ਼ ਕਰਦਾ ਹੈ ਕਿ

ਜਿਹੜਾ ਮੇਰਾ ਅਧਿਆਪਕ ਹੈ ਉਹ ਯੋਗਤਾ-ਸੰਪੰਨ ਹੈ, ਐਵੇਂ ਅਨਜਾਣ ਨਹੀਂ, ਅਟਕਲ-ਪੱਚੂ ਗੱਲਾਂ ਕਰਨ ਵਾਲਾ ਨਹੀਂ ਹੈ ਉਹ ਸਹੀ ਗੱਲਾਂ ਕਰਦਾ ਹੈ। ਉਸ ਵਿਦਿਆਰਥੀ ਨੇ ਮੰਨ ਲਿਆ। ਜੇ ਉਹ ਬੱਚਾ ਨਹੀਂ ਮੰਨਦਾ ਤਾਂ ਪਾਸ ਨਹੀਂ ਹੁੰਦਾ ਕਿਉਂਕਿ ਮੰਨਣਾ ਜ਼ਰੂਰੀ ਹੁੰਦਾ ਹੈ। ਮਾਸਟਰ ਕਹਿੰਦਾ ਹੈ ਕਿ ਜ਼ਮੀਨ ਗੋਲ ਹੈ। ਨਾ ਮਾਸਟਰ ਨੇ ਦੇਖੀ ਹੈ, ਨਾ ਬੱਚੇ ਨੇ ਦੇਖੀ ਹੈ ਲੇਕਿਨ ਬੱਚਾ ਮੰਨ ਲੈਂਦਾ ਹੈ ਕਿ ਜ਼ਮੀਨ ਗੋਲ ਹੈ। ਇਸੇ ਤਰ੍ਹਾਂ ਉਸ ਵਿਦਿਆਰਥੀ ਨੇ ਮੰਨ ਲਿਆ ਕਿ ਦੋ ਗੈਸਾਂ ਇਕੱਠੀਆਂ ਕਰਕੇ ਕਿਸੇ ਖਾਸ ਢੰਗ ਨਾਲ ਇਨ੍ਹਾਂ ਵਿਚੋਂ ਬਿਜਲੀ ਲੰਘਾਈ ਜਾਵੇ ਤਾਂ ਇਹ ਪਾਣੀ ਬਣ ਜਾਂਦਾ ਹੈ। ਮੰਨਣ ਤੋਂ ਬਾਅਦ ਮਾਸਟਰ ਨੇ ਤਰੀਕਾ ਦੱਸ ਦਿਤਾ। ਸ਼ਾਹਿਰ-ਏ-ਆਜ਼ਮ ਹੈ, ਪਾਣੀ ਦੀ ਘੁੱਟ ਕਿਤੇ ਮਿਲਦੀ ਨਹੀਂ ਹੈ ਲੇਕਿਨ ਸਿਲੰਡਰ ਪਏ ਨੇ ਸਾਡੇ ਕੋਲ, ਕਿਤੋਂ ਪਾਣੀ ਦੀ ਉਮੀਦ ਨਹੀਂ, ਅਸੀਂ ਪਿਆਸੇ ਮਰ ਰਹੇ ਹਾਂ ਤੇ ਉਹ ਜੋ ਵਿਦਿਆਰਥੀ ਸੀ, ਉਸ ਨੇ ਲੈਬੋਟਰੀ ਵਿਚ ਜਾ ਕੇ ਪਾਣੀ ਬਣਾ ਲਿਆ। ਜਿਹੜਾ ਬਣਾਉਣ ਦਾ ਸਾਧਨ ਸੀ ਉਹ ਤੀਸਰੀ ਅਵਸਥਾ ਹੋਇਆ ਕਰਦੀ ਹੈ। ਚੌਥੀ ਅਵਸਥਾ ਹੈ ਕਿ ਪਾਣੀ ਬਣ ਗਿਆ, ਉਸ ਨੇ ਪਿਆਸ ਬੁਝਾ ਕੇ ਆਪਣੀ ਜਾਨ ਬਚਾ ਲਈ। ਸੋ ਇਹ ਚਾਰ ਚੀਜ਼ਾਂ ਹਰ ਜਗਿਆਸੂ ਨੂੰ ਸਮਝ ਲੈਣੀਆਂ ਚਾਹੀਦੀਆਂ ਨੇ। ਜਦੋਂ ਤਕ ਸਾਡੀ ਸਮਝ ਵਿਚ ਨਹੀਂ ਆਉਂਦੀ ਓਨੀਂ ਦੇਰ ਤਕ ਅਸੀਂ ਗੱਲ ਨਹੀਂ ਕਰ ਸਕਦੇ, ਅੱਗੇ ਵਧ ਨਹੀਂ ਸਕਦੇ।

ਸੋ ਮੈਂ ਬੇਨਤੀ ਕਰਦਾ ਹਾਂ ਸਾਧਸੰਗਤ ਜੀ! ਫਲ ਤਾਂ ਬਹੁਤ ਵੱਡਾ ਹੈ ਲੇਕਿਨ ਉਸ ਦਾ ਤਰੀਕਾ ਹੁੰਦਾ ਹੈ, ਜਦੋਂ ਤੱਕ ਉਸ ਤਰੀਕੇ ਦੇ ਮੁਤਾਬਕ ਨਾ ਵਰਤਿਆ ਜਾਵੇ ਤਾਂ ਪੂਰਾ ਪੂਰਾ ਫਲ ਨਹੀਂ ਹੋਇਆ ਕਰਦਾ। ਸੋ ਜੁਗਤ ਆਉਣੀ ਚਾਹੀਦੀ ਹੈ, ਤਰੀਕਾ ਆਉਣਾ ਚਾਹੀਦਾ ਹੈ। ਸਤਿਸੰਗ ਵਿਚ ਆਉਣ ਦਾ ਤਰੀਕਾ ਇਹ ਹੈ ਕਿ ਪਹਿਲਾਂ ਘਰ ਤੋਂ ਅਰਦਾਸ ਕਰੋ ਕਿ ਮੈਂ ਸਤਿਸੰਗ ਵਿਚ ਚੱਲਿਆ ਹਾਂ। ਹੇ ਪ੍ਰਭੂ! ਮੈਂ ਤੇਰੇ ਦਰ ਤੇ ਆਇਆ ਹਾਂ, ਤੇਰੀ ਬਖਸ਼ਿਸ਼ ਹੋਈ ਹੈ ਮੇਰੇ ਤੇ, ਇਨ੍ਹਾਂ ਸਾਰੇ ਕੰਮਾਂ ਵਿਚੋਂ ਵਿਹਲਾ ਕਰਕੇ ਤੂੰ ਮੈਨੂੰ ਸਤਿਸੰਗ ਵਲ ਲੈ ਚੱਲਿਆ ਹੈਂ। ਜਦੋਂ ਇਸ ਤਰ੍ਹਾਂ ਦੀ ਅਰਦਾਸ ਕਰੇਂਗਾ ਤਾਂ ਸ਼ਰਧਾ ਦੀ ਝੋਲੀ, ਨਾਲ ਚੁੱਕ ਲਏਂਗਾ ਕਿਉਂਕਿ ਸ਼ਰਧਾ ਦੀ ਝੋਲੀ ਤੋਂ ਵਿਹੂਣਾ ਜਦੋਂ ਇਥੇ ਦਾਤਾਂ ਮਿਲਣੀਆਂ ਨੇ ਤਾਂ ਉਸ ਦੀ ਪਾਟੀ ਹੋਈ ਝੋਲੀ ਵਿਚੋਂ ਤਾਂ ਇਥੇ ਹੀ ਗਿਰ ਜਾਣਗੀਆਂ, ਕਰੋੜ-ਕਰੋੜ ਰੁਪਏ ਦਾ ਹੀਰਾ ਮਿਲਦਾ ਹੈ ਤਾਂ ਇਥੇ ਹੀ ਰਹਿ ਜਾਏਗਾ ਕਿਉਂਕਿ ਉਹ ਸ਼ਰਧਾ ਦੀ ਝੋਲੀ ਨਹੀਂ ਲੈ ਕੇ ਆਇਆ, ਫਟੀ ਹੋਈ ਝੋਲੀ ਲੈ ਕੇ ਆਇਆ ਹੈ, ਛਾਨਣੀ-ਛਾਨਣੀ ਹੋਈ ਝੋਲੀ ਲੈ ਕੇ ਆਇਆ ਹੈ। ਸੋ ਉਸ ਦਾ ਫਲ ਕੀ ਹੋਏਗਾ? ਕਹਿੰਦੇ ਇਕ ਕਦਮ ਜਦੋਂ ਗੁਰੂ ਵਲ ਨੂੰ ਪੁੱਟੇਗਾ ਤਾਂ ਉਸ ਨੂੰ ਅਸ਼ਵਮੇਧ ਯੱਗ ਦਾ ਫਲ ਪ੍ਰਾਪਤ ਹੋਏਗਾ। ਭਾਈ ਗੁਰਦਾਸ ਜੀ ਕਹਿੰਦੇ ਇਹ ਤਾਂ ਫਲ ਥੋੜ੍ਹਾ ਹੀ ਹੈ, ਏਸ ਤੋਂ ਵੀ ਵੱਧ ਹੁੰਦਾ ਹੈ।

***ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ,***
***ਸਤਿਗੁਰ ਕੋਟਿ ਪੈਂਡਾ ਆਗੈ ਹੋਇ ਲੇਤ ਹੈ।***

***ਕਬਿੱਤ, ਭਾਈ ਗੁਰਦਾਸ ਜੀ***

ਸਾਨੂੰ ਵਿਛੜਿਆਂ ਨੂੰ ਬੇਅੰਤ ਸਮਾਂ ਹੋ ਗਿਆ, ਪਤਾ ਨਹੀਂ ਅਸੀਂ ਕਿੰਨੀ ਦੂਰੀ ਤੇ ਚਲੇ ਗਏ। ਮਹਾਰਾਜ ਜੀ ਕਹਿੰਦੇ, ਤੂੰ ਪੜ੍ਹਿਆ ਲਿਖਿਆ ਬੰਦਾ ਹੈਂ। ਕਿੰਨਾ ਪੜ੍ਹਿਆ ਹੋਇਆ ਹੈਂ? ਕਹਿੰਦਾ, ਜੀ ਪੀ.ਐਚ-ਡੀ. ਕਰੀ ਹੋਈ ਹੈ ਮੈਂ, Psychology ਦੀ ਕਰੀ ਹੈ, Economics, ਪੰਜਾਬੀ ਦੀ ਪੀ.ਐਚ-ਡੀ. ਕਰੀ ਹੈ, ਡੀ. ਲਿਟ ਕਰ ਰਿਹਾ ਹਾਂ, ਬੜੀ ਵੱਡੀ ਪੜ੍ਹਾਈ ਹੈ। ਮਹਾਰਾਜ ਕਹਿੰਦੇ ਇਕ ਗੱਲ ਦੱਸ, ਤੂੰ ਪੜ੍ਹਿਆ ਹੋਇਆ ਹੈਂ ਫੇਰ ਤੈਨੂੰ ਇਹ ਪਤਾ ਹੈ ਕਿ ਤੈਨੂੰ ਗੁੱਸਾ ਕਿਥੋਂ ਆਉਂਦਾ ਹੈ ਤੇ ਤੇਰੇ ਅੰਦਰ ਪਿਆਰ ਕਿਸ ਥਾਂ ਤੋਂ ਆਉਂਦਾ ਹੈ? ਖੁਸ਼ੀ ਤੇਰੀ ਕਿਸ ਥਾਂ ਤੋਂ ਆਉਂਦੀ ਹੈ? ਤੂੰ ਇਹ ਦੱਸ ਤੈਨੂੰ ਕਿੰਨਾ-ਕੁ ਚਿਰ ਹੋ ਗਿਆ ਚਲਦੇ ਨੂੰ? ਸਫਰ ਤਾਂ ਤੂੰ ਕਰਿਆ ਹੈ, ਤੈਨੂੰ ਯਾਦ ਹੈ ਤੈਨੂੰ ਕਿੰਨੀ ਦੇਰ ਹੋ ਗਈ ਚਲਿਆਂ ਨੂੰ?

***ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥ ਪੰਨਾ - 999***

ਦੱਸ ਤੂੰ ਕੌਣ ਹੈਂ ਤੇ ਕਿਥੋਂ ਆਇਆ ਹੈਂ? ਹੁਣ ਪੀ.ਐਚ-ਡੀ. ਵਾਲਾ ਬੰਦਾ ਸੋਚਣ ਲਗ ਜਾਂਦਾ ਹੈ ਕਿ ਮੈਂ ਹੁਣ ਕੀ ਦੱਸਾਂ। ਮੈਂ ਦੱਸ ਦਿੰਦਾ ਹਾਂ, ਇਹ ਤਾਂ ਮਾਮੂਲੀ ਗੱਲ ਹੈ, ਮੈਂ ਫਲਾਣਾ ਸਿੰਘ ਹਾਂ ਤੇ ਮੈਂ ਰੋਪੜ ਤੋਂ ਆਇਆ ਹਾਂ, ਦੀਵਾਨ ਸੁਣਨ ਆਇਆ ਹਾਂ। ਮਹਾਰਾਜ ਜੀ ਕਹਿੰਦੇ, ਨਾ, ਤੈਨੂੰ ਨਹੀਂ ਪਤਾ, ਤੂੰ ਤਾਂ ਬਿਲਕੁਲ ਅਨਜਾਣ ਹੈਂ -

***ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ॥***
***ਪੰਨਾ - 999***

ਕਿੰਨਾ ਚਿਰ ਹੋ ਗਿਆ ਤੈਨੂੰ ਚਲਦੇ ਨੂੰ? ਕਹਿੰਦਾ ਮੈਂ ਤਾਂ ਅੱਠ ਵਜੇ ਘਰੋਂ ਚੱਲਿਆ ਸੀ। ਇਹ ਅਨਜਾਣਾਂ ਦੇ ਜਵਾਬ ਨੇ। ਗੁਰੂ ਜੇ ਪੁੱਛੇ ਤਾਂ ਇਹ ਜਵਾਬ ਨਹੀਂ ਹੋਇਆ ਕਰਦੇ। ਗੁਰੂ ਤੈਨੂੰ ਪੁਛਦੇ ਨੇ ਕਿ ਤੂੰ ਕੌਣ ਹੈਂ? ਜੇ ਤੂੰ ਇਸ ਗੱਲ ਨੂੰ ਨਹੀਂ ਸਮਝ ਸਕਿਆ ਤਾਂ ਤੇਰੀ ਪੜ੍ਹਾਈ ਜ਼ੀਰੋ ਹੈ। ਜੇ ਤੂੰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ ਇਨ੍ਹਾਂ ਜਜ਼ਬਿਆਂ ਉਤੇ ਫਤਹਿ ਨਹੀਂ ਪਾ ਸਕਿਆ ਤਾਂ ਤੂੰ ਕੁਝ ਨਹੀਂ ਪੜ੍ਹਿਆ ਹੋਇਆ, ਬਿਲਕੁਲ ਅਨਜਾਣ ਹੈਂ -

***ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥***
***ਪੰਨਾ - 140***

ਪੜ੍ਹਾਈ ਸਾਡੀ ਨਾ-ਮਨਜ਼ੂਰ ਕਰ ਦਿਤੀ। ਮਹਾਰਾਜ ਜੀ ਕਹਿੰਦੇ, ਤੁਸੀਂ ਕੀ ਕਹਾਉਂਦੇ ਹੋ ਆਪਣੇ ਆਪ ਨੂੰ, ਤੁਹਾਨੂੰ ਪਤਾ ਹੀ ਨਹੀਂ, ਤੁਸੀਂ ਤਾਂ ਅਨਜਾਣ ਹੋ, ਬਿਲਕੁਲ ਅਨਜਾਣ। ਜਦੋਂ ਅਸੀਂ ਮਹਾਰਾਜ ਜੀ ਨੂੰ ਪੁਛਦੇ ਹਾਂ ਕਿ ਮਹਾਰਾਜ! ਫੇਰ ਪੜ੍ਹਿਆ ਹੋਇਆ ਕੌਣ ਹੈ? ਮਹਾਰਾਜ ਜੀ ਕਹਿੰਦੇ ਜਿਹੜੀ ਤੇਰੀ ਪੜ੍ਹਾਈ ਹੈ ਜੇ ਤੂੰ ਕਹੇਂ ਕਿ ਮੈਂ ਡੀ. ਲਿਟ. ਕਰੀ ਹੈ ਉਹ ਤਾਂ ਤੂੰ ਇਕ ਵਿਸ਼ੇ ਤੇ ਕਿਤਾਬਾਂ ਪੜ੍ਹੀਆਂ ਹਨ, ਉਸ ਸਬਜੈਕਟ ਦੀ ਤੂੰ

ਪੀ.ਐਚ.ਡੀ ਕਰ ਲਈ, ਉਸ ਤੋਂ ਅੱਗੇ ਦੀ ਡਿਗਰੀ ਲੈ ਲਈ। ਜੇ ਤੂੰ ਕਿਸੇ ਲਾਇਬ੍ਰੇਰੀ ਵਿਚ ਚਲਿਆ ਜਾਏਂ, ਵੱਡੀਆਂ ਵੱਡੀਆਂ ਲਾਇਬ੍ਰੇਰੀਆਂ ਨੇ। ਮੈਂ ਸ਼ਿਕਾਗੋ ਵਿਚ ਚਲਿਆ ਗਿਆ। ਮੈਂ ਅੰਦਾਜ਼ਾ ਲਾਇਆ ਕਿ ਇਥੇ ਭਾਵੇਂ ਮਹੀਨਾ ਭਰ ਘੁੰਮੀ ਜਾਓ ਤਾਂ ਲਾਇਬਰੇਰੀ ਦਾ ਹੀ ਪਤਾ ਨਹੀਂ ਲਗਦਾ, ਐਡੀ ਵੱਡੀ ਲਾਇਬ੍ਰੇਰੀ, ਐਨੀਆਂ ਕਿਤਾਬਾਂ, ਐਨੇ ਸਬਜੈਕਟ, ਐਨੇ ਵਿਭਾਗ ਨੇ, ਆਦਮੀ ਪਾਗਲ ਹੋ ਜਾਂਦਾ ਹੈ ਜੇ ਕਿਤੇ ਐਨਾ ਪੜ੍ਹਨਾ ਸ਼ੁਰੂ ਕਰ ਦੇਵੇ। ਜੇ ਕੋਈ ਭਲਾਂ ਐਨੀਆਂ ਕਿਤਾਬਾਂ ਪੜ੍ਹ ਲਵੇ, ਫੇਰ ਤਾਂ ਸਾਡੀ ਸਾਰੀ ਦੁਨੀਆਂ ਵਿਚ ਸਭ ਤੋਂ ਵੱਡਾ ਆਦਮੀ ਕਹਾਉਂਦਾ ਹੈ ਉਹ। ਮਹਾਰਾਜ ਜੀ ਕਹਿੰਦੇ ਜਿੰਨਾ ਜੀਅ ਕਰਦਾ ਹੈ ਪੜ੍ਹ ਲੈ –

***ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥***
***ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥***
***ਪੰਨਾ – 467***

ਜਦੋਂ ਚਰ੍ਹੀ ਤਿਆਰ ਹੋ ਜਾਂਦੀ ਹੈ ਸਾਡੇ ਕੋਲ, ਫੇਰ ਅਸੀਂ ਸਿਆਲ ਦੇ ਮਹੀਨੇ ਡੰਗਰਾਂ ਨੂੰ ਚਰ੍ਹੀ ਖੁਆਉਣ ਵਾਸਤੇ ਉਸ ਦੀ ਖੱਤੀ ਲਾ ਦਿੰਦੇ ਹਾਂ, ਇਕੱਠੀ ਕਰਕੇ ਗੱਰਾ ਲਾ ਦਿੰਦੇ ਹਾਂ। ਕਹਿੰਦੇ ਜੇ ਇਉਂ ਢੇਰਾਂ ਦੇ ਢੇਰ ਲਾ ਦੇਵੇਂ, ਕਿਤਾਬਾਂ ਦੇ ਰੈਕ ਮੁੱਕ ਜਾਣ ਤੇ ਫੇਰ ਜਿਵੇਂ ਦਾਣਿਆਂ ਦੇ ਢੇਰ ਲਾਉਂਦੇ ਹਾਂ ਇਸ ਤਰ੍ਹਾਂ ਅਸੀਂ ਕਿਤਾਬਾਂ ਦੇ ਢੇਰ ਖੁਲ੍ਹੇ ਮੈਦਾਨ ਵਿਚ ਲਾਉਣੇ ਸ਼ੁਰੂ ਕਰ ਦੇਈਏ ਤੇ ਉਹ ਸਾਰੀਆਂ ਕਿਤਾਬਾਂ ਪੜ੍ਹ ਲਏ –

***ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥***
***ਪੰਨਾ – 467***

ਬਰਸ ਵੀ ਪੜ੍ਹੇ, ਸਾਸ-ਸਾਸ ਵੀ ਪੜ੍ਹੇ, ਸਾਰੀ ਜ਼ਿੰਦਗੀ ਪੜ੍ਹੇ–

***ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥***
***ਪੰਨਾ – 467***

ਆਖਰੀ ਸੁਆਸ ਵੀ ਜਿਸ ਵਕਤ ਆਉਂਦਾ ਹੋਵੇ, ਕਹਿੰਦੇ ਉਸ ਵੇਲੇ ਵੀ ਪੜ੍ਹਦਾ ਹੋਵੇ, ਦੁਨੀਆਂ ਦੇ ਵਿਚ ਤਾਂ ਉਸ ਨੂੰ ਬੜੇ ਇਨਾਮ ਮਿਲਣਗੇ, ਦੁਨੀਆਂ ਵਿਚ ਉਸਨੂੰ ਬੜਾ ਮਾਣ ਪ੍ਰਾਪਤ ਹੋਏਗਾ। ਵੱਡੇ-ਵੱਡੇ ਕਹਾਉਂਦੇ ਹੋਣਗੇ, ਇਕੱਠ ਹੋਣਗੇ ਲੱਖਾਂ ਬੰਦਿਆਂ ਦੇ ਕਿ ਅੱਜ ਦੁਨੀਆਂ ਦਾ ਸਭ ਤੋਂ ਵੱਡਾ ਪੜ੍ਹਿਆ ਹੋਇਆ ਬੰਦਾ ਆਇਆ ਹੈ। ਮਹਾਰਾਜ ਜੀ ਕਹਿੰਦੇ, ਇਹ ਪੜ੍ਹਾਈ ਕੋਈ ਪੜ੍ਹਾਈ ਨਹੀਂ ਹੈ। ਪੜ੍ਹਾਈ ਅਸਲੀ ਤਾਂ ਇਕ ਹੈ –

***ਨਾਨਕ ਲੇਖੇ ਇਕ ਗਲ ਹੋਰੁ ਹਉਮੈ ਝਖਣਾ ਝਾਖ॥***
***ਪੰਨਾ – 467***

ਬਾਕੀ ਤਾਂ ਤੁਹਾਡੀ ਹਉਮੈ ਦੀ ਝਖਣਾ ਝਾਖ ਹੈ। ਤੁਹਾਡੀ ਹੁਸ਼ਿਆਰੀ, ਤੁਹਾਡੀ ਪੜ੍ਹਾਈ, ਤੁਹਾਡੇ ਮੰਤਕ, ਤੁਹਾਡੀਆਂ ਫਿਲੌਸਫੀਆਂ, ਜੇ ਤੂੰ ਇਹੀ ਨਹੀਂ ਸਮਝ ਸਕਿਆ ਕਿ ਮੈਂ ਕੌਣ ਹਾਂ, ਕਿਥੋਂ ਆਇਆ ਹਾਂ, ਤਾਂ ਤੇਰੀ ਪੜ੍ਹਾਈ ਜ਼ੀਰੋ ਹੈ ਕੁਝ ਨਹੀਂ ਹੈ। ਐਵੇਂ ਥਕਾਵਟ ਹਾਸਲ ਕਰੀ ਹੈ, ਆਪਣੇ ਦਿਮਾਗ ਦੇ ਅੰਦਰ-ਬਹੁਤੀਆਂ ਕਿਤਾਬਾਂ ਪੜ੍ਹ ਕੇ। ਜਿੰਨੀਆਂ ਕਿਤਾਬਾਂ ਪੜ੍ਹੇਂਗਾ, ਰੁਲ ਜਾਏਂਗਾ, ਸੰਘਣਾ ਵਣ ਹੁੰਦਾ ਹੈ, ਪ੍ਰੇਸ਼ਾਨੀਆਂ ਆਉਂਦੀਆਂ ਨੇ। ਪੜ੍ਹੇ ਲਿਖੇ ਬੰਦੇ ਆਉਂਦੇ ਨੇ ਕਿ ਮੈਂ ਪੜ੍ਹਿਆ ਹੈ ਫਲਾਣੇ ਗ੍ਰੰਥ ਵਿਚ ਇਉਂ। ਮੈਂ ਕਿਹਾ ਤੂੰ ਤਾਂ ਰੁਲ ਗਿਆ ਪ੍ਰੇਮੀਆਂ! ਪੜ੍ਹਾਈ ਤਾਂ ਇਕ ਪੜ੍ਹਨੀ ਹੈ ਜਿਹੜੀ ਲੇਖੇ ਵਿਚ ਪੈਂਦੀ ਹੈ, ਬਾਕੀ ਪੜ੍ਹਾਈਆਂ ਜਿਹੜੀਆਂ ਨੇ, ਉਹ ਆਪੇ ਹੀ ਆ ਜਾਂਦੀਆਂ ਨੇ। ਗੁਰੂ ਨਾਨਕ ਦੇਵ ਜੀ ਕਹਿੰਦੇ ਨੇ ਕਿ ਪੜ੍ਹਿਆ ਹੋਇਆ ਉਹ ਹੈ ਜਿਸਨੂੰ ਹਰ ਵਕਤ ਪ੍ਰਮੇਸ਼ੁਰ, ਹਰ ਥਾਂ ਤੇ ਨਜ਼ਰ ਆਉਂਦਾ ਹੈ –

***ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ***
***ਜਿਸੁ ਰਾਮ ਨਾਮੁ ਗਲਿ ਹਾਰੁ॥ ਪੰਨਾ – 938***

ਜਿਹੜਾ ਪ੍ਰਮੇਸ਼ੁਰ ਨੂੰ ਨਹੀਂ ਭੁੱਲਦਾ ਇਕ ਸਕਿੰਟ ਵਾਸਤੇ ਵੀ, ਉਹ ਪੜ੍ਹਿਆ ਹੋਇਆ ਹੈ। ਬਾਕੀ ਤਾਂ ਸਾਰੀ ਦੁਨੀਆਂ ਅਨਪੜ੍ਹਾਂ ਦੀ ਤੁਰੀ ਫਿਰਦੀ ਹੈ – ਕਿਤਾਬੀ-ਕੀੜੇ। ਸੋ ਇਹ ਗੱਲਾਂ ਜਦੋਂ ਅਸੀਂ ਗੁਰੂ ਸਾਹਿਬ ਜੀ ਦੀਆਂ ਸੁਣਦੇ ਹਾਂ, ਵਿਚਾਰਵਾਨ ਬੰਦਾ ਸੋਚਦਾ ਹੈ ਕਿ ਇਹ ਮਾਮਲਾ ਕੀ ਹੈ? ਗੁਰੂ ਸਾਹਿਬ ਕਹਿਣਾ ਕੀ ਚਾਹੁੰਦੇ ਨੇ? ਸਾਨੂੰ ਲਿਜਾਣਾ ਕਿਥੇ ਚਾਹੁੰਦੇ ਨੇ? ਕਿਉਂਕਿ ਸਾਡੇ ਐਸੇ ਅਧਿਆਸ ਹੋ ਚੁੱਕੇ ਨੇ ਗਲਤ ਗੱਲਾਂ 'ਚ ਪੈ ਪੈ ਕੇ ਕਿ ਸਾਨੂੰ ਸੱਚ ਦੀ ਸੋਝੀ ਨਹੀਂ ਆਉਂਦੀ। ਇਹ ਤਾਂ ਤੁਸੀਂ ਸਾਰੇ ਹੀ ਜਾਣਦੇ ਹੋ ਕਿ ਸਾਨੂੰ ਮਾਨਸ ਜਨਮ ਮਿਲਿਆ ਹੀ ਇਸ ਕਰਕੇ ਹੈ ਕਿ ਅਸੀਂ ਇਸ ਜਨਮ ਦੇ ਅੰਦਰ ਇਕ ਐਸੀ ਅਵਸਥਾ ਪ੍ਰਾਪਤ ਕਰਨੀ ਹੈ ਜਿੱਥੇ ਨਾ ਬੁਢੇਪਾ ਹੋਵੇ, ਨਾ ਮੌਤ ਹੋਵੇ, ਜਿੱਥੇ ਸਦਾ ਅਨੰਦ ਦੀ ਅਵਸਥਾ ਹੋਵੇ, ਜਿਸ ਥਾਂ ਦੇ ਉਤੇ ਕਦੇ ਵੀ ਦੁੱਖ ਨਾ ਆਵੇ। ਗੁਰੂ ਮਹਾਰਾਜ ਜੀ ਕਹਿੰਦੇ ਉਸ ਦਾ ਤਰੀਕਾ ਤਾਂ ਅਸੀਂ ਤੈਨੂੰ ਦੱਸ ਦਿੰਦੇ ਹਾਂ, ਕਰਨਾ ਤੂੰ ਹੈ। ਉਹ ਇਹ ਹੈ ਕਿ –

***ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥***
***ਪੰਨਾ – 714***

ਜੇ ਤੂੰ ਗੁਰੂ ਦੇ ਪ੍ਰਾਇਣ ਹੋ ਜਾਵੇਂ, ਆਪਣੀ ਅਕਲ ਤੇ ਚਤੁਰਾਈ ਛੱਡ ਦੇਵੇਂ ਤੇ ਗੁਰੂ ਦੇ ਉਤੇ ਆਸਰਿਤ ਹੋ ਜਾਵੇਂ ਜਿਵੇਂ ਬਿੱਲੀ ਦਾ ਬੱਚਾ ਆਪਣੀ ਮਾਂ ਦੇ ਉਤੇ ਆਸਰਿਤ ਹੈ, ਪ੍ਰਾਇਣ ਹੋਇਆ ਹੋਇਆ ਹੈ; ਜਿਥੇ ਜੀਅ ਕਰਦਾ ਹੈ ਲੈ ਜਾਂਦੀ ਹੈ ਉਸ ਦਾ ਵਿਰੋਧ ਨਹੀਂ ਉਹ ਕਰਦਾ। ਕਹਿੰਦੇ ਇਕ ਤਾਂ ਇਹ ਕਰ ਲੈ, ਦੂਜੀ ਇਹ ਹੈ ਕਿ –

***ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥***
***ਪੰਨਾ – 714***

ਜੇ ਤੂੰ ਚਾਹੁੰਦਾ ਹੈਂ ਕਿ ਮੈਨੂੰ ਅਬਿਨਾਸ਼ੀ ਖੇਮ ਪ੍ਰਾਪਤ ਹੋ ਜਾਵੇ, ਪਰਮ ਅਨੰਦ ਪ੍ਰਾਪਤ ਹੋ ਜਾਵੇ ਤਾਂ ਤੂੰ ਵਾਹਿਗੁਰੂ ਨੂੰ ਸਦਾ ਯਾਦ ਰੱਖ। ਤੈਨੂੰ ਪੂਰਨ ਅਨੰਦ ਦੀ ਪ੍ਰਾਪਤੀ ਹੋ ਜਾਏਗੀ ਫੇਰ ਤੇਰੇ ਲਈ ਦੁੱਖ ਦੀ ਪਰਿਭਾਸ਼ਾ ਬਿਲਕੁਲ ਖਤਮ ਹੋ ਜਾਏਗੀ।

ਭਾਈ ਮਤੀਦਾਸ ਜੀ ਨੇ ਜਦੋਂ ਗੁਰੂ ਮਹਾਰਾਜ ਤੇ

ਕਸ਼ਟ ਹੁੰਦੇ ਵੇਖੇ ਤਾਂ ਉਸ ਦੇ ਮਨ ਵਿਚ ਫੁਰਨਾ ਆਇਆ ਕਿ ਉਹ ਦਿੱਲੀ ਤੇ ਲਾਹੌਰ ਨੂੰ ਬਰਬਾਦ ਕਰ ਦੇਵੇ। ਮਹਾਰਾਜ ਜੀ ਨੇ ਹਟਾ ਦਿਤਾ ਕਿ ਭਾਈ ਮਤੀਦਾਸ! ਜਿਵੇਂ ਵਾਹਿਗੁਰੂ ਜੀ ਕਰਦੇ ਨੇ, ਓਵੇਂ ਹੀ ਰਹਿਣਾ ਹੈ, ਕੋਈ ਆਪਣਾ ਫੁਰਨਾ ਨਹੀਂ ਕਰਨਾ। ਕੀ ਫੁਰਨਾ ਹੈ ਤੇਰੇ ਮਨ ਵਿਚ?

ਕਹਿੰਦੇ, "ਮਹਾਰਾਜ! ਇਹ ਨਜਾਇਜ਼ ਕਰ ਰਹੇ ਨੇ, ਆਪ ਦੀ ਬੇਅਦਬੀ ਕਰ ਰਹੇ ਨੇ। ਆਪ ਨੂੰ ਪਿੰਜਰੇ ਵਿਚ ਖੜ੍ਹਾਇਆ ਹੋਇਆ ਹੈ ਜਿਥੋਂ ਨਾ ਆਪ ਹਿਲ ਸਕਦੇ ਹੋ, ਵਲ ਪੈ ਕੇ ਸਰੀਰ ਖੜ੍ਹਾ ਹੈ ਤੇ ਆਲੇ-ਦੁਆਲੇ ਸੂਏ ਲੱਗੇ ਹੋਏ ਨੇ, ਪਿਛਾਂਹ ਹੁੰਦੇ ਹੋ ਤਾਂ ਉਸੇ ਵੇਲੇ ਸੂਆ ਪਿੱਠ ਵਿਚ ਲਗਦਾ ਹੈ, ਅੱਗੇ ਨੂੰ ਹੁੰਦੇ ਹੋ ਤਾਂ ਛਾਤੀ ਵਿਚ ਲਗਦਾ ਹੈ ਤੇ ਮੈਂ ਐਨੀ ਬੇਅਦਬੀ ਨਹੀਂ ਦੇਖ ਸਕਦਾ।"

ਕਹਿੰਦੇ, "ਫੇਰ ਤੇਰੇ ਮਨ ਦੀ ਕੀ ਇੱਛਾ ਹੈ?"

ਕਹਿੰਦੇ, "ਮਹਾਰਾਜ! ਮੇਰੇ ਮਨ ਦੀ ਇੱਛਾ ਇਹ ਹੈ ਕਿ ਮੈਂ ਦਿੱਲੀ ਤੇ ਲਾਹੌਰ ਨੂੰ ਗਰਕ ਕਰ ਦਿਆਂ।"

ਮਹਾਰਾਜ ਜੀ ਕਹਿੰਦੇ, "ਭਾਈ ਮਤੀ ਦਾਸ! ਇਹ ਗੱਲ ਨਹੀਂ ਆਪਾਂ ਕਰਨੀ। ਐਨਾ ਜੋਸ਼ ਤੈਨੂੰ ਕਿਥੋਂ ਪ੍ਰਾਪਤ ਹੋ ਗਿਆ?"

ਕਹਿੰਦੇ, "ਸੱਚੇ ਪਾਤਸ਼ਾਹ! ਰਾਤ ਮੈਂ ਆਪ ਦੇ ਜੂਠੇ ਛਿਲਕੇ ਆਪਣੇ ਮੂੰਹ 'ਚ ਪਾ ਲਏ।"

ਕਹਿੰਦੇ, "ਫੇਰ ਮਤੀਦਾਸ! ਇਹ ਤਾਂ ਗੱਲਾਂ ਅਸੀਂ ਵੀ ਕਰ ਸਕਦੇ ਹਾਂ ਸਾਰੀਆਂ।"

ਗੁਰੂ ਪੰਜਵੇਂ ਪਾਤਸ਼ਾਹ ਜਦੋਂ ਲਾਲ ਸੁਰਖ ਤਵੀ ਤੇ ਆਪਣਾ ਚਰਨ ਰੱਖਣ ਲੱਗੇ, ਉਸ ਵੇਲੇ ਭਾਈ ਪ੍ਰਾਣਾਂ ਨੇ ਦੋਵੇਂ ਬਾਹਾਂ ਖੜ੍ਹੀਆਂ ਕਰ ਲਈਆਂ। ਗੁਰੂ ਮਹਾਰਾਜ ਜੀ ਨੇ ਇਕ ਦਮ ਦੇਖ ਲਿਆ ਕਿਉਂਕਿ ਸਾਮ੍ਹਣੇ ਹੀ ਨਜ਼ਰ ਆ ਰਹੇ ਸੀ।

ਮਹਾਰਾਜ ਜੀ ਕਹਿੰਦੇ, "ਭਾਈ ਪ੍ਰਾਣਾ! ਠਹਿਰੋ! ਕੁਝ ਨਾ ਕਰੋ। ਕੀ ਕਰਨ ਲੱਗੇ ਸੀ?"

ਕਹਿੰਦੇ, "ਪਾਤਸ਼ਾਹ! ਮੈਂ ਨਹੀਂ ਦੇਖ ਸਕਦਾ, ਲਾਲ ਸੁਰਖ ਤਵੀ ਹੈ ਤੇ ਮੈਂ ਦੇਖ ਨਹੀਂ ਸਕਦਾ।"

ਮਹਾਰਾਜ ਜੀ ਕਹਿੰਦੇ, "ਫੇਰ ਕਰਨਾ ਕੀ ਹੈ ਤੁਸੀਂ?"

ਕਹਿੰਦੇ, "ਮੈਂ ਲਾਹੌਰ ਨੂੰ ਗਰਕ ਕਰਨ ਲੱਗਿਆ ਸੀ, ਤਾੜੀ ਮਾਰਨ ਲੱਗਿਆ ਸੀ ਹੁਣੇ।" ਤਾੜੀ ਮਾਰਨ ਤੋਂ ਪਹਿਲਾਂ ਮਹਾਰਾਜ ਜੀ ਨੇ ਹਟਾ ਦਿਤਾ ਸੀ।

ਕਹਿੰਦੇ, "ਨਾ, ਇਹ ਗੱਲ ਨਹੀਂ ਆਪਾਂ ਕਰਨੀ। ਇਹ ਤਾਂ ਵਾਹਿਗੁਰੂ ਜੀ ਦੀ ਰਜ਼ਾ ਹੈ।"

ਮਹਾਰਾਜ ਜੀ ਗੁਰੂ ਨੌਵੇਂ ਪਾਤਸ਼ਾਹ ਕਹਿਣ ਲੱਗੇ, "ਭਾਈ ਮਤੀ ਦਾਸ! ਆਹ ਗੱਲ ਨਹੀਂ ਅਸੀਂ ਕਰਨੀ। ਤੂੰ ਦੇਖ ਅਕਾਲ ਪੁਰਖ ਦੀ ਰਜ਼ਾ ਕੀ ਹੈ। ਆਪਾਂ ਕੋਈ ਸ਼ਰੀਕ ਹਾਂ? ਆਤਮਾ ਦੇ ਤਾਂ ਇਹ ਨੇੜੇ ਨਹੀਂ ਜਾ ਸਕਦੇ ਨਾ ਕੋਈ ਕੱਟ ਸਕਦਾ ਹੈ, ਨਾ ਵੱਢ ਸਕਦਾ ਹੈ, ਨਾ ਉਬਾਲ ਸਕਦਾ ਹੈ, ਨਾ ਉਸ ਨੂੰ ਕੋਈ ਮਾਰ ਸਕਦਾ ਹੈ, ਉਹ ਤਾਂ ਸਦਾ ਅਮਰ ਵਸਤੂ ਹੈ, ਆਪਾਂ ਤਾਂ ਅਮਰ ਹਾਂ। ਇਸ ਸਰੀਰ ਨੇ ਤਾਂ ਇਕ ਦਿਨ ਜਾਣਾ ਹੀ ਜਾਣਾ ਹੈ, ਇਸ ਕਪੜੇ ਨੇ ਤਾਂ ਇਕ ਦਿਨ ਪਾਟਣਾ ਹੀ ਪਾਟਣਾ ਹੈ।"

ਭਾਈ ਮਤੀਦਾਸ ਜੀ ਨੂੰ ਮਹਾਰਾਜ ਜੀ ਨੇ ਹਟਾ ਦਿਤਾ। ਜਲਾਦਾਂ ਨੇ ਉਸ ਨੂੰ ਦੋ ਸ਼ਤੀਰਾਂ ਵਿਚ ਬੰਨ੍ਹ ਲਿਆ, ਜਕੜ ਦਿਤਾ ਗਿਆ ਚੰਗੀ ਤਰ੍ਹਾਂ ਦੇ ਨਾਲ ਲੱਕੜਾਂ ਵਿਚ। ਉਸ ਤੋਂ ਬਾਅਦ ਆਰਾ ਸੀਸ ਤੇ ਜਦੋਂ ਰੱਖਿਆ, ਜਲਾਦ ਰੋਜ਼ ਹੀ ਇਹੋ ਜਿਹੇ ਕੰਮ ਕਰਦੇ ਸੀ। ਅੱਜ ਉਨ੍ਹਾਂ ਨੇ ਦੇਖਿਆ ਕਿ ਇਹ ਤਾਂ ਅਜੀਬ ਬੰਦਾ ਆਇਆ ਹੈ ਤੇ ਜਿਸ ਵਕਤ ਮੈਂ ਆਰਾ ਇਸ ਦੇ ਸੀਸ ਤੇ ਰੱਖਿਆ ਹੈ ਉਸ ਵਕਤ ਇਸ ਦੀਆਂ ਅੱਖਾਂ ਵਿਚ ਚਮਕ ਵਧ ਗਈ ਹੈ ਤੇ ਇਸ ਦੇ ਚਿਹਰੇ ਤੇ ਫਿੱਕਾਪਣ ਨਹੀਂ ਆਇਆ, ਸਗੋਂ ਲਾਲੀ ਆ ਗਈ, ਇਸ ਦਾ ਕਾਰਨ ਪੁੱਛਣਾ ਚਾਹੀਦਾ ਹੈ।

ਹੌਲੀ ਜਿਹੇ ਕਹਿਣ ਲੱਗਿਆ, "ਭਾਈ ਮਤੀਦਾਸ! ਅਸੀਂ ਤੈਨੂੰ ਹੁਣ ਖੋਲ੍ਹਣ ਨਹੀਂ ਲੱਗੇ, ਆਰਾ ਤੇਰੇ ਸੀਸ ਤੇ ਰੱਖ ਦਿਤਾ ਹੈ, ਥੋੜ੍ਹੀ ਦੇਰ ਦੇ ਵਿਚ ਤੇਰੇ ਦੋ ਫਾੜ ਹੋ ਜਾਣੇ ਨੇ ਪਰ ਇਕ ਗੱਲ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਤੇਰੀਆਂ ਅੱਖਾਂ ਵਿਚ ਚਮਕ ਆ ਗਈ ਤੇ ਮੇਰੇ ਵਲ ਤੂੰ ਦੇਖ ਰਿਹਾ ਹੈਂ, ਮੈਨੂੰ ਵੀ ਤੇਰਾ ਪਿਆਰ ਆ ਰਿਹਾ ਹੈ। ਸਾਡੇ ਦਿਲ ਬੜੇ ਸਖਤ ਹੁੰਦੇ ਨੇ ਲੇਕਿਨ ਤੇਰੇ ਵਲ ਦੇਖ ਕੇ ਮੇਰੇ ਅੰਦਰ ਵੀ ਕੁਝ ਹੋਣਾ ਸ਼ੁਰੂ ਹੋ ਗਿਆ ਹੈ ਤੇ ਤੇਰੇ ਨੇਤਰਾਂ ਦੇ ਵਿਚ ਕੋਈ ਦਰਦ ਹੈ, ਕੋਈ ਪਿਆਰ ਦੀ ਚਮਕ ਹੈ ਤੇ ਇਸ ਦੇ ਵਿਚ ਕੋਈ ਖੁਸ਼ੀ ਦਾ ਪ੍ਰਗਟਾਵਾ ਹੈ। ਕੀ ਤੂੰ ਮੈਨੂੰ ਦੱਸ ਸਕਦਾ ਹੈਂ ਕਿ ਇਹ ਕਿਉਂ ਹੈ?"

ਕਹਿਣ ਲੱਗੇ, "ਜਲਾਦ! ਹੁਣ ਸਮਾਂ ਨਹੀਂ ਇਨ੍ਹਾਂ ਗੱਲਾਂ ਦਾ, ਤੂੰ ਆਪਣਾ ਕੰਮ ਕਰ।"

ਕਹਿੰਦਾ, "ਨਹੀਂ, ਭਾਈ ਮਤੀਦਾਸ! ਮੈਨੂੰ ਤੂੰ ਇਹ ਗੱਲ ਸਮਝਾ।"

ਭਾਈ ਮਤੀਦਾਸ ਜੀ ਕਹਿਣ ਲੱਗੇ, "ਜਿਹੜਾ ਗੁਰੂ ਦਾ ਸਿੱਖ ਹੈ ਉਹ ਆਪਣੇ ਸਰੂਪ ਨੂੰ ਜਾਣਦਾ ਹੈ ਕਿ ਮੈਂ ਕੌਣ ਹਾਂ। ਇਹ ਜਾਨਣ ਕਰਕੇ ਗੁਰੂ ਦੇ ਸਿੱਖ ਨੂੰ ਪਤਾ ਹੈ ਕਿ ਮੌਤ ਜਿਹੜੀ ਹੈ ਉਹ ਆਤਮਾ ਨੂੰ ਨਹੀਂ ਆਇਆ ਕਰਦੀ, ਸਰੀਰ ਨੂੰ ਆਇਆ ਕਰਦੀ ਹੈ। ਸੋ ਮੈਂ ਮਰਨਾ ਨਹੀਂ ਹੈ ਮੈਂ ਆਪਣੇ ਨਿੱਜ ਘਰ ਨੂੰ ਜਾਣਾ ਹੈ। ਜਿਸ ਦੇ ਵਾਸਤੇ ਸਾਰੀ ਜ਼ਿੰਦਗੀ ਸਾਧਨ ਕਰਿਆ ਹੈ। ਜੋ ਮੇਰੇ ਗੁਰੂ ਦਾ ਮੰਡਲ ਹੈ, ਮੈਂ ਉਸ ਥਾਂ ਦੇ ਵਿਚ ਪ੍ਰਵੇਸ਼ ਕਰ ਜਾਣਾ ਹੈ ਸੋ ਹੇ ਜਲਾਦ! ਜਦੋਂ ਕੋਈ ਸਾਰੀ ਜ਼ਿੰਦਗੀ ਦੀ ਕਮਾਈ ਕਰਕੇ ਪ੍ਰਦੇਸ ਵਿਚੋਂ ਆਪਣੇ ਘਰ ਨੂੰ ਵਾਪਸ ਆਉਣਾ ਚਾਹੇ ਤਾਂ ਉਸ ਦੇ ਮਨ ਵਿਚ ਖੁਸ਼ੀ ਹੁੰਦੀ ਹੈ ਜਾਂ ਗਮੀ ਹੁੰਦੀ ਹੈ?"

ਕਹਿੰਦਾ, "ਖੁਸ਼ੀ ਹੁੰਦੀ ਹੈ। ਤੈਨੂੰ ਡਰ ਨਹੀਂ ਲਗਦਾ?"

ਕਹਿੰਦੇ, "ਡਰ ਕੀ ਲੱਗਣਾ ਹੈ, ਮੇਰੇ ਗੁਰੂ ਨੇ ਇਕ ਨਸ਼ਾ ਪਿਲਾ ਦਿਤਾ ਸਾਨੂੰ, ਜਿਹੜਾ ਇਕੋ ਵਾਰੀ ਬੁੱਲ੍ਹਾਂ ਨੂੰ ਲੱਗਿਆ, ਮੁੜ ਉਹ ਨਸ਼ਾ ਨਹੀਂ ਸਾਡਾ ਉਤਰਿਆ। ਉਹ ਖੁਮਾਰੀ ਚੜ੍ਹੀ ਹੋਈ ਹੈ ਤੇ ਉਹ ਮੌਤ ਤੋਂ ਉਪਰਲੀ ਖੁਮਾਰੀ ਹੈ ਕਿਉਂਕਿ ਸਾਨੂੰ ਪਰਮ ਅਨੰਦ ਦੀ ਪ੍ਰਾਪਤੀ ਹੋ ਗਈ –

***ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤਿ।***

ਕੁਝ ਸਮਝਿਆ, ਕੁਝ ਨਾ ਸਮਝਿਆ। ਕਹਿਣ ਲੱਗਿਆ ਕਿ ਮੈਨੂੰ ਦੱਸ ਤੇਰੀ ਸੇਵਾ ਕੀ ਕਰਾਂ? ਕੋਈ ਤੇਰੀ ਮੈਂ ਮਦਦ ਕਰ ਸਕਦਾ ਹਾਂ?

ਕਹਿੰਦੇ, "ਇਕ ਕੰਮ ਕਰ ਦੇ, ਮੇਰੀ ਪਿੱਠ ਮੇਰੇ ਸਤਿਗੁਰੂ ਵੱਲ ਹੈ, ਤੂੰ ਮੈਨੂੰ ਘੁਮਾ ਕੇ ਮੇਰੇ ਨੇਤਰ ਓਧਰ ਕਰ ਦੇ ਤਾਂ ਕਿ ਮੈਂ ਉਨ੍ਹਾਂ ਦਾ ਦਰਸ਼ਨ ਹਿਰਦੇ ਵਿਚ ਸਮਾਅ ਕੇ ਆਪਣੇ ਨਾਲ ਲੈ ਜਾਵਾਂ।

ਇਹ ਅਵਸਥਾ ਕੀ ਹੋਈ? ਭਾਈ ਮਨੀ ਸਿੰਘ ਦੇ ਜਿਸ ਵਕਤ ਬੰਦ ਬੰਦ ਕੱਟ ਰਹੇ ਨੇ ਤਾਂ ਜਲਾਦ ਨੇ ਕਲਾਈ ਤੋਂ ਫੜ ਲਿਆ ਤੇ ਉਪਰ ਗੰਡਾਸਾ ਧਰ ਲਿਆ– ਟੋਕਾ। ਭਾਈ ਮਨੀ ਸਿੰਘ ਜੀ ਟੋਕੇ ਵਲ ਵੀ ਦੇਖਦੇ ਨੇ ਤੇ ਜਲਾਦ ਵਲ ਵੀ ਦੇਖਦੇ ਨੇ। ਜਲਾਦ ਨੂੰ ਕੁਝ ਮਹਿਸੂਸ ਹੋਇਆ ਕਿ ਇਨ੍ਹਾਂ ਦੇ ਸਰੀਰ ਵਿਚ ਕੰਬਣੀ ਨਹੀਂ ਆਈ, ਸਰੀਰ ਠੰਢਾ ਨਹੀਂ ਹੋਇਆ ਸਗੋਂ ਇਨ੍ਹਾਂ ਦੇ ਵਿਚ ਤਾਂ ਉਤਸ਼ਾਹ ਹੈ ਤੇ ਕੁਝ ਕਹਿਣਾ ਚਾਹੁੰਦੇ ਨੇ।

ਕਹਿਣ ਲੱਗਿਆ, "ਭਾਈ ਮਨੀ ਸਿੰਘ! ਕੁਝ ਕਹਿਣਾ ਚਾਹੁੰਦਾ ਹੈਂ?"

ਕਹਿੰਦੇ, "ਹਾਂ।"

ਕਹਿੰਦਾ, "ਦੱਸ! ਕੀ ਚਾਹੁੰਦਾ ਹੈਂ ਤੂੰ?"

ਕਹਿਣ ਲੱਗੇ, "ਮੈਂ ਤੈਨੂੰ ਤੇਰੇ ਫਰਜ਼ ਤੋਂ ਜਾਣੂ ਕਰਾਉਣਾ ਚਾਹੁੰਦਾ ਹਾਂ। ਸਜ਼ਾ ਮੈਨੂੰ ਮਿਲੀ ਹੈ ਕਿ ਇਸ ਦਾ ਬੰਦ ਬੰਦ ਕੱਟ ਦਿਓ ਤੇ ਮੇਰਾ ਜਿਹੜਾ ਬੰਦ ਹੈ...., ਚੀਚੀ ਉਂਗਲੀ ਕਰ ਕੇ ਕਹਿਣ ਲੱਗੇ, ਤਿੰਨ ਬੰਦ ਇਸ ਦੇ ਨੇ, ਨਾਲ ਦੀ ਦੇ ਤਿੰਨ ਬੰਦ, ਫੇਰ ਤਿੰਨ, ਫੇਰ ਤਿੰਨ ਅੰਗੂਠੇ ਦੇ, ਇਹ 15 ਬੰਦ ਬਣਦੇ ਨੇ ਉਪਰ ਦੇ, ਸੋਲ੍ਹਵਾਂ ਬਣਦਾ ਹੈ ਕਲਾਈ ਦਾ। ਤੂੰ ਤਾਂ 15 ਬੰਦ ਛੱਡ ਕੇ ਸੋਲ੍ਹਵੇਂ ਤੇ ਆ ਗਿਆ ਹੈਂ।"

ਉਸ ਵੇਲੇ ਫੇਰ ਉਸ ਨੇ ਸਵਾਲ ਕਰਿਆ। ਕਹਿਣ ਲੱਗਿਆ, "ਡਰ ਨਹੀਂ ਲਗਦਾ?"

ਕਹਿੰਦੇ, "ਨਾ! ਅਸੀਂ ਮੌਤ ਨੂੰ ਜਿੱਤ ਲਿਆ, ਮੌਤ ਤੋਂ ਅਸੀਂ ਪਾਰ ਹੋ ਗਏ ਹਾਂ। ਸਰੀਰ ਮਰ ਸਕਦਾ ਹੈ ਲੇਕਿਨ ਗੁਰੂ ਦਾ ਸਿੱਖ ਨਹੀਂ ਮਰ ਸਕਦਾ ਕਿਉਂਕਿ ਗੁਰੂ ਨੇ ਜਣਾਅ ਦਿਤਾ ਕਿ ਤੈਨੂੰ ਮੌਤ ਨਹੀਂ ਆਉਂਦੀ।

ਇਹ ਚੀਜ਼ਾਂ ਨੇ ਕੁਝ ਸਾਡੇ ਸਮਝਣ ਵਾਲੀਆਂ। ਜਦੋਂ ਤਕ ਅਸੀਂ ਸਮਝਦੇ ਨਹੀਂ ਹਾਂ, ਓਨੀਂ ਦੇਰ ਤਕ ਸਾਡਾ ਛੁਟਕਾਰਾ ਨਹੀਂ ਹੋ ਸਕਦਾ, ਪਰਮ ਅਨੰਦ ਨਹੀਂ ਪ੍ਰਾਪਤ ਹੋ ਸਕਦਾ ਜਿਸ ਵਾਸਤੇ ਅਸੀਂ ਸੰਸਾਰ ਵਿਚ ਆਏ ਹਾਂ। ਮਹਾਰਾਜ ਕਹਿੰਦੇ, ਤੂੰ ਸਮਝ ਪਹਿਲਾਂ, ਤੂੰ ਕੌਣ ਹੈਂ।

***ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥***
***ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ॥***
***ਪੰਨਾ – 999***

ਤੈਨੂੰ ਪਤਾ ਹੈ ਕਿ ਤੂੰ ਕਿੰਨੀ ਦੇਰ ਤੋਂ ਚਲਦਾ ਆ ਰਿਹਾ ਹੈਂ? ਕਈਆਂ ਨੂੰ ਪਤਾ ਵੀ ਹੁੰਦਾ ਹੈ। ਇਕ ਮੈਨੂੰ ਮਿਲੇ, ਮੈਂ ਕਿਹਾ ਤੈਨੂੰ ਕਿੰਨਾ ਕੁ ਪਤਾ ਹੈ। ਕਹਿੰਦਾ ਮੈਨੂੰ 100 ਜਨਮ ਦਾ ਪਤਾ ਹੈ। ਕਈਆਂ ਨੂੰ ਚਾਰ ਜਨਮ ਦਾ, ਪੰਜ ਜਨਮ ਦਾ ਪਤਾ ਹੁੰਦਾ ਹੈ, ਕਈਆਂ ਨੂੰ ਇਕ ਦਾ ਪਤਾ ਹੁੰਦਾ ਹੈ, ਕਈਆਂ ਨੂੰ ਬਿਲਕੁਲ ਹੀ ਪਤਾ ਨਹੀਂ ਹੁੰਦਾ ਕਿਉਂਕਿ ਅਸੀਂ ਆਪਣੇ ਆਪ ਨੂੰ ਸਰੀਰ ਸਮਝਦੇ ਹਾਂ। ਅਸੀਂ ਸਰੀਰ ਨਹੀਂ ਹਾਂ, ਅਸੀਂ ਤਾਂ ਇਸ ਦੇ ਵਿਚ ਵਸਣ ਵਾਲੇ ਹਾਂ, ਇਹੋ ਜਿਹੇ ਕਰੋੜਾਂ ਸਰੀਰ ਮਿਲੇ ਨੇ –

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਮਿਲੁ ਜਗਦੀਸ ਮਿਲਨ ਕੀ ਬਰੀਆ॥***
***ਚਿਰੰਕਾਲ ਇਹ ਦੇਹ ਸੰਜਰੀਆ॥*** ***ਪੰਨਾ – 176***

ਤੈਨੂੰ ਬਹੁਤ ਮੁਸ਼ਕਲ ਤੋਂ ਬਾਅਦ ਮਨੁੱਖ ਦੀ ਦੇਹੀ ਮਿਲੀ ਹੈ, ਪਿਆਰਿਆ! ਹੁਣ ਤੂੰ ਉਹ ਕੰਮ ਕਰ ਲੈ ਜਿਸ ਦੇ ਵਾਸਤੇ ਤੈਨੂੰ ਦੇਹੀ ਮਿਲੀ ਹੈ। ਇਹ ਕਿੰਨੀ ਕੀਮਤੀ ਹੈ, ਤੂੰ ਕਦੇ ਵਿਚਾਰ ਕਰਕੇ ਦੇਖ ਤਾਂ ਸਹੀ ਕਿ ਵਾਹਿਗੁਰੂ ਨੇ ਤੈਨੂੰ ਕਿੱਡੀ ਅਮੁੱਲੀ ਚੀਜ਼ ਦੇ ਦਿਤੀ। ਜੇ ਤੂੰ ਪੜ੍ਹਿਆ ਹੋਇਆ ਹੋਵੇਂ ਤਾਂ ਤੈਨੂੰ ਪਤਾ ਲੱਗ ਜਾਵੇ ਕਿ ਵਾਹਿਗੁਰੂ ਨੇ ਮੈਨੂੰ ਕੀ ਬਣਾ ਦਿਤਾ ਕਿਉਂਕਿ ਹੀਰੇ ਦੀ ਕਦਰ, ਲਾਲ ਦੀ ਕਦਰ ਜੌਹਰੀ ਤੋਂ ਬਗੈਰ ਨਹੀਂ ਹੋਇਆ ਕਰਦੀ ਬਾਕੀਆਂ ਨੂੰ ਤਾਂ ਪਤਾ ਹੀ ਨਹੀਂ। ਭਾਈ ਮਰਦਾਨੇ ਨੂੰ ਗੁਰੂ ਨਾਨਕ ਸਾਹਿਬ ਨੇ ਲਾਲ ਦੇ ਕੇ ਸ਼ਹਿਰ ਵਿਚ ਭੇਜ ਦਿਤਾ। ਮਰਦਾਨਾ ਇਹ ਕਹਿੰਦਾ ਸੀ ਕਿ ਪਾਤਸ਼ਾਹ, ਤੁਸੀਂ ਨਾਮ ਦਾ ਹੋਕਾ ਦਿੰਦੇ ਹੋ, ਸੰਸਾਰ ਨਾਮ ਕਿਉਂ ਨਹੀਂ ਜਪਦਾ?

ਮਹਾਰਾਜ ਜੀ ਕਹਿੰਦੇ, "ਮਰਦਾਨਿਆਂ! ਸੰਸਾਰ ਨੂੰ ਪਤਾ ਨਹੀਂ ਲਗਦਾ ਕਿ ਨਾਮ ਕਿੱਡੀ ਕੀਮਤੀ ਚੀਜ਼ ਹੈ।"

ਕਹਿੰਦਾ, "ਮਹਾਰਾਜ! ਤੁਸੀਂ ਤਾਂ ਸਮਝਾਉਂਦੇ ਬਹੁਤ ਹੋ।"

ਕਹਿੰਦੇ, "ਸਮਝਾਉਂਦੇ ਤਾਂ ਹਾਂ ਪਰ ਭਾਗਾਂ ਵਾਲਿਆਂ ਤੋਂ ਬਗੈਰ ਨਹੀਂ ਪਤਾ ਲਗਦਾ।"

ਕਹਿੰਦਾ, "ਮਹਾਰਾਜ! ਤੁਸੀਂ ਤਾਂ ਕਿੰਨੀ ਕਿੰਨੀ ਦੇਰ ਸਮਝਾਉਂਦੇ ਹੋ।"

ਮਹਾਰਾਜ ਜੀ ਕਹਿੰਦੇ, "ਮਰਦਾਨਿਆਂ! ਨਹੀਂ, ਕਦਰਦਾਨ ਨਹੀਂ ਹਨ, ਗ੍ਰਾਹਕ ਨਹੀਂ ਹਨ ਨਾਮ ਦੇ।

ਕਬੀਰ ਸਾਹਿਬ ਕਹਿੰਦੇ ਨੇ –

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥***
***ਪੰਨਾ – 1366***

ਕਿਸੇ ਨੂੰ ਨਾਮ ਦੀ ਕੀਮਤ ਦਾ ਪਤਾ ਹੀ ਨਹੀਂ। ਸਾਨੂੰ ਪਤਾ ਕਿਸ ਚੀਜ਼ ਦਾ ਹੈ? ਜ਼ਮੀਨ ਦੀ ਕੀਮਤ ਦਾ ਪਤਾ ਹੈ, ਮੱਝਾਂ ਗਾਈਆਂ ਦੀ ਕਦਰ ਹੈ ਸਾਡੇ ਮਨ ਦੇ ਅੰਦਰ, ਲੜਕਿਆਂ ਦੀ ਕਦਰ ਹੈ। ਲੜਕੀਆਂ ਹੋ ਜਾਣ, ਲੜਕਾ ਨਾ ਹੋਵੇ, ਤੜਫਣ ਲਗ ਜਾਂਦਾ ਹੈ ਕਿ ਮੇਰੇ ਤਾਂ ਕੁਝ ਹੋਇਆ ਹੀ ਨਹੀਂ, ਲੜਕੀਆਂ ਨੂੰ ਨਹੀਂ ਮੰਨਦਾ। ਲੜਕੀਆਂ ਵੀ ਲੜਕਿਆਂ ਵਰਗੀਆਂ ਨੇ ਲੇਕਿਨ ਉਸ ਦੇ ਮਨ ਦੇ ਅੰਦਰ ਇਕ ਵਿਸ਼ੇਸ਼ ਥਾਂ ਹੈ ਜੋ ਲੜਕੇ ਨੂੰ ਦਿਤੀ ਹੋਈ ਹੈ।

ਸੋ ਮਹਾਰਾਜ ਜੀ ਕਹਿੰਦੇ, "ਮਰਦਾਨਿਆਂ! ਇਸ ਸੰਸਾਰ ਦੇ ਮਨ ਵਿਚ ਨਾਮ ਵਾਸਤੇ ਕੋਈ ਖਿੱਚ ਨਹੀਂ ਹੈ, ਨਾ ਕੋਈ ਕਦਰ ਹੈ ਤੇ ਨਾ ਸੰਸਾਰ ਨਾਮ ਦੇ ਬਾਰੇ ਕੁਝ ਜਾਨਣਾ ਚਾਹੁੰਦਾ ਹੈ। ਅਸੀਂ ਦਸਦੇ ਤਾਂ ਹਾਂ ਪਰ ਭਾਗਾਂ ਵਾਲਾ ਵਿਰਲਾ ਵਿਰਲਾ ਹੈ ਜਿਹੜਾ ਇਹ ਗੱਲ ਸਮਝਦਾ ਹੈ ਕਿਉਂਕਿ ਮਹਾਰਾਜ ਨੇ ਬਾਣੀ ਵਿਚ ਇਹ ਲਿਖਿਆ ਹੈ ਕਿ –

***ਜਿਸੁ ਵਖਰ ਕਉ ਲੈਨਿ ਤੂ ਆਇਆ॥***
***ਰਾਮ ਨਾਮੁ ਸੰਤਨ ਘਰਿ ਪਾਇਆ॥***
***ਤਜਿ ਅਭਿਮਾਨੁ ਲੇਹੁ ਮਨ ਮੋਲਿ॥***
***ਰਾਮ ਨਾਮੁ ਹਿਰਦੇ ਮਹਿ ਤੋਲਿ॥***
***ਲਾਦਿ ਖੇਪ ਸੰਤਹ ਸੰਗਿ ਚਾਲੁ॥***
***ਅਵਰ ਤਿਆਗਿ ਬਿਖਿਆ ਜੰਜਾਲ॥***
***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ॥***
***ਇਹੁ ਵਾਪਾਰੁ ਵਿਰਲਾ ਵਾਪਾਰੈ॥***
***ਨਾਨਕ ਤਾ ਕੈ ਸਦ ਬਲਿਹਾਰੈ॥ ਪੰਨਾ – 283***

ਕੋਈ ਵਿਰਲਾ ਵਿਰਲਾ ਪੁਰਸ਼ ਹੈ ਜਿਹੜੇ ਨਾਮ ਦਾ ਵਪਾਰੀ ਹੈ, ਬਾਕੀ ਤਾਂ ਹੋਰ ਗੱਲਾਂ ਵਿਚ ਸੰਸਾਰ ਡੁੱਬਦਾ ਜਾ ਰਿਹਾ ਹੈ, ਖਤਮ ਕਰ ਰਿਹਾ ਹੈ ਆਪਣੇ ਆਪ ਨੂੰ।

ਮਹਾਰਾਜ ਨੇ ਕਿਹਾ, "ਚੰਗਾ! ਤੈਨੂੰ ਸਮਝਾਵਾਂਗੇ।" ਲਾਲ ਦਿਤਾ ਤੇ ਕਹਿੰਦੇ, "ਲੈ ਮਰਦਾਨਿਆਂ! ਪ੍ਰਸ਼ਾਦ ਪਾਣੀ ਛਕ ਆ ਤੇ ਨਾਲ ਹੀ ਇਸ ਲਾਲ ਦੀ ਕੀਮਤ ਪੁੱਛ ਕੇ ਆਈਂ, ਵੇਚਣਾ ਨਹੀਂ ਹੈ।"

ਮਰਦਾਨਾ ਆਉਂਦਾ ਹੈ। ਆ ਕੇ ਸਬਜ਼ੀ ਫਰੋਸ਼ਾਂ ਦੇ ਕੋਲ ਇਕ ਦੁਕਾਨ ਤੇ ਜਾ ਕੇ ਉਸ ਨੂੰ ਦਿਖਾਉਂਦਾ ਹੈ।

ਉਹ ਕਹਿਣ ਲੱਗਿਆ, "ਭਾਈ ਮਰਦਾਨਾ! ਇਸ ਦੀ ਕੀਮਤ ਪੁੱਛਦਾ ਹੈਂ? ਇਹ ਤਾਂ ਇਕ ਵੱਟੀ ਹੈ, ਅੱਧ ਸੇਰ ਮੂਲੀਆਂ ਲੈ ਜਾ, ਅੱਧ ਸੇਰ ਸਬਜ਼ੀ ਲੈ ਜਾ, ਅੱਧ ਸੇਰ ਫਲ ਲੈ ਜਾ। ਇਸ ਤੋਂ ਵੱਧ ਨਹੀਂ ਇਸ ਦੀ ਕੀਮਤ।"

ਅੱਗੇ ਚਲਿਆ ਜਾਂਦਾ ਹੈ ਹਲਵਾਈ ਕੋਲ। ਉਸ ਨੇ ਅੱਧ ਸੇਰ ਮਠਿਆਈ ਦੀ ਕੀਮਤ ਪਾਈ। ਕਪੜੇ ਵਾਲੇ ਦੇ ਗਿਆ ਉਸ ਨੇ ਦੋ ਗਜ਼ ਕੱਪੜਾ ਮੁੱਲ ਪਾਇਆ। ਇਕ ਜੌਹਰੀ ਕੋਲ ਗਿਆ ਉਸ ਨੇ 10 ਰੁਪਏ ਮੁੱਲ ਪਾਇਆ, ਦੂਸਰੇ ਕੋਲ ਗਿਆ ਤਾਂ ਸੌ ਰੁਪਿਆ। ਸਾਲਸਰਾਏ ਪੂਰਾ ਜੌਹਰੀ ਸੀ – ਪਰਖ ਵਾਲਾ। ਜਦੋਂ ਉਸ ਦੇ ਕੋਲ ਪਹੁੰਚ ਕੇ ਉਸ ਨੂੰ ਦਿਖਾਇਆ ਤਾਂ ਦੇਖਦੀਸਾਰ ਉਸ ਦਾ ਸਾਹ ਅੰਦਰ ਨੂੰ ਜਾਈ ਜਾਂਦਾ ਹੈ, ਛਾਤੀ ਫੁੱਲ ਗਈ ਓਸ ਦੀ, ਬਟਨ ਜਿਹੜੇ ਸੀ ਉਹ ਕੱਸੇ ਗਏ। ਉਸ ਦਾ ਨੌਕਰ ਅਧਰੱਕਾ ਦੇਖ ਰਿਹਾ ਹੈ ਕਿ ਸ਼ਾਹ ਜੀ ਨੂੰ ਕੀ ਹੋ ਗਿਆ ਦੇਖਦੀਸਾਰ।

ਸ਼ਾਹ ਜੀ ਕਹਿੰਦੇ, "ਬੇਟਾ ਅਧਰੱਕਾ! ਸੌ ਰੁਪਈਆ ਤਿਜੌਰੀ ਵਿਚੋਂ ਕੱਢ ਕੇ ਲਿਆ।"

ਮਰਦਾਨਾ ਕਹਿਣ ਲੱਗਿਆ ਕਿ ਮੈਂ ਵੇਚਣਾ ਤਾਂ ਹੈ ਨਹੀਂ ਤੇ ਮੈਂ ਤਾਂ ਕੋਈ ਗੱਲ ਨਹੀਂ ਕਰੀ, ਇਹ ਸੌ ਰੁਪਿਆ ਦਿੰਦਾ ਹੈ। ਉਸ ਨੇ ਤਾੜ ਲਈ ਕਿ ਇਸ ਦੇ ਮਨ ਵਿਚ ਖਿਆਲ ਆ ਗਿਆ ਕਿ ਕਿਤੇ ਇਹ ਮੁੱਲ ਦੇਣ ਲੱਗਿਆ ਹੈ।

ਕਹਿੰਦਾ, "ਬੇਟਾ ਅਧਰੱਕਾ, ਬੜੇ ਕੀਮਤੀ ਲਾਲ ਦੇ ਅੱਜ ਦਰਸ਼ਨ ਹੋ ਗਏ। ਕਿੰਨੀ ਕੁ ਕੀਮਤ ਤੂੰ ਪਾ ਸਕਦਾ ਹੈਂ ਇਸਦੀ?"

ਕਹਿੰਦਾ, "ਸ਼ਾਹ ਜੀ! ਮੈਂ ਇਸ ਦੀ ਹਜ਼ਾਰ ਰੁਪਈਆ ਕੀਮਤ ਪਾਉਂਦਾ ਹਾਂ।" ਹਜ਼ਾਰ ਰੁਪਿਆ ਉਦੋਂ ਦਾ ਹੁਣ ਦਾ ਦੱਸ ਲੱਖ ਸਮਝ ਲਓ। ਮਰਦਾਨਾ ਹੈਰਾਨ ਹੋ ਗਿਆ ਕਿ ਸੌ ਤੋਂ ਇਕ ਦਮ 1000 ਰੁਪਿਆ ਮੁੱਲ ਪੈ ਗਿਆ।

ਫੇਰ ਸ਼ਾਹ ਕਹਿਣ ਲੱਗਿਆ, "ਨਹੀਂ ਭਾਈ! ਇਹ ਕੀਮਤ ਨਹੀਂ ਹੈ। ਜਾਹ, ਪਹਿਲਾਂ ਸੌ ਰੁਪਿਆ ਲਿਆ ਕੱਢ ਕੇ।

ਸੌ ਰੁਪਿਆ ਆ ਗਿਆ, ਲਾਲ ਅੱਗੇ ਰੱਖ ਲਿਆ। ਸੌ ਰੁਪਿਆ ਲਾਲ ਦੇ ਅੱਗੇ ਰੱਖ ਦਿਤਾ।

ਉਹ ਕਹਿੰਦਾ, "ਸ਼ਾਹ ਜੀ! ਇਹ ਕੀ ਕਰਦੇ ਹੋ?"

ਉਹ ਕਹਿੰਦੇ, "ਇਸ ਦੇ ਦਰਸ਼ਨਾਂ ਦੀ ਭੇਟ ਸੌ ਰੁਪਿਆ ਹੈ, ਕੇਵਲ ਦਰਸ਼ਨ ਦੀ।"

ਫੇਰ ਕਹਿਣ ਲੱਗੇ, "ਭਾਈ ਮਰਦਾਨਾ! ਇਹ ਤੇਰਾ ਹੈ ਲਾਲ?"

ਮਰਦਾਨਾ ਕਹਿੰਦਾ, "ਨਹੀਂ, ਇਹ ਗੁਰੂ ਨਾਨਕ ਪਾਤਸ਼ਾਹ ਨੇ ਦਿਤਾ ਹੈ, ਕੀਮਤ ਪੁੱਛਣੀ ਹੈ।"

ਕਹਿੰਦਾ, "ਭਾਈ ਮਰਦਾਨਾ! ਜੇ ਤਾਂ ਕੀਮਤ ਪਾਉਣੀ ਹੈ ਤਾਂ ਤੁਹਾਨੂੰ ਦੋ ਤਿੰਨ ਮਹੀਨੇ ਰਹਿਣਾ ਪਵੇਗਾ ਇਥੇ ਤੇ ਮੈਂ ਸਾਰੇ ਵੱਡੇ-ਵੱਡੇ ਜੌਹਰੀਆਂ ਨੂੰ ਚਿੱਠੀਆਂ ਲਿਖਦਾ ਹਾਂ, ਉਨ੍ਹਾਂ ਦਾ ਇਥੇ ਇਕੱਠ ਹੋਵੇਗਾ। ਇਸ ਦੀ ਕੀਮਤ ਓਨੀ ਹੀ ਹੋਵੇਗੀ ਜਿੰਨਾ ਕਿਸੇ ਕੋਲ ਵੱਧ ਤੋਂ ਵੱਧ ਧਨ ਹੋਏਗਾ ਲੇਕਿਨ ਫੇਰ ਵੀ ਬੇਮੁੱਲਾ ਲਾਲ ਹੈ।"

ਮਰਦਾਨਾ ਵਾਪਸ ਜਾਂਦਾ ਹੈ, ਜਾ ਕੇ ਕਹਿੰਦਾ, "ਸੱਚੇ ਪਾਤਸ਼ਾਹ! ਮੈਂ ਤਾਂ ਹੈਰਾਨ ਹੋ ਗਿਆ ਸੰਸਾਰ ਦੀ ਬੁੱਧੀ ਤੇ।"

ਮਹਾਰਾਜ ਜੀ ਕਹਿੰਦੇ, "ਮਰਦਾਨਿਆਂ! ਜਿਸ ਤਰ੍ਹਾਂ ਲਾਲਾਂ ਦੀ ਕੀਮਤ ਨਹੀਂ ਪੈਂਦੀ ਕਦਰਦਾਨਾਂ ਤੋਂ ਬਗੈਰ। ਇਸੇ ਤਰ੍ਹਾਂ ਮਾਨਸ ਜਨਮ ਦੀ, ਸਰੀਰ ਦੀ ਕੀਮਤ, ਨਾਮ ਦੀ ਕੀਮਤ ਸੰਸਾਰ ਨਹੀਂ ਜਾਣਦਾ ਕਿ ਇਸ ਦੀ ਕੀਮਤ ਕੀ ਹੈ।"

ਜੇ ਇਸ ਦੀ ਬਣਤਰ ਤੇ ਹੀ ਵਿਚਾਰ ਕਰੀਏ ਤਾਂ ਦੋ ਖਰਬ, 15 ਅਰਬ ਸੈਲ, ਜਿਵੇਂ ਇੱਟਾਂ ਦਾ ਮਕਾਨ ਬਣਾਉਂਦੇ ਹੋ, ਇਸ ਤਰ੍ਹਾਂ ਐਨੇ ਸੈਲ ਇਸ ਸਰੀਰ ਵਿਚ ਲੱਗੇ ਹੋਏ ਨੇ – ਸਾਢੇ ਤਿੰਨ ਹੱਥ ਦੇ ਵਿਚ। 72 ਕਰੋੜ, 72 ਲੱਖ, 72 ਹਜ਼ਾਰ, 200 ਬਲੱਡ ਚੈਨਲ ਹੈ ਇਸ ਦੇ ਵਿਚ, ਪੰਜ ਇਸ ਦੇ ਵਿਚ ਵੱਡੀਆਂ ਮੋਟਰਾਂ ਲੱਗੀਆਂ ਹੋਈਆਂ ਨੇ, ਜਿਨ੍ਹਾਂ ਨਾਲ ਇਹ ਸਰੀਰ ਹਰ ਵਕਤ ਚਲਦਾ ਹੈ – ਜਿਨ੍ਹਾਂ ਨੂੰ ਪ੍ਰਾਣ, ਉਪਾਨ, ਉਦਾਨ, ਸਮਾਨ, ਬਿਆਨ ਕਹਿੰਦੇ ਹਨ। ਇਨ੍ਹਾਂ ਦੇ ਉਤੇ ਮਨ ਹੈ ਜਿਹੜਾ ਫੁਰਨੇ ਕਰਕੇ ਇਸ ਨੂੰ ਚਲਾਉਂਦਾ ਹੈ। ਮਨ ਦੇ ਉਤੇ ਬੁੱਧੀ ਹੈ। ਉਸ ਦੇ ਉਤੇ ਚਤੁਸ਼ਟਾ ਅੰਤਸ਼ਕਰਣ ਹੈ। ਕਹਿੰਦੇ ਇਹ ਐਨਾ ਕੀਮਤੀ ਸਰੀਰ ਹੈ ਲੇਕਿਨ ਇਸ ਗਾਫਲ ਨੂੰ ਨਹੀਂ ਪਤਾ, ਇਹ ਸ਼ਰਾਬਾਂ ਪੀ ਪੀ ਕੇ, ਨਿੰਦਿਆ ਕਰ ਕਰ ਕੇ, ਚੁਗਲੀਆਂ ਕਰ ਕਰ ਕੇ, ਮਾੜੇ ਕੰਮ ਕਰ ਕਰ ਕੇ ਇਸਨੂੰ ਬਰਬਾਦ ਕਰ ਦਿੰਦਾ ਹੈ; ਮਿਲਿਆ ਤਾਂ ਇਹ ਸੀ ਪ੍ਰਮੇਸ਼ਰ ਦੇ ਨਾਲ ਮਿਲਾਪ ਕਰਨ ਲਈ। ਮਹਾਰਾਜ ਕਹਿੰਦੇ ਤੂੰ ਮਨੁੱਖ ਦੇ ਸਰੀਰ ਨੂੰ ਸਮਝ ਪਹਿਲਾਂ ਕਿ ਇਹ ਹੈ ਕੀ? ਇਸ ਦੇ ਵਿਚ ਕੀ ਹੈ? ਤੂੰ ਪ੍ਰਮੇਸ਼ਰ ਨੂੰ ਬਾਹਰ ਨਾ ਭਾਲਦਾ ਫਿਰ, ਇਹ This is abode of God. ਇਸ ਸਰੀਰ ਦੇ ਵਿਚ ਵਾਹਿਗੁਰੂ ਆਪ ਰਹਿੰਦਾ ਹੈ –

***ਕਾਇਆ ਨਗਰੁ ਨਗਰ ਗੜ ਅੰਦਰਿ॥***
***ਸਾਚਾ ਵਾਸਾ ਪੁਰਿ ਗਗਨੰਦਰਿ॥ ਪੰਨਾ – 1033***

ਆਹ ਜਿਹੜਾ ਸਰੀਰ ਹੈ, ਚਾਹੇ ਬੀਬੀਆਂ ਦਾ ਹੈ, ਚਾਹੇ ਭਾਈਆਂ ਦਾ ਹੈ ਇਸ ਦੇ ਵਿਚ ਵਾਹਿਗੁਰੂ ਰਹਿੰਦਾ ਹੈ –

***ਅਸਥਿਰੁ ਥਾਨੁ ਸਦਾ ਨਿਰਮਾਇਲੁ ....॥ ਪੰਨਾ – 1033***

ਕਹਿੰਦੇ ਥਾਂ ਇਹੋ ਜਿਹਾ ਵਧੀਆ ਹੈ ਜਿਸ ਦਾ ਨਾਸ਼ ਨਹੀਂ ਕਦੇ ਹੁੰਦਾ ਅਤੇ ਮੈਲਾ ਨਹੀਂ ਹੁੰਦਾ –

***................ ਆਪੇ ਆਪੁ ਉਪਾਇਦਾ॥***
***ਪੰਨਾ – 1033***

ਆਪਣੇ ਆਪ ਹੀ ਇਸ ਨੂੰ ਪੈਦਾ ਕਰਦਾ ਹੈ, ਆਪੇ ਹੀ ਆਪਣਾ ਥਾਂ ਬਣਾਉਂਦਾ ਹੈ। ਮਹਾਰਾਜ ਜੀ ਕਹਿੰਦੇ –

***ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥***
***ਪੰਨਾ – 1427***

ਅਸੀਂ ਤਾਂ ਨਹੀਂ ਮੰਨਦੇ ਕਿ ਵਾਹਿਗੁਰੂ ਵਸਦਾ ਹੈ ਸਾਰਿਆਂ ਵਿਚ, ਅਸੀਂ ਤਾਂ ਫੇਰ ਭੁਲੇਖਿਆਂ ਵਿਚ ਪੈ ਜਾਂਦੇ ਹਾਂ। ਸਾਨੂੰ ਇਸ ਗੱਲ ਦਾ ਪਤਾ ਨਹੀਂ ਲਗਦਾ, ਵਿਸ਼ਵਾਸ਼ ਨਹੀਂ ਆਉਂਦਾ ਬਾਣੀ ਦੇ ਉਤੇ ਕਿ ਵਾਹਿਗੁਰੂ ਮੇਰੇ ਨਾਲ ਰਹਿੰਦਾ ਹੈ। ਜੇ ਤੂੰ ਨਾਮ ਜਪਣਾ ਹੈ, ਸ਼ੌਕ ਤੇਰੇ ਵਿਚ ਪੈਦਾ ਹੋ ਗਿਆ ਤਾਂ ਤੂੰ ਪਹਿਲਾਂ ਵਿਸ਼ਵਾਸ਼ ਵਿਚ ਆ ਕਿ ਵਾਹਿਗੁਰੂ ਜਿਸ ਨੂੰ ਮੈਂ ਮਿਲਣਾ ਹੈ, ਉਹ ਹੈ ਕੀ? ਜਿਸ ਨੂੰ ਮੈਂ ਬੇਨਤੀਆਂ ਕਰਦਾ ਹਾਂ, ਮੈਂ ਕਿੱਥੇ ਜਾ ਕੇ ਬੇਨਤੀਆਂ ਕਰਾਂ ਤੇ ਕਿੱਥੇ ਜਾ ਕੇ ਉਹ ਸੁਣੇਗਾ? ਉਹ ਤਾਂ ਹਰ ਥਾਂ ਦੇ ਉਤੇ ਹਾਜ਼ਰ ਨਾਜ਼ਰ ਹੈ। ਸਾਈਕਲ ਦੇ ਪੈਡਲ ਤੇ ਪੈਰ ਰੱਖ ਲੈ, ਕਾਠੀ ਉਤੋਂ ਦੀ ਦੂਸਰੇ ਪਾਸੇ ਲੰਘਾਉਂਦਿਆਂ-ਲੰਘਾਉਂਦਿਆਂ ਪ੍ਰਮੇਸ਼ਰ ਬੇਨਤੀ ਸੁਣ ਲੈਂਦਾ ਹੈ। ਉਹ ਅੱਖਰ ਨਹੀਂ ਮੰਨਦਾ, ਉਹ ਭਾਵ ਮੰਨਦਾ ਹੈ।

ਭਾਈ ਤਿਲੋਕਾ ਜੀ ਗੁਰੂ ਛੇਵੇਂ ਪਾਤਸ਼ਾਹ ਜੀ ਕੋਲ ਆਏ, ਕਹਿੰਦੇ, ਸੱਚੇ ਪਾਤਸ਼ਾਹ! ਅਸੀਂ ਦੂਰ ਰਹਿੰਦੇ ਹਾਂ। ਮੈਂ ਗਜ਼ਨੀ ਦੇ ਨਵਾਬ ਦਾ ਜਨਰਲ ਹਾਂ – ਉਸ ਦੀ ਨਿਜੀ ਰੱਖਿਆ ਦਾ, ਤੇ ਡਿਊਟੀ ਮੇਰੀ ਬਹੁਤ ਸਖਤ ਹੈ। ਨਵਾਬ ਮੇਰੇ ਉਤੇ ਵਿਸ਼ਵਾਸ਼ ਕਰਦਾ ਹੈ। ਪਾਤਸ਼ਾਹ! ਮੈਨੂੰ ਵੀ ਕੋਈ ਜੁਗਤ ਦੱਸੋ ਜਿਸ ਨਾਲ ਮੇਰਾ ਵੀ ਉਧਾਰ ਹੋ ਸਕੇ।

ਮਹਾਰਾਜ ਜੀ ਕਹਿਣ ਲੱਗੇ, "ਭਾਈ ਤਿਲੋਕਾ! ਗਰੀਬ ਮਾਰ ਨਹੀਂ ਕਰਨੀ, ਗਰੀਬ ਦੇ ਉਤੇ ਹੱਥ ਨਹੀਂ ਚੁੱਕਣਾ, ਮਦਦ ਕਰਨੀ ਹੈ ਗਰੀਬ ਦੀ। ਅੰਮ੍ਰਿਤ ਵੇਲੇ ਉਠਣਾ ਹੈ, ਉਠ ਕੇ ਨਾਮ ਜਪਣਾ ਹੈ ਪ੍ਰਮੇਸ਼ਰ ਦਾ, ਪ੍ਰਮੇਸ਼ਰ ਦੇ ਵਿਸ਼ਵਾਸ਼ ਵਿਚ ਰਹਿਣਾ ਹੈ, ਧਿਆਨ ਵਿਚ ਰਹਿਣਾ ਹੈ।

ਆਪਣਾ ਜੀਵਨ ਉਸੇ ਤਰ੍ਹਾਂ ਸ਼ੁਰੂ ਕਰ ਦਿਤਾ, ਜਿਹੋ ਜਿਹਾ ਗੁਰੂ ਸਾਹਿਬ ਨੇ ਸਾਨੂੰ ਦੱਸਿਆ ਹੈ –

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ ਪੰਨਾ – 305***

ਜੇ ਤੂੰ ਸਿੱਖ ਕਹਾਉਂਦਾ ਹੈਂ ਤਾਂ ਕਹਿੰਦੇ ਫੇਰ ਸੁਣ ਲੈ, ਤੇਰੀ ਰਹਿਤ ਇਹ ਹੈ। ਕਹਿੰਦਾ, ਜੀ ਰਹਿਤ ਤਾਂ ਮੈਨੂੰ ਪੰਜ ਪਿਆਰਿਆਂ ਨੇ ਦੱਸ ਦਿਤੀ। ਪੰਜ ਪਿਆਰਿਆਂ ਦੀ ਰਹਿਤ ਜਿਹੜੀ ਹੈ ਉਹ ਘੱਟ ਤੋਂ ਘੱਟ ਰਹਿਤ ਹੈ, ਛੋਟੀ ਤੋਂ ਛੋਟੀ। ਸਕੂਲ ਦੇ ਵਿਚ ਜਦੋਂ ਬੱਚਾ ਦਾਖਲ ਹੁੰਦਾ ਹੈ ਤਾਂ ਉਥੇ ਵਰਦੀ ਦਿਤੀ ਜਾਂਦੀ ਹੈ। ਪੜ੍ਹਾਈ ਹੋਰ ਚੀਜ਼ ਹੈ, ਵਰਦੀ ਹੋਰ ਚੀਜ਼ ਹੈ। ਉਹ ਤਾਂ ਮਹਾਰਾਜ ਜੀ ਨੇ ਜਿਨ੍ਹਾਂ ਕੋਲ ਵਰਦੀਆਂ ਸੀ, ਭੁੱਲ ਗਏ ਸੀ, ਉਨ੍ਹਾਂ ਨੂੰ ਦੱਸਿਆ ਹੈ। ਹਿੰਦੂ ਦੇ ਕੋਲ ਜਨੇਊ ਦੀ ਵਰਦੀ ਸੀ, ਸਾਡੇ ਕੋਲ ਕਿਰਪਾਨ ਦੀ ਹੈ, ਮੁਸਲਮਾਨਾਂ ਕੋਲ ਹੋਰ ਤਰ੍ਹਾਂ ਦੀ ਹੈ, ਇਸਾਈਆਂ ਕੋਲ ਹੋਰ ਤਰ੍ਹਾਂ ਦੀ ਹੈ ਉਨ੍ਹਾਂ ਕੋਲ cross ਲੱਗਿਆ ਹੁੰਦਾ ਹੈ।

ਮਹਾਰਾਜ ਜੀ ਕਹਿੰਦੇ, "ਪੰਡਤ ਜੀ! ਇਹ ਜਿਹੜਾ ਜਨੇਊ ਪਾਉਣ ਲੱਗਿਆ ਹੈਂ ਇਸ ਦੇ ਨਾਲ ਕੀ ਫਰਕ ਪੈ ਜਾਏਗਾ?"

ਕਹਿੰਦਾ, "ਨਾਨਕ ਜੀ! ਤੁਹਾਡਾ ਦੂਸਰਾ ਜਨਮ ਹੋ ਜਾਏਗਾ। ਜਿਹੜਾ ਪਹਿਲਾ ਜਨਮ ਹੈ ਉਹ ਗਲਤ ਹੋ ਗਿਆ, ਹੁਣ ਜਿਹੜਾ ਤੇਰਾ ਜਨਮ ਹੈ ਉਹ ਨਵਾਂ ਹੋਵੇਗਾ ਤੇ ਤੇਰੇ ਪਿਛਲੇ ਪਾਪ ਖਤਮ ਹੋ ਜਾਣਗੇ।"

ਮਹਾਰਾਜ ਕਹਿੰਦੇ, "ਆਹ ਧਾਗਾ ਖਤਮ ਕਰ

ਦਏਗਾ? ਇਸ ਦੇ ਵਿਚ ਤਾਕਤ ਹੈ? ਪੰਡਤ ਜੀ! ਇਹ ਟੁੱਟ ਜਾਣਾ ਹੈ, ਮੈਲਾ ਹੋ ਜਾਣਾ ਹੈ, ਫੇਰ ਬਦਲਣਾ ਪੈਣਾ ਹੈ। ਇਹ ਗੱਲ ਤੇਰੀ ਮੈਨੂੰ ਸਮਝ 'ਚ ਨਹੀਂ ਆਉਂਦੀ। ਜਦੋਂ ਮੈਂ ਦੁਨੀਆਂ ਤੋਂ ਜਾਣਾ ਹੈ ਤਾਂ ਇਸ ਧਾਗੇ ਨੇ ਨਾਲ ਨਹੀਂ ਮੇਰੇ ਜਾਣਾ। ਇਸ ਦੇ ਵਿਚ ਕੋਈ ਕਮੀ ਹੈ ਜੋ ਤੂੰ ਲੁਕੋ ਰਿਹਾ ਹੈਂ। ਗੱਲ ਕੋਈ ਹੋਰ ਹੈ ਜੋ ਤੂੰ ਸਮਝ ਨਹੀਂ ਸਕਿਆ।

ਕਹਿੰਦਾ, "ਹੇ ਨਾਨਕ! ਤੂੰ ਸਮਝਾ ਦੇ।"

ਛੋਟਾ ਜਿਹਾ ਬੱਚਾ ਬੈਠਾ ਹੈ 12 ਸਾਲਾਂ ਦਾ।

ਮਹਾਰਾਜ ਜੀ ਕਹਿੰਦੇ, "ਦੇਖੋ! ਇਸ ਧਾਗੇ ਦੀ ਲੋੜ ਨਹੀਂ, ਤੂੰ ਦਇਆ ਧਾਰਨ ਕਰ ਲੈ, ਦਇਆ ਦਾ ਧਾਗਾ ਬਣਾ ਲੈ, ਦਇਆ ਦੀ ਕਪਾਹ ਬਣਾ ਲੈ –

***ਦਇਆ ਕਪਾਹ ਸੰਤੋਖੁ ਸੂਤੁ ............॥***

***ਪੰਨਾ – 471***

ਮਨ ਦੇ ਵਿਚ ਸੰਤੋਖ ਲੈ ਆ। ਪਹਿਲਾਂ ਦਇਆ ਲੈ ਆ, ਦਇਆ ਪ੍ਰਮੇਸ਼ਰ ਨੂੰ ਭਾਉਂਦੀ ਹੈ।

ਸਾਡੇ ਅੰਦਰ ਦਇਆ ਹੀ ਨਹੀਂ ਆਈ। ਦਇਆ ਕਹਿੰਦੇ ਕਿਸਨੂੰ ਨੇ? ਜਿਹੜੇ ਬੰਦੇ ਦੇ ਹੱਥ ਪੈਰ ਨਾ ਚੱਲਣ, ਬੇਵਸ ਹੋ ਜਾਵੇ, ਉਸ ਦੇ ਉਤੇ ਦਇਆ ਕਰਨੀ। ਉਸ ਦੀ ਮਦਦ ਕਰਕੇ ਉਸ ਦਾ ਕੰਮ ਕਰ ਦੇਣਾ। ਇਸ ਨੂੰ ਰਹਿਤ ਕਹਿੰਦੇ ਨੇ ਕਿ ਦਇਆ ਕਰੋ ਉਸ ਦੇ ਨਾਲ। ਕਹਿੰਦੇ ਦਇਆ ਤਾਂ ਤੁਹਾਡੇ ਹਿਰਦੇ ਵਿਚ ਪੈਦਾ ਨਹੀਂ ਹੋਈ। ਜਦੋਂ ਦਇਆ ਹੀ ਨਹੀਂ ਆਈ, ਕਈ ਪ੍ਰੇਮੀਆਂ ਦੇ ਕਿੰਨੇ ਹੀ ਖਿਆਲ ਹੁੰਦੇ ਨੇ ਲੇਕਿਨ ਮਹਾਰਾਜ ਜੀ ਕਹਿੰਦੇ –

***ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ................॥***

***ਪੰਨਾ – 1103***

ਜੀਵਾਂ ਨੂੰ ਖਾਣ ਵਾਸਤੇ ਮਾਰ ਕੇ ਤੂੰ ਕਹਿੰਦਾ ਹੈਂ ਕਿ ਮੈਂ ਧਰਮ ਕਰਦਾ ਹਾਂ।

***................. ਅਧਰਮੁ ਕਹਹੁ ਕਤ ਭਾਈ॥***

***ਪੰਨਾ – 1103***

ਫੇਰ ਅਧਰਮ ਦੱਸੋ ਕਿਹੜੀ ਚੀਜ਼ ਹੋਵੇਗੀ। ਖਾਣ ਵਾਸਤੇ ਤੂੰ ਜੀਵ ਮਾਰਦਾ ਹੈਂ। ਤੂੰ ਕਹਿੰਦਾ ਹੈਂ ਕਿ ਮੈਨੂੰ ਇਜਾਜ਼ਤ ਹੈ। ਤੇਰੇ ਕੋਲ ਕਿਹੜੀ ਤਾਕਤ ਹੈ ਜਿਹੜੀ ਤੈਨੂੰ ਪਾਪ ਤੋਂ ਬਚਾ ਲਵੇਗੀ, ਕਰਮ ਕੀਤਾ ਹੋਇਆ ਭੋਗਣਾ ਹੀ ਪੈਂਦਾ ਹੈ–

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥***

***ਪੰਨਾ – 134***

ਇਹ ਤਾਂ ਭੋਗਣਾ ਹੀ ਪੈਣਾ ਹੈ। ਤੂੰ ਆਪਣੇ ਆਪ ਵਿਚ ਸ਼ਕਤੀ ਧਾਰਨ ਕਰਕੇ ਕੇ ਬਹਿ ਗਿਆ ਕਿ ਮੈਨੂੰ ਹੱਕ ਹੈ ਪ੍ਰਮੇਸ਼ਰ ਦੀ ਦੁਨੀਆਂ ਨੂੰ ਮਾਰਨ ਦਾ। ਕਹਿੰਦੇ ਫੇਰ ਉਸ ਨੂੰ ਤੂੰ ਧਰਮ ਕਹਿੰਦਾ ਹੈ, ਤਾਂ ਅਧਰਮ ਕਿਸਨੂੰ ਕਹੇਂਗਾ –

***ਆਪਸ ਕਉ ਮੁਨੀਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥***

***ਪੰਨਾ – 1103***

ਕਹਿੰਦੇ ਤੂੰ ਤਾਂ ਬਣ ਗਿਆ ਹੁਣ ਪੂਰਾ, ਪੰਡਤ ਜੀ ਬਣ ਗਿਆ, ਮੁਨੀ ਜੀ ਬਣ ਗਿਆ, ਕਾਜ਼ੀ ਸਾਹਿਬ ਬਣ ਗਿਆ ਤਾਂ ਕਹਿੰਦੇ ਫੇਰ ਕਸਾਈ ਕਿਸ ਦਾ ਨਾਉਂ ਧਰੇਂਗਾ। ਸੋ ਮਹਾਰਾਜ ਜੀ ਕਹਿੰਦੇ, ਪਹਿਲਾਂ ਦਇਆ ਨੂੰ ਸਮਝ, ਦਇਆ ਕੀ ਚੀਜ਼ ਹੈ। ਇਹ ਦਇਆ ਜੇ ਤੇਰੇ ਹਿਰਦੇ ਵਿਚ ਨਹੀਂ ਆਈ ਤਾਂ ਤੂੰ ਕੁਝ ਵੀ ਨਹੀਂ ਕਰਿਆ ਕਿਉਂਕਿ ਧਰਮ ਨਹੀਂ ਆਉਣਾ ਜਦੋਂ ਤਕ ਦਇਆ ਨਹੀਂ ਆਉਂਦੀ। ਹਰ ਰੋਜ਼ ਪੜ੍ਹਦੇ ਹਾਂ –

***ਧੌਲੁ ਧਰਮੁ ਦਇਆ ਕਾ ਪੂਤੁ॥*** ***ਪੰਨਾ – 2***

ਜੇ ਮਾਂ ਹੀ ਨਹੀਂ ਆਈ ਤਾਂ ਧਰਮ ਕਿਥੋਂ ਆ ਜਾਏਗਾ? ਮਹਾਰਾਜ ਜੀ ਕਹਿੰਦੇ ਜੇ ਧਰਮ ਪੈਦਾ ਕਰਨਾ ਹੈ ਤਾਂ ਦਇਆ ਮਾਂ ਆਉਣੀ ਚਾਹੀਦੀ ਹੈ ਉਸ ਦੀ। ਧਰਮ ਤੇ ਮਜ਼੍ਹਬ ਵਿਚ ਫਰਕ ਹੁੰਦਾ ਹੈ। ਧਰਮ ਹੁੰਦਾ ਹੈ ਨਿਜੀ ਆਚਰਣ (Personal character) ਮਜ਼੍ਹਬ ਹੁੰਦਾ ਹੈ ਸਾਂਝਾ ਆਚਾਰ ਜਿਸ ਦੇ ਮੁਤਾਬਿਕ ਉਸ ਸਮੁਦਾਇ ਨੇ ਚਲਣਾ ਹੈ।

ਸੋ ਮਹਾਰਾਜ ਜੀ ਕਹਿੰਦੇ, ਪਹਿਲਾਂ ਦਇਆ ਦੀ ਕਪਾਹ ਬਣਾ। ਜਿਸ ਦੇ ਕੋਲ ਦਇਆ ਦੀ ਕਪਾਹ ਹੈ ਉਸ ਦੇ ਉਤੇ ਪ੍ਰਮੇਸ਼ਰ ਰੀਝਦਾ ਹੈ। ਇਕ ਮਿਸਾਲ ਆਉਂਦੀ ਹੈ ਕਿ ਇਕ ਬੀਬੀ, ਮੁੱਲ ਵਿਕੀ ਹੋਈ ਜਿਸ ਦਾ ਨਾਂ ਰਾਵੀਆ ਸੀ। ਉਹ ਕਾਫਲੇ ਦੇ ਨਾਲ ਜਾ ਰਹੀ ਹੈ। ਬੰਦਗੀ ਕਰਦੀ ਹੁੰਦੀ ਸੀ, ਗੁਲਾਮ ਸੀ ਉਹ। ਕਾਫਲੇ ਨਾਲ ਜਾਂਦੀ ਜਾਂਦੀ ਮੱਕੇ ਤੋਂ 60 ਕੋਹ ਉਰ੍ਹੇ ਜਿਸ ਵਕਤ ਪੜਾਅ ਕੀਤਾ, ਬਾਕੀ ਸਾਰੇ ਤੁਰ ਗਏ, ਉਥੇ ਇਕ ਕੁੱਤੀ ਖੂਹ ਦੁਆਲੇ ਗੇੜੇ ਕੱਢਦੀ ਫਿਰਦੀ ਹੈ। ਇਸ ਦੇ ਮਨ ਵਿਚ ਆ ਗਿਆ ਕਿ ਇਹ ਪਾਣੀ ਮੰਗਦੀ ਹੈ। ਇਹ ਰੁਕ ਗਈ ਤੇ ਕਾਫਲਾ ਤੁਰ ਗਿਆ। ਕਹਿੰਦੀ ਮੈਂ ਰਲਦੀ ਹਾਂ ਤੁਹਾਨੂੰ, ਤੁਸੀਂ ਚੱਲੋ। ਉਸ ਤੋਂ ਬਾਅਦ ਖੂਹ ਦਾ ਪਾਣੀ ਦੇਖਿਆ ਕੋਲ ਆ ਕੇ ਕਿ ਬਹੁਤ ਦੂਰ ਹੈ। ਕੱਪੜੇ ਪਾੜ ਪਾੜ ਕੇ ਰੱਸੀ ਬਣਾਉਣੀ ਸ਼ੁਰੂ ਕਰ ਦਿਤੀ। ਇਕ ਕਪੜਾ ਰੱਖ ਲਿਆ ਭਿਓਂਣ ਵਾਸਤੇ, ਜਦੋਂ ਖੂਹ ਵਿਚ ਲਟਕਾਇਆ ਤਾਂ ਉਚਾ ਰਹਿ ਗਿਆ। ਉਸ ਨੇ ਸੋਚਿਆ ਕਿ ਹੁਣ ਕੀ ਹੋਵੇ, ਉਸ ਵੇਲੇ ਉਸ ਨੇ ਆਪਣੇ ਸਿਰ ਦੇ ਕੇਸ ਕੱਟ ਲਏ, ਉਨ੍ਹਾਂ ਦੀ ਵੀ ਰੱਸੀ ਵੱਟ ਲਈ ਤੇ ਉਸ ਤੋਂ ਬਾਅਦ ਉਸਨੇ ਰੱਸੀ ਨੂੰ ਖੂਹ ਦੇ ਵਿਚ ਲਟਕਾਇਆ ਤੇ ਉਸ ਦੇ ਨਾਲ ਪਾਣੀ ਲਿਆ ਲਿਆ ਕੇ, ਇਕ ਥਾਂ ਪੁੱਟ ਕੇ ਬਣਾ ਲਿਆ, ਉਸ ਦੇ ਵਿਚ ਪਾਈ ਜਾਂਦੀ ਹੈ, ਉਹ ਪੀਈ ਜਾਂਦੇ ਨੇ। ਪੀਣ ਤੋਂ ਬਾਅਦ ਪ੍ਰਸੰਨ ਹੋ ਗਈ ਕੁੱਤੀ। ਜੇ ਆਦਮੀ 'ਚ ਵਾਹਿਗੁਰੂ ਰਹਿੰਦਾ ਹੈ ਤਾਂ ਜਾਨਵਰਾਂ ਵਿਚ ਵੀ ਰਹਿੰਦਾ ਹੈ, ਸਭ ਥਾਈਂ ਪ੍ਰਮੇਸ਼ਰ ਦਾ ਵਾਸਾ ਹੈ, ਕੋਈ ਇਕ ਥਾਂ ਨਿਸ਼ਚਿਤ ਨਹੀਂ ਕਰ ਸਕਦਾ ਕਿ ਇਥੇ ਵਾਹਿਗੁਰੂ ਨਹੀਂ ਹੈ ਕਿਉਂਕਿ ਉਹ ਤਾਂ ਹਰ ਥਾਂ ਦੇ ਉਤੇ ਹੈ –

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨਾ ਘਾਟ ਹੈ ਨਾ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥***

***ਅਕਾਲ ਉਸਤਤਿ***

ਹਾਜੀ ਚਲੇ ਗਏ, ਅੱਗੇ ਜਾ ਕੇ ਕੀ ਦੇਖਦੇ ਨੇ, ਹੁਣ ਕਾਅਬਾ ਨਹੀਂ ਨਜ਼ਰ ਆਉਂਦਾ। ਉਨ੍ਹਾਂ ਨੇ ਦੁਆ ਕੀਤੀ ਤਾਂ ਆਵਾਜ਼ ਆਈ, ਕਹਿੰਦੇ, ਹਾਜੀਓ! ਕਾਅਬਾ ਦਰਸ਼ਨ ਕਰਨ ਗਿਆ ਹੈ। ਹਾਜ਼ੀ ਕਹਿੰਦੇ, ਕਾਅਬਾ ਵੀ ਕਿਸੇ ਦੇ ਦਰਸ਼ਨ ਕਰਨ ਜਾਂਦਾ ਹੈ? ਕਹਿੰਦੇ ਹਾਂ! ਖੁਦਾ ਨੇ ਹੁਕਮ ਦੇ

ਦਿਤਾ ਕਾਅਬੇ ਨੂੰ ਕਿ ਸਭ ਤੋਂ ਪਹਿਲਾਂ ਜਾ ਕੇ ਰਾਵੀਆ ਨੂੰ ਦਰਸ਼ਨ ਦੇ ਕੇ ਆ, ਰਾਵੀਆ ਦਾ ਤੂੰ ਹੱਜ ਕਰਕੇ ਆ ਕਿਉਂਕਿ ਉਹ ਮੇਰੀ ਦਰਗਾਹ ਦੇ ਵਿਚ ਮਨਜ਼ੂਰ ਹੋ ਗਈ ਹੈ। ਕਿਉਂ ਹੋ ਗਈ? ਇਕ ਦਇਆ ਕੀਤੀ ਸੀ ਓਸ ਨੇ।

ਇਤਿਹਾਸ ਦੀ ਇਕ ਮਸ਼ਹੂਰ ਕਹਾਣੀ ਹੈ ਜੋ ਇਕ ਰਾਜੇ ਨੇ ਆਪਣੀ ਆਪ ਲਿਖੀ ਹੈ। ਉਸ ਦਾ ਨਾਂ ਹੈ ਸੁਬੁਕਤਦੀਨ। ਉਹ ਹਿੰਦੁਸਤਾਨ ਵਿਚ ਪਹਿਲਾਂ ਆਇਆ ਸੀ, ਉਸ ਨੇ ਇਥੇ ਆ ਕੇ ਅਨੰਦਪਾਲ ਨੂੰ ਹਾਰ ਦਿਤੀ ਸੀ। ਉਸ ਨੇ ਹਿਰਨੀ ਦਾ ਬੱਚਾ ਫੜ ਲਿਆ, ਹਿਰਨੀ ਪਿਛੇ ਪਿਛੇ ਆਉਂਦੀ ਹੈ, ਛੇ ਮੀਲ ਨਾਲ ਹੀ ਆ ਗਈ। ਅੰਦਰ ਖਿਆਲ ਆ ਗਿਆ ਕਿ ਜੇ ਮੇਰਾ ਬੱਚਾ ਕੋਈ ਫੜ ਲਏ ਤਾਂ ਮੇਰੀ ਘਰਵਾਲੀ ਵੀ ਬੱਚੇ ਦੇ ਪਿਛੇ ਐਵੇਂ ਜਿਵੇਂ ਨਸੇਗੀ। ਬੱਚਾ ਖੋਲ੍ਹ ਦਿਤਾ। ਬੱਚਾ ਭੱਜ ਕੇ ਜਾ ਕੇ ਮਿਲ ਗਿਆ ਹਿਰਨੀ ਨੂੰ। ਹਿਰਨੀ ਨੇ ਉਸ ਨੂੰ ਸੁੰਘਿਆ, ਚੱਟਿਆ, ਉਪਰ ਨੂੰ ਮੂੰਹ ਕਰ ਲਿਆ। ਰਾਤ ਨੂੰ ਸੁਪਨਾ ਆਇਆ ਉਸ ਨੂੰ, ਕਹਿੰਦੇ ਸੁਬੁਕਤਦੀਨ! ਪ੍ਰਮੇਸ਼ਰ ਦੇ ਦਰ ਤੇ ਤੇਰੀ ਕੀਤੀ ਹੋਈ ਦਇਆ ਥਾਂ ਪੈ ਗਈ ਹੈ ਤੇ ਪ੍ਰਮੇਸ਼ਰ ਵਲੋਂ, ਖੁਦਾ ਵਲੋਂ ਹੁਕਮ ਹੋਇਆ ਹੈ ਕਿ ਇਹ ਤਾਜ ਉਸ ਦੇ ਸਿਰ ਤੇ ਰੱਖ ਦਿਓ। ਜਾਹ! ਤੈਨੂੰ ਹਿੰਦੋਸਤਾਨ ਦਾ ਬਾਦਸ਼ਾਹ ਬਣਾਇਆ। ਉਸ ਨੇ ਆਪਣੀ ਸੁਆਨਿ-ਉਮਰੀ (ਸ੍ਵੈ-ਜੀਵਨੀ) ਵਿਚ ਲਿਖਿਆ ਹੈ।

ਸੋ ਮਹਾਰਾਜ ਜੀ ਕਹਿੰਦੇ ਜਦੋਂ ਤਕ ਦਇਆ ਨਹੀਂ ਆਉਂਦੀ, ਓਨੀਂ ਦੇਰ ਤਕ ਪੰਡਤ ਜੀ! ਧਰਮ ਕਿਥੋਂ ਪੈਦਾ ਹੋ ਜਾਏਗਾ? ਦਇਆ ਅਪਣਾਓ ਪਹਿਲਾਂ। ਤੁਸੀਂ ਕੁਰਬਾਨੀਆਂ ਦਿੰਦੇ ਹੋ, ਦੇਵਤਿਆਂ ਦੇ ਅੱਗੇ ਜਾ ਕੇ ਜੀਵ ਬੱਧ ਕਰਦੇ ਹੋ ਤੇ ਫੇਰ ਦਇਆ ਕਿਥੋਂ ਆ ਜਾਏਗੀ ਤੁਹਾਡੇ ਅੰਦਰ?

***ਦਇਆ ਕਪਾਹ ਸੰਤੋਖੁ ਸੂਤੁ ..................॥***

***ਪੰਨਾ – 471***

ਫੇਰ ਸੰਤੋਖ ਦਾ ਸੂਤ ਬਣਾ –

***ਯਥਾ ਲਾਭ ਸੰਤੁਸ਼ਟੈ॥***

ਜੀਅ ਭਰ ਕੇ ਮਿਹਨਤ ਕਰ, ਮਿਹਨਤ ਕਰਨ ਤੋਂ ਬਾਅਦ ਜਿਹੜਾ ਤੈਨੂੰ ਪ੍ਰਾਪਤ ਹੋ ਗਿਆ, ਸੰਤੁਸ਼ਟ ਰਹਿ ਉਸ ਦੇ ਉਤੇ। ਅੱਖਾਂ ਦਾ ਸੰਤੋਖ ਕਰ –

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥*** ***ਪੰਨਾ – 274***

ਕੰਨਾਂ ਦਾ ਸੰਤੋਖ ਧਾਰਨ ਕਰ –

***ਕਰਨ ਨ ਸੁਨੈ ਕਾਹੂ ਕੀ ਨਿੰਦਾ॥*** ***ਪੰਨਾ – 274***

ਹੱਥਾਂ ਦਾ ਸੰਤੋਖ ਕਰ, ਮਾੜੇ ਕਰਮ ਨਾ ਕਰਨ ਹੱਥ। ਪੈਰਾਂ ਦਾ ਸੰਤੋਖ ਕਰ – ਮਾੜੇ ਕੰਮਾਂ ਲਈ ਪੈਰ ਤੁਰ ਕੇ ਨਾ ਜਾਣ। ਜ਼ੁਬਾਨ ਦਾ ਸੰਤੋਖ ਕਰ, ਜ਼ੁਬਾਨ ਕਦੇ ਭੁੱਲ ਕੇ ਵੀ ਫਿੱਕਾ ਨਾ ਬੋਲੇ, ਕੌੜਾ ਨਾ ਬੋਲੇ। ਕਹਿੰਦੇ ਇਹ ਬੰਨ੍ਹ ਪਾ ਪਹਿਲਾਂ, ਇਸ ਦਾ ਸੂਤ ਬਣਾ ਤੇ ਫੇਰ 'ਜਤ' ਦਾ ਜੀਵਨ ਧਾਰਨ ਕਰ। ਜੋ ਬਚਨ ਹੋ ਗਿਆ, ਬਚਨ ਦੇ ਉਤੇ ਪਹਿਰਾ ਦੇਹ, ਇਹ ਨਹੀਂ ਕਿ ਇਥੇ ਕੁਝ ਕਹਿ ਦਿਤਾ, ਉਥੇ ਕੁਝ ਕਹਿ ਦਿਤਾ। ਆਪਣੇ 'ਜਤ' ਦੇ ਉਤੇ ਪਹਿਰਾ ਦੇਹ ਤੇ 'ਸਤ' ਦਾ ਜੀਵਨ ਧਾਰਨ ਕਰ।

ਪ੍ਰਗਟ ਹੋ ਜਾਂਦਾ ਹੈ। ਜਦੋਂ ਆਪਣਾ ਆਪਾ ਪ੍ਰਗਟ ਹੋਇਆ ਤੇ ਉਸ ਦੇ ਵਿਚੀਂ ਝਾਕਦੇ ਹਾਂ ਤਾਂ ਸਾਨੂੰ ਹੈਰਾਨੀ ਹੋ ਜਾਂਦੀ ਹੈ ਕਿ –

***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥***

***ਪੰਨਾ – 954***

ਅੰਦਰੋਂ ਹੀ ਇਹ ਦਰਸ਼ਨ ਹੁੰਦੇ ਨੇ –

***ਭੀਤਰਿ ਕੋਟ ਗੁਫਾ ਘਰ ਜਾਈ॥***
***ਨਉ ਘਰ ਥਾਪੇ ਹੁਕਮਿ ਰਜਾਈ॥***
***ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥***

***ਪੰਨਾ – 1033***

ਹੁਣ ਪਹੁੰਚਾਵੇ ਕੌਣ ਇਥੇ? ਮਹਾਰਾਜ ਜੀ ਕਹਿੰਦੇ ਗੁਰੂ ਤੋਂ ਬਗੈਰ ਨਹੀਂ ਪਹੁੰਚਾ ਸਕਦਾ ਕੋਈ –

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥***

***ਪੰਨਾ – 205***

(ਪੰਨਾ 36 ਦੀ ਬਾਕੀ)

ਤੇ ਰੱਖ ਦਿਤੀ। ਮੈਂ ਬਥੇਰਾ ਜਵਾਬ ਦਿਤਾ, ਕਹਿਣ ਲੱਗੇ, ਇਹ ਤਾਂ ਦੇ ਕੇ ਹੀ ਜਾਣੀ ਹੈ। ਮੈਂ ਅੰਗੀਕਾਰ ਕਰ ਲਈ। ਉਹ ਮਿਲਾਪ ਹੁਣ ਵੀ ਉਸੇ ਤਰ੍ਹਾਂ ਅੱਖਾਂ ਸਾਮ੍ਹਣੇ ਆ ਜਾਂਦਾ ਹੈ। ਜਿਹੜਾ ਬਚਨ ਆਪ ਜੀ ਨੇ ਕਿਹਾ ਕਿ ਅਕਾਰ ਦ੍ਰਿਸ਼ ਤਾਂ ਹੈ ਹੀ ਨਹੀਂ, ਉਹ ਮੇਰੇ ਅੰਦਰ ਘੁੰਮਦਾ ਹੀ ਰਿਹਾ। ਮੈਂ ਮਹਿਸੂਸ ਕੀਤਾ ਕਿ ਮੈਂ ਮਹਾਂਪੁਰਸ਼ਾਂ ਦੇ ਬਚਨ ਨੂੰ ਪਾਉਣ ਦੇ ਅਜੇ ਯੋਗ ਨਹੀਂ। ਜੇ ਮੈਂ ਦੁਬਾਰਾ ਪੁੱਛ ਵੀ ਲਿਆ ਤਾਂ ਹੋ ਸਕਦੈ ਮੈਂ ਫੇਰ ਵੀ ਉਸ ਨੂੰ ਧਾਰਨ ਨਾ ਕਰ ਸਕਾਂ। ਰੂਹਾਨੀਅਤ ਵਿਚ ਬਚਨ ਅਧਿਕਾਰ ਦੇ ਮੁਤਾਬਿਕ ਦਿਮਾਗ ਵਿਚ ਬੈਠਦਾ ਹੈ, ਵਰਨਾ ਨਹੀਂ। ਤਕਰੀਬਨ ਛੇ ਮਹੀਨੇ ਮੈਂ ਕੋਸ਼ਿਸ਼ ਕਰਦਾ ਰਿਹਾ ਤਾਂ ਜਾ ਕੇ ਕੁਝ ਝਲਕੇ ਜਿਹੇ ਪੈਣ ਲੱਗੇ ਕਿ ਠੀਕ ਹੀ ਮਹਾਂਪੁਰਸ਼ਾਂ ਨੇ ਕਿਹਾ ਸੀ ਕਿ ਦੇਹ ਤਾਂ ਹੈ ਹੀ ਨਹੀਂ। ਮੈਂ ਫੋਨ ਤੇ ਆਪਣੀ ਗੱਲ ਕਹੀ। ਕਹਿਣ ਲੱਗੇ, 'ਹਾਂ ਜਿਵੇਂ ਦੂਆ, ਤੀਆ, ਚੌਕਾ ਹੈ ਹੀ ਨਹੀਂ ਹਨ। ਇਸੇ ਤਰ੍ਹਾਂ ਮਨ, ਸਰੀਰ, ਸੰਸਾਰ ਹੈ ਹੀ ਨਹੀਂ ਹਨ। ਸੋ ਜਦੋਂ ਵੀ ਜੀਅ ਕਰਨਾ ਫੋਨ ਤੇ ਅੱਧਾ ਅੱਧਾ ਘੰਟਾ ਬਚਨ ਕਰਦੇ ਰਹਿਣਾ। ਅਕੇਵਾਂ ਥਕੇਵਾਂ ਉਨ੍ਹਾਂ ਦੇ ਨੇੜੇ ਤੇੜੇ ਹੀ ਨਹੀਂ ਸੀ। ਐਸੀਆਂ ਪਵਿੱਤਰ ਯਾਦਾਂ ਰੂਹਾਨੀ ਜੀਵਨ ਦੀ ਖੁਰਾਕ ਹੋਇਆ ਕਰਦੀਆਂ ਹਨ ਜੋ ਸਦਾ ਜੀਵਨ ਨੂੰ ਪਵਿੱਤਰ ਔਰ ਸ਼ੁਧ ਕਰਦੀਆਂ ਹਨ।

***'ਚਲਦਾ'***

# ਮਹਾਂਪੁਰਸ਼ਾਂ ਦੇ ਪਿੰਡ ਧਮੋਟ ਵਿਖੇ ਸਾਲਾਨਾ ਸਮਾਗਮ

ਮਹਾਂਪੁਰਸ਼ਾਂ ਦੀ ਜਨਮਭੂਮੀ ਧਮੋਟ (ਲੁਧਿਆਣਾ) ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਿਤੀ 21 ਜਨਵਰੀ ਤੋਂ 25 ਜਨਵਰੀ 2003 ਤੱਕ ਪੰਜ ਦਿਨ ਦੇ ਭਾਰੀ ਦੀਵਾਨ ਸੱਜੇ। ਮਹਾਂਪੁਰਸ਼ਾਂ ਦੇ ਪਿਆਰ ਵਿਚ ਬਝੀਆਂ ਨਗਰ ਅਤੇ ਇਲਾਕੇ ਦੀਆਂ ਸੰਗਤਾਂ ਨੇ ਮਿਲਕੇ ਇਨ੍ਹਾਂ ਦੀਵਾਨਾਂ ਵਿਚ ਵੱਧ ਚੜ੍ਹ ਕੇ ਹਿਸਾ ਲਿਆ ਅਤੇ ਸੇਵਾ ਕੀਤੀ। ਮਹਾਂਪੁਰਸ਼ਾਂ ਨੇ ਵੀ ਇਲਾਕੇ ਦੀ ਬਿਹਤਰੀ ਲਈ ਬੜੇ ਪਰਉਪਕਾਰੀ ਕਦਮ ਚੁੱਕੇ। ਆਪ ਜੀ ਨੇ ਆਪਣੇ ਪਾਸੋਂ ਜ਼ਮੀਨ ਦੇਕੇ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਦੀ ਬਿਲਡਿੰਗ ਦੀ ਉਸਾਰੀ ਕਰਵਾਈ। ਇਹ ਸਕੂਲ ਬੜੀ ਚੜ੍ਹਦੀ ਕਲਾ ਵਿਚ ਚਲ ਰਿਹਾ ਹੈ। ਏਸੇ ਤਰ੍ਹਾਂ ਲੱਖਾਂ ਰੁਪਯਾ ਲਾ ਕੇ ਹਸਪਤਾਲ ਦੇ ਕਮਰੇ ਬਣਵਾਏ ਤੇ ਦਵਾਈਆਂ ਦੀ ਸੇਵਾ ਨਿਰੰਤਰ ਕੀਤੀ ਜਾ ਰਹੀ ਹੈ। ਐਸੀਆਂ ਅਨੇਕ ਸੇਵਾਵਾਂ ਕਾਰਨ ਆਪ ਜੀ ਦੀ ਇਲਾਕੇ ਵਿਚ ਬਹੁਤ ਪ੍ਰਸਿਧੀ ਹੈ ਅਤੇ ਦੂਰ ਦੂਰ ਤੋਂ ਸੰਗਤਾਂ ਆਪ ਜੀ ਦੇ ਪਿਆਰ ਕਾਰਨ ਦੀਵਾਨਾਂ ਵਿਚ ਸ਼ਾਮਲ ਹੋਈਆਂ। ਇਸ ਤੋਂ ਬਿਨਾਂ ਭਾਰਤ ਦੇ ਕੋਨੇ ਕੋਨੇ ਤੋਂ ਕਈ ਪ੍ਰਦੇਸਾਂ ਤੋਂ ਸੰਗਤਾਂ ਦੀਵਾਨ ਵਿਚ ਪੁਜੀਆਂ। ਇਸ ਤਰ੍ਹਾਂ ਇਸ ਸਾਲ ਸੰਗਤਾਂ ਦੀ ਗਿਣਤੀ ਪਿਛਲੇ ਸਾਲਾਂ ਨਾਲੋਂ ਵੀ ਕਿਤੇ ਵੱਧ ਸੀ। ਪਿੰਡ ਦੇ ਮੁਖੀਆਂ, ਭਾਈ ਜਗਦੇਵ ਸਿੰਘ ਜੀ, ਜਥੇਦਾਰ ਬਾਬਾ ਜੋਗਿੰਦਰ ਸਿੰਘ ਜੀ, ਬੀਬੀ ਸੋਨੀਆ ਜੀ, ਬੀਬੀ ਰਣਜੀਤ ਕੌਰ ਜੀ ਅਤੇ ਇਲਾਕੇ ਦੇ ਪੰਚ ਸਰਪੰਚ ਸਭ ਨੇ ਉਦਮ ਅਤੇ ਮਿਹਨਤ ਕਰਕੇ ਇਸ ਸਮਾਗਮ ਨੂੰ ਕਾਮਯਾਬ ਬਣਾਇਆ।

ਮਿਸ਼ਨ ਦੇ ਮੁੱਖੀ ਭਾਈ ਸਾਹਿਬ ਭਾਈ ਲਖਬੀਰ ਸਿੰਘ ਜੀ ਨੇ ਪੰਜੇ ਦਿਨ ਮਹਾਂਪੁਰਸ਼ਾਂ ਦੇ ਪਿਆਰ ਵਿਚ ਭਿੱਜ ਕੇ ਮਨੋਹਰ ਕੀਰਤਨ ਅਤੇ ਵਖਿਆਨਾਂ ਰਾਹੀਂ ਸੰਗਤਾਂ ਦੀ ਸੇਵਾ ਕੀਤੀ। ਸੰਗਤਾਂ ਵੀ ਆਪ ਜੀ ਦੀ ਰਸ-ਭਿੰਨਣੀ ਮਿੱਠੀ ਆਵਾਜ਼ ਵਿਚ ਧੁਰ ਕੀ ਬਾਣੀ ਦਾ ਸ਼ਬਦ ਕੀਰਤਨ ਅਤੇ ਮਹਾਂਪੁਰਸ਼ਾਂ ਦੀਆਂ ਪਿਆਰ ਕਥਾਵਾਂ ਸੁਣਕੇ ਮੁੱਗਧ ਹੋਈਆਂ। ਭਾਈ ਸਾਹਿਬ ਤੋਂ ਬਿਨਾਂ ਰਤਵਾੜਾ ਸਾਹਿਬ ਤੋਂ ਭਾਈ ਸਾਹਿਬ ਭਾਈ ਹਰਪਾਲ ਸਿੰਘ ਜੀ ਅਤੇ ਹੋਰ ਜਥਿਆਂ ਨੇ ਵੀ ਹਾਜ਼ਰੀ ਭਰੀ। ਸੰਤ ਬਾਬਾ ਸਾਧੂ ਸਿੰਘ ਜੀ ਸੰਗਰੂਰ ਵਾਲੇ, ਸੰਤ ਬਾਬਾ ਕਲਿਆਣ ਦਾਸ ਸਿੰਘ ਜੀ ਅਨੰਦਪੁਰ ਸਾਹਿਬ ਵਾਲੇ, ਸੰਤ ਬਾਬਾ ਹਰਨੇਕ ਸਿੰਘ ਜੀ ਰਾੜਾ ਸਾਹਿਬ, ਸੰਤ ਨਿਰੰਜਨ ਸਿੰਘ ਉੱਚੀ ਮੰਗਲੀ ਵਾਲਿਆਂ ਨੇ ਸੰਗਤਾਂ ਦੇ ਦਰਸ਼ਨ ਕੀਤੇ ਅਤੇ ਕੀਰਤਨ ਵਿਖਿਆਨਾਂ ਰਾਹੀਂ ਗੁਰੂ ਦੀ ਹਾਜ਼ਰੀ ਭਰੀ। ਮਿਸ਼ਨ ਦੇ ਸੇਵਕ ਪ੍ਰੋ. ਗੁਰਦੇਵ ਸਿੰਘ, ਇੰਜ. ਜਸਵੰਤ ਸਿੰਘ, ਸ. ਫਕੀਰ ਸਿੰਘ, ਡਾ. ਡੀ.ਕੇ. ਪਾਂਡੇ ਅਤੇ ਆਤਮ ਮਾਰਗ ਦੇ ਮੁੱਖ ਸੰਪਾਦਕ ਡਾ. ਜਗਜੀਤ ਸਿੰਘ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ। ਆਖਰੀ ਦਿਨ ਸਤਿਕਾਰਯੋਗ ਬੀਜੀ ਵੀ ਖੇਚਲਾਂ ਕਰਕੇ ਦੀਵਾਨ ਵਿਚ ਪੁੱਜੇ। ਇਲਾਕੇ ਦੀਆਂ ਸੰਗਤਾਂ ਨੇ ਮਹਾਂਪੁਰਸ਼ਾਂ ਦੀ ਤਰ੍ਹਾਂ ਹੀ ਆਪਜੀ ਦਾ ਬਹੁਤ ਸਤਿਕਾਰ ਕੀਤਾ। ਕਾਰ ਨੂੰ ਫੁੱਲਾਂ ਨਾਲ ਸਜਾਇਆ ਗਿਆ ਅਤੇ ਸੰਗਤਾਂ ਦੀ ਵੱਡੀ ਗਿਣਤੀ ਆਪ ਜੀ ਨੂੰ ਪੂਰੇ ਸਤਿਕਾਰ ਨਾਲ ਦੀਵਾਨ ਅਸਥਾਨ ਤੇ ਲਿਆਈ। ਸੰਗਤਾਂ ਨੇ ਬੀਜੀ ਦੇ ਰੱਜ ਰੱਜ ਦਰਸ਼ਨ ਕੀਤੇ ਅਤੇ ਮਹਾਂਪੁਰਸ਼ਾਂ ਦੇ ਪ੍ਰਤੱਖ ਦਰਸ਼ਨਾਂ ਦੀ ਸਿਕ ਵੀ ਬੀਜੀ ਦੇ ਦਰਸ਼ਨਾਂ ਰਾਹੀਂ ਤ੍ਰਿਪਤ ਕੀਤੀ। ਬੀਜੀ ਨੇ ਗੁਰੂ ਮਹਾਰਾਜ ਨੂੰ ਮਸਤਕ ਝੁੱਕਾ ਕੇ ਆਪਣਾ ਸਤਿਕਾਰ ਭੇਂਟ ਕੀਤਾ ਅਤੇ ਸੰਗਤਾਂ ਨਾਲ ਫਤਹਿ ਦੀ ਸਾਂਝ ਪਾਈ ਅਤੇ ਕਿਹਾ ਕਿ ਮਹਾਂਪੁਰਸ਼ਾਂ ਦੇ ਪਿਆਰ-ਵੈਰਾਗ ਕਾਰਨ ਉਹ ਕੁਝ ਬੋਲਣ ਤੋਂ ਅਸਮਰਥ ਹਨ। ਸੰਗਤਾਂ ਦੇ ਠਾਠਾਂ ਮਾਰਦੇ ਅਥਾਹ ਸਮੁੰਦਰ ਦੇ ਦਰਸ਼ਨ ਕਰਕੇ ਆਪ ਜੀ ਦਾ ਮਨ ਭਰ ਗਿਆ। ਆਪ ਜੀ ਛੇਤੀ ਹੀ ਵਾਪਸ ਚਲੇ ਗਏ ਪਰ ਛਿੰਨ ਭਰ ਦੇ ਦਰਸ਼ਨ ਦੀਦਾਰਾਂ ਨੇ ਹੀ ਸੰਗਤਾਂ ਨੂੰ ਬਹੁਤ ਤਸੱਲੀ ਬਖਸ਼ੀ।

ਦੀਵਾਨ ਦੌਰਾਨ ਭਾਈ ਹਰਨੇਕ ਸਿੰਘ ਜੀ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਆਤਮ ਮਾਰਗ ਦੇ ਸਟਾਲ ਲਗਾਏ ਜਿਸ ਰਾਹੀਂ ਆਤਮ ਮਾਰਗ, ਮਹਾਂਪੁਰਸ਼ਾਂ ਦੀਆਂ ਪੁੱਸਤਕਾਂ ਅਤੇ ਆਡੀਓ, ਵੀਡੀਓ ਕੈਸਟਾਂ ਸੰਗਤਾਂ ਨੇ ਵੱਡੀ ਗਿਣਤੀ ਵਿਚ ਪ੍ਰਾਪਤ ਕੀਤੀਆਂ। 200 ਤੋਂ ਵੱਧ ਆਤਮ ਮਾਰਗ ਦੇ ਨਵੇਂ ਮੈਂਬਰ ਬਣੇ। ਜੋੜੇ ਵਾਲਿਆਂ ਅਤੇ ਲੰਗਰ ਵਾਲਿਆਂ ਨੇ ਅਣਥੱਕ ਸੇਵਾ ਕੀਤੀ। ਆਖਰੀ ਦਿਨ ਅੰਮ੍ਰਿਤ ਸੰਚਾਰ ਹੋਇਆ ਅਤੇ ਵੱਡੀ ਗਿਣਤੀ ਵਿਚ ਗੁਰੂ ਪਿਆਰ ਵਾਲਿਆਂ ਨੇ ਖੰਡੇ-ਬਾਟੇ ਦਾ ਅੰਮ੍ਰਿਤ ਪਾਨ ਕੀਤਾ। ਧਮੋਟ ਦੇ ਸਮਾਗਮ ਵੀ ਬੜੇ ਚੜ੍ਹਦੀ ਕਲਾ ਵਾਲੇ ਸਫਲ ਮਹਾਨ ਸਮਾਗਮ ਮੰਨੇ ਗਏ ਹਨ ਅਤੇ ਗੁਰੂ ਮਹਾਰਾਜ ਜੀ ਦੀ ਕ੍ਰਿਪਾ ਸਦਕਾ ਨਿਰੰਤਰ ਚਲਦੇ ਰਹਿਣਗੇ।

---

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 2, 9, 16, 23, 30 ਮਾਰਚ

**ਸੰਗਰਾਂਦ** – 14 ਮਾਰਚ , ਦਿਨ ਸ਼ੁਕਰਵਾਰ।

**ਪੂਰਨਮਾਸ਼ੀ** – 18 ਮਾਰਚ, ਦਿਨ ਮੰਗਲਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।